
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

# ਆਤਮ ਮਾਰਗ

*Monthly Issue "Atam Marg"*

**August 2007**



ਸੱਚਖੰਡਵਾਸੀ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

ਸਾਲ ਤੇਰ੍ਹਵਾਂ, ਅੰਕ ਪੰਜਵਾਂ, ਮਹੀਨਾ ਅਗਸਤ 2007

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ

ਫਾਉਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ

ਕਾਨੂੰਨੀ ਸਲਾਹਕਾਰ : ਕਰਨਲ ਦਵਿੰਦਰ ਸਿੰਘ MALLB, PGDTM

## FOREIGN (ਵਿਦੇਸ਼) CONTACT NO.

**U.S.A. - Baba Satnam Singh ji Atwal**
Phone and Fax : 408-263-1844
**Bhai Kuldeep Singh Sher Gill**
Phone : 408-230-8319
**Canada - Bhai Sarmukh Singh Pannu**
Phone - 604-433-0408
**Bibi Sukhvinder Kaur Bains**
Phone : 403-270-3387
**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058
**Australia - Bhai Jiwan Singh ji**
Phone : 03-943-65865, Fax : 03-943-65867

## SUBSCRIPTION FOREIGN (ਵਿਦੇਸ਼)

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

## Postal Address for 'ATAM MARG' Enquiry, Money Order, Cheque, Draft & correspondence

V.G.R.M Charitable Trust 'Atam Marg'
Gurdwara Ishar Parkash, Ratwara Sahib
(Near Chandigarh) P.O. Mullanpur
Garibdas, Teh. Kharar,
Distt. S.A.S. Nagar (Mohali) 140901 Pb. India.

**Office 'Atam Marg' Ph. No. - 0160-2255002, 2255009**
**Gurudwara Ishar Parkash Ratwara Sahib - 98551-32009**
Mobile - 9417214391,79
**For more information please visit us on internet at:-**
**,Email : atammarg1@yahoo.co.in**
Website :www.ratwarasahib.org
www.atammarguk.com

*ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।*

**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਤੋਂ ਪ੍ਰਕਾਸ਼ਿਤ ਕੀਤਾ।**

## ਤੱਤਕਰਾ

| | |
|---|---|
| 1. ਬਾਰਾਮਾਹਾ | 2 |
| 2. ਸੰਪਾਦਕੀ | 3 |
| 3. ਚਉਥੈ ਪਹਿਰ ਸਬਾਹ ਕੈ | 5 |
| 4. ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ | 9 |
| 5. ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ | 24 |
| 6. ਸੰਤ ਬਿਮਲਾ ਸਿੰਘ ਜੀ | 42 |
| 7. ਮਨੋਭਾਵਾਂ ਦੀ ਰਚਨਾਤਮਕ ਵਰਤੋਂ | 51 |
| 8. ਸਮੁੱਚੀ ਅਰੋਗਤਾ ਲਈ ਪਥ-ਪਰਦਰਸ਼ਕ | 55 |
| 9. 'ਆਤਮ ਮਾਰਗ' | 61 |

## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ ਫੀ | ਕਾਪੀ |
|---|---|---|
| 200/- | 2000/- | 20/- |
| 240/- | 2040/- | (For outstation cheques) |

### ਸੰਪਰਕ ਨੰ. ਰਤਵਾੜਾ ਸਾਹਿਬ

| | |
|---|---|
| ਪਰਮ ਸਤਿਕਾਰ ਯੋਗ ਬੀਜੀ - | 9417214381 |
| ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ | 9417214383 |
| ਸਕੂਲ ਟਰਾਂਸਪੋਰਟ - 9417214384, | ਕਾਲਜ - 94172 14382 |
| ਸੰਤ ਬਾਬਾ ਰਜਿੰਦਰ ਸਿੰਘ ਰਤਵਾੜਾ ਸਾਹਿਬ ਲੰਗਰਾਂ ਵਾਲੇ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 94172 14385 |
| ਅਖੰਡਪਾਠ ਬੁਕਿੰਗ | 94172 14386 |
| ਅਕਾਊਂਟੈਂਟ | 94172 14390 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਰਤਵਾੜਾ ਸਾਹਿਬ | 0160-2255004 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜ਼ੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਬਾਰਹਮਾਹਾ (ਭਾਦਰੋਂ ਦਾ ਮਹੀਨਾ)
# ਰਾਗੁ ਮਾਝ ਬਾਰਹਮਾਹਾ ਮਹਲਾ ੫

**ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥ ਲਖ ਸੀਗਾਰ ਬਣਾਇਆ ਕਾਰਜ ਨਾਹੀ ਕੇਤੁ॥** (ਜਿਵੇਂ ਭਾਦਰੋਂ ਦੇ ਤ੍ਰਾਟਕੇ ਤੇ ਘੁੰਮੇ ਵਿਚ ਮਨੁੱਖ ਬਹੁਤ ਘਬਰਾਂਦਾ ਹੈ, ਹੁਸੜ ਤੇ ਗਰਮੀ ਨਾਲ ਬਿਹਬਲ ਹੋ ਜਾਂਦਾ ਹੈ, ਤਿਵੇਂ ਹੀ ਜਿਸ ਜੀਵ ਇਸਤ੍ਰੀ ਦਾ ਪਿਆਰ ਪ੍ਰਭੂ-ਪਤੀ ਤੋਂ ਬਿਨਾਂ ਕਿਸੇ ਹੋਰ ਨਾਲ ਲਗ ਜਾਂਦਾ ਹੈ, ਦੁਨਿਆਵੀ ਮਾਇਕ ਰਿਸ਼ਤਿਆਂ, ਪਦਾਰਥਾਂ ਤੇ ਪਦਵੀਆਂ ਨਾਲ ਲਗ ਜਾਂਦਾ ਹੈ, ਉਹ ਜੀਵ ਇਸਤ੍ਰੀ ਭਟਕ ਜਾਂਦੀ ਹੈ, ਇਸ ਭਟਕਣਾ ਕਾਰਨ ਜਿਹੜੀ ਜੀਵ-ਇਸਤ੍ਰੀ ਸਹੀ ਰਸਤੇ ਤੋਂ ਖੁੰਝ ਰਹੀ ਹੈ ਉਹ ਭਾਵੇਂ ਲੱਖਾਂ ਹਾਰ ਸ਼ਿੰਗਾਰ ਕਰੇ, ਉਹ ਪਤੀ ਪ੍ਰਾਪਤੀ ਦੇ ਕਿਸੇ ਤਰ੍ਹਾਂ ਸਹਾਈ ਸਿੱਧ ਨਹੀਂ ਹੁੰਦੇ। **ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥ ਪਕੜਿ ਚਲਾਇਨਿ ਦੂਤ ਜਮ ਕਿਤੈ ਨ ਦੇਨੀ ਭੇਤੁ॥** (ਜਿਸ ਦਿਨ ਮਨੁੱਖ ਦਾ ਸਰੀਰ ਬਿਨਸ ਜਾਏਗਾ, ਨਾਸ ਹੋ ਜਾਵੇਗਾ ਅਰਥਾਤ ਜਦੋਂ ਮਨੁੱਖ ਮਰ ਜਾਵੇਗਾ, ਉਸ ਵੇਲੇ ਸਾਰੇ ਸਾਕ ਸਨਬੰਧੀ ਆਖਣਗੇ ਕਿ ਇਹ ਹੁਣ ਗੁਜ਼ਰ ਗਿਆ ਹੈ, ਇਸ ਅਪਵਿੱਤਰ ਪਈ ਦੇਹ ਨੂੰ ਛੇਤੀ ਬਾਹਰ ਲੈ ਚੱਲੋ। ਜਮਦੂਤ ਜਿੰਦ ਨੂੰ ਫੜ ਕੇ ਅੱਗੇ ਲਾ ਲੈਂਦੇ ਹਨ ਅਤੇ ਕਿਸੇ ਨੂੰ ਇਹ ਭੇਤ ਨਹੀਂ ਦਸਦੇ ਕਿ ਕਿਥੇ ਲੈ ਚੱਲੇ ਹਨ।) **ਛਡਿ ਖਲੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥** (ਜਿਨ੍ਹਾਂ ਸਾਕ ਸਬੰਧੀਆਂ ਨਾਲ ਸਾਰੀ ਉਮਰ ਬੜਾ ਪਿਆਰ ਬਣਿਆ ਹੋਇਆ ਸੀ, ਉਹ ਪਲ ਵਿਚ ਹੀ ਸਾਥ ਛੱਡ ਬੈਠਦੇ ਹਨ।) **ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥ ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥** (ਮੌਤ ਸਾਮ੍ਹਣੇ ਆਈ ਵੇਖ ਕੇ ਮਨੁੱਖ ਘਬਰਾਂਦਾ ਹੈ, ਪਛਤਾਉਂਦਾ ਹੈ, ਉਸ ਦਾ ਸਰੀਰ ਔਖਾ ਹੁੰਦਾ ਹੈ, ਘਬਰਾਹਟ ਨਾਲ ਇਕ ਰੰਗ ਆਉਂਦਾ ਹੈ ਇਕ ਜਾਂਦਾ ਹੈ, ਕਾਲੇ ਤੋਂ ਚਿੱਟਾ ਬੱਗੋ ਹੋਣਾ ਸ਼ੁਰੂ ਹੋ ਜਾਂਦਾ ਹੈ। ਇਹ ਸਰੀਰ, ਦਰਅਸਲ ਕੀਤੇ ਕਰਮਾਂ ਦਾ ਖੇਤ ਹੈ, ਜੋ ਕੁਝ ਮਨੁੱਖ ਇਸ ਵਿਚ ਬੀਜਦਾ ਹੈ ਓਹੀ ਫਸਲ ਵੱਢਦਾ ਹੈ, ਜਿਹੇ ਕਰਮ ਕਰਦਾ ਹੈ ਤੇਹੇ ਫਲ ਪਾਉਂਦਾ ਹੈ। ਫਿਰ ਪਛਤਾਂਉਂਦਾ ਹੈ) **ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥ ਸੇ ਭਾਦੁਇ ਨਰਕਿ ਨ ਪਾਈਅਹਿ ਗੁਰ ਰਖਣ ਵਾਲਾ ਹੇਤੁ)** (ਜਿਹੜੇ ਮਨੁੱਖ ਗੁਰੂ ਦੀ ਕ੍ਰਿਪਾ ਸਦਕਾ ਪ੍ਰਭੂ ਦੀ ਸ਼ਰਨ ਵਿਚ ਆ ਜਾਂਦੇ ਹਨ, ਗੁਰੂ ਉਨ੍ਹਾਂ ਨੂੰ ਚਰਨ ਰੂਪੀ ਜਹਾਜ਼ ਵਿਚ ਚੜ੍ਹਾ ਕੇ ਪਾਰ ਉਤਾਰਾ ਕਰ ਦਿੰਦਾ ਹੈ। ਗੁਰੂ ਉਨ੍ਹਾਂ ਦਾ ਰਾਖਾ ਤੇ ਹਿਤੂ ਬਣਦਾ ਹੈ ਅਤੇ ਉਹ ਨਰਕਾਂ ਵਿਚ ਨਹੀਂ ਪਾਏ ਜਾਂਦੇ।

### ਰਾਗੁ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ

**ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥** (ਭਾਦਰੋਂ ਦਾ ਮਹੀਨਾ ਭਰਮਾਂ ਭਰਿਆ ਮਹੀਨਾ ਹੈ। ਬੱਦਲ ਆਉਂਦੇ ਹਨ, ਮਨੁੱਖ ਸਮਝਦਾ ਹੈ ਜ਼ਰੂਰ ਵਰ੍ਹਨਗੇ ਪਰ ਮਿੰਟ ਵਿਚ ਛਾਂਈ ਮਾਂਈ ਹੋ ਜਾਂਦੇ ਹਨ। ਮਾਇਆ ਦੇ ਛਲਾਵੇ ਕਾਰਨ ਮਨੁੱਖ ਭਟਕਦਾ ਰਹਿੰਦਾ ਹੈ, ਅਸਲ ਮਾਰਗ ਤੋਂ ਖੁੰਝ ਜਾਂਦਾ ਹੈ। ਜਿਹੜੀ ਇਸਤ੍ਰੀ ਜੋਬਨ ਦੇ ਮਾਣ ਭੁਲੇਖੇ ਵਿਚ ਭਟਕ ਜਾਂਦੀ ਹੈ, ਉਸਨੂੰ ਪਤੀ ਦੇ ਵਿਛੋੜੇ ਦਾ ਪਛਤਾਵਾ ਕਰਨਾ ਪੈਂਦਾ ਹੈ) **ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥** ਦੂਜੇ ਬੰਨੇ ਭਾਦਰੋਂ ਦੇ ਮਹੀਨੇ ਹੀ ਵਰਖਾ ਕਾਰਨ ਟੋਏ ਟਿੱਬੇ ਪਾਣੀ ਨਾਲ ਭਰ ਜਾਂਦੇ ਹਨ। ਪ੍ਰਭੂ-ਪਿਆਰ ਮਾਣਨ ਵਾਲੀ ਜੀਵ ਇਸਤ੍ਰੀ ਇਨ੍ਹਾਂ ਨਜ਼ਾਰਿਆਂ ਨੂੰ ਮਾਣਦੀ ਹੈ। **ਬਰਸੈ ਨਿਧਿ ਕਾਲੀ ਕਿਉ ਸੁਖਉ ਬਾਲੀ ਦਾਦਰ ਮੋਰ ਲਵੰਤੇ॥** (ਇਸ ਮਹੀਨੇ ਕਾਲੀ ਰਾਤ ਨੂੰ ਜਦੋਂ ਮੀਂਹ ਵਰ੍ਹਦਾ ਹੈ, ਡੱਡੂ ਗਣੈਂ ਗਣੈਂ ਕਰਦੇ ਹਨ, ਮੋਰ ਕੂਹਕਦੇ ਹਨ, ਤਾਂ ਪਤੀ ਤੋਂ ਵਿਛੜੀ ਨਾਰ ਨੂੰ ਇਸ ਸੁਹਾਵਣੇ ਰੰਗ ਤੋਂ ਅਨੰਦ ਨਹੀਂ ਮਿਲਦਾ, ਸਗੋਂ ਵਿਛੋੜੇ ਦਾ ਦੁਖ ਦਰਦ ਵਧਦਾ ਹੈ।) **ਪ੍ਰਿਉ ਪਿਉ ਚਵੈ, ਬਬੀਹਾ ਬੋਲੈ ਭੁਇਅੰਗਮ ਫਿਰਹਿ ਡਸੰਤੇ।** (ਪਤੀ ਤੋਂ ਵਿਛੁੜੀ ਇਸਤ੍ਰੀ ਨੂੰ ਇਹੀ ਦਿਸਦਾ ਹੈ ਕਿ ਇਸ ਮੌਸਮ ਵਿਚ ਸੱਪ ਡਸਦੇ ਫਿਰਦੇ ਹਨ ਅਤੇ ਪ੍ਰਿਉ ਪ੍ਰਿਉ ਬੋਲਦਾ ਹੋਇਆ ਪਪੀਹਾ ਵੀ ਉਸ ਦੀ ਵਿਛੋੜੇ ਦੀ ਪੀੜਾ ਨੂੰ ਹੋਰ ਵਧਾਂਦਾ ਹੈ) **ਮੱਛਰ ਡੰਗ, ਸਾਇਰ ਭਰ ਸੁਭਰ, ਬਿਨੁ ਹਰਿ ਕਿਉ ਸੁਖੁ ਪਾਈਐ॥** ਚੁਫੇਰੇ ਛੱਪਰ ਤਲਾਬ ਮੀਂਹ ਦੇ ਪਾਣੀ ਨਾਲ ਨੱਕਾ-ਨੱਕ ਭਰੇ ਹੋਏ ਹਨ ਪਰ ਬਿਰਹਣ ਨੂੰ ਇਸ ਤੋਂ ਕੋਈ ਸੁਖ ਨਹੀਂ ਮਿਲਦਾ ਸਗੋਂ ਮੱਛਰਾਂ ਦੇ ਡੰਗ ਉਸਨੂੰ ਪੀੜਤ ਕਰਦੇ ਹਨ। ਜਿਸ ਜੀਵ ਇਸਤ੍ਰੀ ਨੂੰ ਪ੍ਰਭੂ-ਪਤੀ ਤੋਂ ਵਿਛੋੜੇ ਦਾ ਅਹਿਸਾਸ ਹੋ ਜਾਂਦਾ ਹੈ, ਉਸ ਨੂੰ ਪ੍ਰਭੂ ਦੀ ਯਾਦ ਤੋਂ ਬਿਨਾਂ ਕਿਸੇ ਹੋਰ ਰੰਗ ਤਮਾਸ਼ੇ ਤੋਂ ਆਤਮ ਅਨੰਦ ਨਹੀਂ ਮਿਲਦਾ।) **ਨਾਨਕ ਪੂਛਿ ਚਲਉ ਗੁਰ ਅਪਨੇ ਜਹ ਪ੍ਰਭ ਤਹ ਹੀ ਜਾਈਐ॥** (ਗੁਰੂ ਜੀ ਫੁਰਮਾਨ ਕਰਦੇ ਹਨ ਕਿ ਆਪਣੇ ਗੁਰੂ ਦੀ ਸਿਖਿਆ ਉਤੇ ਤੁਰ ਕੇ, ਉਸ ਦੇ ਦੱਸੇ ਰਾਹ ਤੇ ਚੱਲ ਕੇ, ਜਿਥੋਂ ਪ੍ਰਭੂ-ਪਤੀ ਮਿਲ ਸਕਦਾ ਹੋਵੇ, ਉਸ ਮਾਰਗ ਤੇ ਜਾਣਾ ਹੀ ਸਾਨੂੰ ਜੀਵ ਇਸਤ੍ਰੀਆਂ ਨੂੰ ਸੋਭਦਾ ਹੈ।

# ਸੰਪਾਦਕੀ

ਆਤਮ ਮਾਰਗ ਪੱਤ੍ਰਿਕਾ ਹਰ ਮਹੀਨੇ ਵਾਂਗੂੰ ਆਪ ਜੀ ਕੋਲ ਇਸ ਅਗਸਤ ਮਹੀਨੇ ਪਿਆਰੇ ਦਾ ਪਿਆਰਾ ਪੈਗਾਮ ਲੈ ਕੇ ਪਹੁੰਚ ਰਹੀ ਹੈ। ਇਹ ਮਹੀਨਾ ਸਾਡੇ ਵਾਸਤੇ ਬਹੁਤ ਹੀ ਪਿਆਰ ਵੈਰਾਗ ਭਰਿਆ ਹੈ ਕਿਉਂਕਿ 5 ਅਗਸਤ 1905 ਨੂੰ ਸੰਤ ਮਹਾਰਾਜ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਸਰੀਰ ਧਾਰਨ ਕਰਕੇ ਇਸ ਮਾਤ ਲੋਕ ਦੀ ਸਰੀਰਕ ਯਾਤਰਾ 26 ਅਗਸਤ 1975 ਨੂੰ ਪੂਰੀ ਕੀਤੀ ਸੀ। ਸੰਤ ਮਹਾਰਾਜ ਸੱਚਖੰਡਵਾਸੀ ਸ੍ਰੀ ਮਾਨ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਨੂੰ ਰਾੜਾ ਸਾਹਿਬ ਵਾਲਿਆਂ ਦਾ ਸੰਗ ਭਰ ਜਵਾਨੀ ਉਮਰ 16 ਸਾਲ ਵਿਚ ਹੀ ਪ੍ਰਾਪਤ ਹੋ ਗਿਆ ਸੀ ਉਸ ਸਮੇਂ ਤੋਂ ਹੀ ਆਪ ਨੇ ਉਨ੍ਹਾਂ ਦੇ ਬਚਨਾਂ ਦੀ ਪਾਲਣਾ ਕਰਦੇ ਹੋਏ ਆਪਣਾ ਸਾਰਾ ਹੀ ਜੀਵਨ ਜਨ ਸਮੂੰਹ ਦੇ ਪਰਉਪਕਾਰ ਵਾਸਤੇ ਲਾ ਦਿਤਾ ਸੀ। ਆਪਣੇ ਪਿਆਰੇ ਦੀ ਯਾਦ ਨੂੰ ਸਮਰਪਿਤ ਅਨੇਕਾਂ ਹੀ ਪਰਉਪਕਾਰੀ ਕਾਰਜ ਸਕੂਲ, ਕਾਲਜ, ਹਸਪਤਾਲ ਅਤੇ ਸੜਕਾਂ ਆਦਿ ਦੇ ਨਾਲ-ਨਾਲ ਧਾਰਮਿਕ ਅਸਥਾਨ ਦੀ ਕਾਰ ਸੇਵਾ ਕਰਾ ਕੇ ਸਾਡੇ ਉਪਰ ਮਹਾਨ ਪਰਉਕਾਰ ਕੀਤਾ ਹੈ। ਅੱਜ ਉਨ੍ਹਾਂ ਦੁਆਰਾ ਲਾਈ ਫੁਲਵਾੜੀ ਆਪਣੀ ਮਹਿਕ ਵੰਡ ਰਹੀ ਹੈ।

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਕੁਦਰਤੀ ਸ਼ਾਂਤ ਵਾਤਾਵਰਣ ਅੰਦਰ ਸੇਵਾ ਸਿਮਰਨ ਦਾ ਮਹਾਨ ਕੁੰਭ ਲਗਿਆ ਹੋਇਆ ਹੈ। ਧਰਮ ਪੂਜਯ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਸਤਿਕਾਰਯੋਗ ਬੀਜੀ ਦੇ ਆਦੇਸ਼ ਮੁਤਾਬਿਕ ਪਿਆਰੇ ਦੇ ਪਿਆਰੇ ਬੈਰਾਗ ਅੰਦਰ ਅਖੰਡਪਾਠਾਂ ਦੀ ਲੜੀ ਆਰੰਭ ਹੋ ਚੁੱਕੀ ਹੈ। ਗੁ. ਸਾਹਿਬ ਅੰਦਰ ਲਗਾਤਾਰ ਹੀ ਅਖੰਡਪਾਠਾਂ ਰਾਹੀਂ ਨਿਰੰਤਰ ਗੁਰਬਾਣੀ ਦਾ ਪ੍ਰਵਾਹ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਹੀ ਚਲਦਾ ਆ ਰਿਹਾ ਹੈ ਪਰੰਤੂ ਮਹਾਂਪੁਰਸ਼ਾਂ ਦੇ ਪਿਆਰੇ ਉਨ੍ਹਾਂ ਦੀ ਯਾਦ ਅੰਦਰ ਅਖੰਡਪਾਠ ਕਰਾ ਰਹੇ ਹਨ। ਮਹਾਂਪੁਰਸ਼ਾਂ ਦੀ 31 ਅਕਤੂਬਰ ਨੂੰ ਆਉਣ ਵਾਲੀ ਬਰਸੀ ਸਮਾਗਮ ਪ੍ਰਥਾਇ ਹੁਣ ਤੋਂ ਹੀ ਤਿਆਰੀਆਂ ਪ੍ਰਾਰੰਭ ਹੋ ਚੁੱਕੀਆਂ ਹਨ।

ਸਤਿਪੁਰਸ਼ਾਂ ਦਾ ਪਿਆਰ ਸੰਗਤਾਂ ਦੇ ਹਿਰਦਿਆਂ ਅੰਦਰ ਸਮਾਇਆ ਹੋਇਆ ਹੈ ਜਿਸ ਦੀਆਂ ਅਨੇਕਾਂ ਹੀ ਮਿਸਾਲਾਂ ਦੇਖਣ ਨੂੰ ਮਿਲ ਰਹੀਆਂ ਹਨ। ਟਰੱਸਟ ਰਤਵਾੜਾ ਸਾਹਿਬ ਨਾਲ ਸਬੰਧਤ ਸਕੂਲਾਂ, ਕਾਲਜਾਂ ਵਿਦਿਅਕ ਅਦਾਰਿਆਂ ਅੰਦਰ ਬੱਚਿਆਂ ਦਾ ਵੱਡੀ ਤਦਾਦ ਵਿਚ ਦੂਰ-ਦਰਾਜ਼ ਤੋਂ ਆ ਕੇ ਦਾਖਲ ਹੋਣਾ ਪਿਆਰ ਦੀ ਹੀ ਖਿੱਚ ਦਾ ਕਾਰਣ ਹੈ। ਗੁਰਦੁਆਰਾ ਸਾਹਿਬ ਦੇ ਕੰਪਲੈਕਸ ਅੰਦਰ ਅਦਭੁੱਤ ਸਰੋਵਰ ਦੀ ਕਾਰ ਸੇਵਾ ਸੰਪੂਰਨ ਹੋਣ ਜਾ ਰਹੀ ਹੈ। ਇਸ ਸਰੋਵਰ ਦੀ ਚੱਲ ਰਹੀ ਸੇਵਾ ਵਿਚ ਅਨੇਕਾਂ ਹੀ ਸੰਗਤਾਂ ਹੱਥੀਂ ਸੇਵਾ ਕਰ ਰਹੀਆਂ ਹਨ। ਦੂਰ ਵਿਦੇਸ਼ਾਂ ਤੋਂ ਵੀ ਪਿਆਰੀਆਂ ਸੰਗਤਾਂ ਬੇਅੰਤ ਮਾਇਆ ਦੀ ਸੇਵਾ ਭੇਜ ਕੇ ਆਪੋ ਆਪਣਾ ਯੋਗਦਾਨ ਪਾ ਰਹੀਆਂ ਹਨ। ਆਤਮ ਮਾਰਗ ਦੇ ਪਾਠਕਾਂ ਨੂੰ ਗਿਆਤ ਹੀ ਹੈ ਕਿ ਰਾਗ ਦ੍ਵੈਸ਼ ਤੋਂ ਉਪਰ ਅਦ੍ਵੈਤ ਗੁਰਬਾਣੀ ਸਿਧਾਂਤ ਨੂੰ ਸੰਸਾਰ ਵਿਚ ਪ੍ਰਚਾਰਨਾ ਇਸ ਪਤ੍ਰਿਕਾ ਦਾ ਮਹਾਨ ਮਨੋਰਥ ਹੈ। ਮਹਾਂਪੁਰਸ਼ਾਂ ਵੱਲੋਂ ਜਦ ਤੋਂ ਇਹ ਮੈਗਜ਼ੀਨ ਸ਼ੁਰੂ ਕੀਤਾ ਗਿਆ ਇਸ ਦੇ ਲੱਖਾਂ ਮੈਂਬਰ ਬਣੇ ਅਤੇ ਬਣ ਰਹੇ ਹਨ ਅਤੇ ਇਸ ਨੂੰ ਪੜ੍ਹ ਕੇ ਆਪਣੇ ਇਸ ਮਾਨੁੱਖ ਤਨ ਦੇ ਮਨੋਰਥ ਵੱਲ ਵੱਧ ਰਹੇ ਹਨ। ਅੱਜ ਇਸ ਨੂੰ ਪੜ੍ਹਨ ਵਾਲਿਆਂ ਦਾ ਇੱਕ ਬਹੁਤ ਵੱਡਾ ਆਤਮ ਮਾਰਗ ਪਰਿਵਾਰ ਬਣ ਚੁਕਿਆ ਹੈ। ਜਿਹੜੇ ਇਸ ਨੂੰ ਮਹਾਂਪੁਰਸ਼ਾਂ ਦੇ ਸਰੀਰ ਕਾਲ ਦੇ ਸਮੇਂ ਤੋਂ ਹੀ ਪੜ੍ਹਦੇ ਆ ਰਹੇ ਉਨ੍ਹਾਂ ਦੇ ਅੰਦਰ ਪ੍ਰਕਾਸ਼ ਹੋ ਚੁਕਿਆ ਹੈ। ਉਹ ਆਪਣਾ ਜੀਵਨ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਵਿੱਚ ਦਰਸਾਏ ਗੁਰਮਤਿ ਗੂੜ੍ਹ ਸਿਧਾਂਤਾ ਮੁਤਾਬਿਕ ਅਤੇ ਗੁਰਬਾਣੀ ਦੀ ਕਸਵੱਟੀ ਤੇ ਪੂਰੇ ਉਤਰਨ ਦੀ ਕੋਸ਼ਿਸ਼ ਕਰ ਹਨ। ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਇਸ ਮੈਗਜ਼ੀਨ ਨੂੰ ਪਿਆਰ ਕਰਨ ਵਾਲੇ ਪ੍ਰੇਮੀ ਚਾਹੁੰਦੇ ਹਨ। ਕਿ ਸਿੱਖੀ ਦੇ ਸਿਧਾਤਾਂ ਦਾ ਪ੍ਰਚਾਰ ਹੋਵੇ। ਉਹ ਮਹਾਪੁਰਖਾਂ ਦੀ ਹਾਜ਼ਰੀ ਨੂੰ ਹਾਜ਼ਰ ਨਾਜ਼ਰ ਜਾਣਦੇ ਹੋਏ ਉਨ੍ਹਾਂ ਦੇ ਸਰੀਰ ਕਾਲ ਤੋਂ ਬਾਅਦ ਵੀ ਆਤਮ ਮਾਰਗ ਘਰ ਘਰ ਜਾ ਕੇ ਹੱਥੀ ਵੰਡਣ ਦੀ ਸੇਵਾ, ਰਿਨੀਉਵਲ ਅਤੇ ਨਵੇਂ ਆਤਮ ਮਾਰਗ ਦੇ ਨਵੇਂ ਮੈਂਬਰ ਬਣਾਉਣ ਦੀ ਸੇਵਾ ਲਗਾਤਾਰ ਨਿਰੰਤਰ ਨਿਭਾਅ ਰਹੇ ਹਨ। ਆਤਮ ਮਾਰਗ ਅਦਾਰਾ ਉਨ੍ਹਾਂ ਦਾ ਅਤਿ ਰਿਣੀ ਹੈ ਜਿਹੜੇ ਇਸ ਦੀ ਸੇਵਾ ਕਰਦੇ ਆ ਰਹੇ ਹਨ।

ਇਸ ਪਤ੍ਰਿਕਾ ਵਿੱਚ 'ਚਉਥੇ ਪਹਿਰ ਸਬਾਹ ਕੈ ਸੁਰਤਿਆ ਉਪਜੈ ਚਾਉ', 'ਵਾਹਿਗੁਰ ਗੁਰਮੰਤ੍ ਹੈ ਜਪੁ ਹਉਮੈ ਖੋਈ', 'ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ', ਦੇ ਸਿਰਲੇਖ ਹੇਠ ਛਪੇ ਲੇਖ ਜਿਨ੍ਹਾਂ ਵਿੱਚ ਕਿ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਦੀ ਬਹੁਤ ਹੀ ਪਿਆਰੀ ਰਚਨਾਂ ਹੈ। ਜਿਨ੍ਹਾਂ ਨੂੰ ਪੜ੍ਹਨ ਤੋਂ ਬਾਅਦ ਹੀ ਪਤਾ ਲਗਦਾ ਹੈ। ਜਿਵੇਂ ਗੁਰਬਾਣੀ ਅੰਦਰ ਫ਼ੁਰਮਾਨ ਹੈ 'ਕਹੁ ਕਬੀਰ ਗੁੰਗੇ ਗੁੜ ਖਾਇਆ ਪੁਛੇ ਤੇ ਕਿਆ ਕਹੀਐ'। ਇਸੇ ਤਰ੍ਹਾਂ ਡਾ. ਸਵਾਮੀ ਰਾਮ ਜੀ ਜੌਲੀ ਗਰਾਂਟ ਦੇਹਰਾਦੂਨ ਵਾਲਿਆਂ ਵਲੋਂ ਅੰਗਰੇਜੀ ਵਿਚ ਲਿਖੇ ਨੂੰ ਡਾ ਬੀਬੀ ਤਜਿੰਦਰ ਮਲਹੋਤਰਾ ਵੱਲੋਂ ਅਨੁਵਾਦ ਕਰ ਕੇ ਲਿਖੇ 'ਮਨੋਭਾਵਾਂ ਦੀ ਰਚਨਾਤਮਕ ਵਰਤੋਂ' 'ਸਮੁੱਚੀ ਅਰੋਗਤਾ ਲਈ ਪਥ-ਪਰਦਰਸ਼ਕ' ਸਿਰਲੇਖ ਹੇਠ ਮੌਜੂਦ ਹਨ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਬਹੁਤ ਹੀ ਪਿਆਰੀ ਰਚਨਾਂ 'ਸੰਤ ਬਿਮਲਾ ਸਿੰਘ' ਅਨੁਭਵੀ ਪ੍ਰਵਚਨ ਹਨ। ਇਸੇ ਤਰ੍ਹਾਂ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਯਾਦ ਨੂੰ ਆਪਣੇ ਅੰਦਰ ਸਮੋਈ ਬੈਠੇ ਅਤੇ ਉਨਾਂ ਦੇ ਪਿਆਰ ਅੰਦਰ ਆਪਣਾ ਜੀਵਨ ਬਸਰ ਕਰ ਰਹੇ ਮੇਜਰ ਸੋਹਨ ਸਿੰਘ ਧੁਲੀਆ (ਮਹਾਂਰਾਸ਼ਟਰ) ਧੁਲੀ ਵਾਲਿਆਂ ਨੇ ਅਪਣੀ ਹੱਡਬੀਤੀ ਲਿਖੀ ਹੈ।

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ
### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*ਸੂਹੀ ਮਹਲਾ ੫ ॥*
*ਕਿਆ ਗੁਣ ਤੇਰੇ ਸਾਰਿ ਸਮ੍ਾਲੀ*
*ਮੋਹਿ ਨਿਰਗੁਨ ਕੇ ਦਾਤਾਰੇ ॥*
*ਬੈ ਖਰੀਦੁ ਕਿਆ ਕਰੇ*
*ਚਤੁਰਾਈ ਇਹੁ ਜੀਉ ਪਿੰਡੁ ਸਭੁ ਥਾਰੇ ॥ ੧ ॥*
*ਲਾਲ ਰੰਗੀਲੇ ਪ੍ਰੀਤਮ ਮਨਮੋਹਨ*
*ਤੇਰੇ ਦਰਸਨ ਕਉ ਹਮ ਬਾਰੇ ॥ ੧ ॥ ਰਹਾਉ ॥ ਪ੍ਰਭੁ*
*ਦਾਤਾ ਮੋਹਿ ਦੀਨੁ ਭੇਖਾਰੀ*
*ਤੁਮ੍ ਸਦਾ ਸਦਾ ਉਪਕਾਰੇ ॥*
*ਸੋ ਕਿਛੁ ਨਾਹੀ ਜਿ ਮੈ ਤੇ ਹੋਵੈ*
*ਮੇਰੇ ਠਾਕੁਰ ਅਗਮ ਅਪਾਰੇ ॥ ੨ ॥*
*ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ*
*ਬਿਧਿ ਕਿਤੁ ਪਾਵਉ ਦਰਸਾਰੇ ॥*
*ਮਿਤਿ ਨਹੀ ਪਾਈਐ ਅੰਤੁ ਨ ਲਹੀਐ*
*ਮਨੁ ਤਰਸੈ ਚਰਨਾਰੇ ॥ ੩ ॥*
*ਪਾਵਉ ਦਾਨੁ ਢੀਠੁ ਹੋਇ ਮਾਗਉ*
*ਮੁਖਿ ਲਾਗੈ ਸੰਤ ਰੇਨਾਰੇ ॥*
*ਜਨ ਨਾਨਕ ਕਉ ਗੁਰਿ ਕਿਰਪਾ ਧਾਰੀ*
*ਪ੍ਰਭਿ ਹਾਥ ਦੇਇ ਨਿਸਤਾਰੇ ॥ ਅੰਗ - ੭੩੮*

ਸਾਧਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਅੰਮ੍ਰਿਤ ਵੇਲੇ ਤੋਂ ਆਪ ਹਰੀ ਜਸ ਕਰ ਰਹੇ ਹੋਂ। ਮਹਾਰਾਜ ਜੀ ਦੀ ਕ੍ਰਿਪਾ ਹੋਈ ਕਲਜੁਗ ਦੇ ਅੰਦਰ, ਜਿਸ ਜੁਗ ਦੇ ਅੰਦਰ ਬੇ-ਮਰਿਆਦਾ ਚੱਲ ਰਹੀ ਹੈ, ਜੀਵ ਦੇ ਉਤੇ ਅਗਿਆਨ ਦੇ ਬੱਦਲ ਐਨੇ ਛਾ ਗਏ ਕਿ ਰੋਸ਼ਨੀ ਨਾਂ ਦੀ ਚੀਜ਼ ਦਾ ਕਿਤੇ ਪਤਾ ਨਹੀਂ ਚਲਦਾ। ਆਦਮੀ ਡਾਵਾਂਡੋਲ ਹੈ, ਕੋਈ ਰਸਤਾ ਦੱਸਣ ਵਾਲਾ ਨਹੀਂ ਹੈ ਜੇ ਦੱਸਣ ਵਾਲਾ ਹੈ ਤਾਂ ਰਸਤਾ ਪੁੱਛਣ ਵਾਲਾ ਕੋਈ ਨਹੀਂ ਹੈ। ਆਪੋ ਆਪਣੇ ਖਿਆਲ, ਆਪੋ-ਆਪਣੇ ਟੀਚੇ ਸੰਸਾਰ ਦੇ ਅੰਦਰ ਪ੍ਰਚਲਤ ਹੋ ਗਏ, ਜਿਸ ਕਰਕੇ ਪ੍ਰਮੇਸ਼ਰ ਤੋਂ ਦੂਰ ਹੋ ਗਏ ਤੇ ਦੁੱਖ ਵਧ ਗਏ। ਕੋਈ ਸਾਧਨ ਨਹੀਂ ਇਸ ਦਾ ਸਮਝ ਵਿਚ ਆਉਂਦਾ। ਸੁੱਖ ਵਾਸਤੇ ਆਦਮੀ ਪੈਸਾ ਕਮਾਉਂਦਾ ਹੈ, ਆਪਣਾ ਚੰਗਾ ਨਾਉਂ ਕਮਾਉਂਦਾ ਹੈ, ਲੋਕਾਂ ਵਿਚ ਜੱਸ ਹਾਸਲ ਕਰਦਾ ਹੈ ਪਰ ਸੁੱਖ ਮਿਲਦਾ ਨਹੀਂ ਹੈ ਕਿਉਂਕਿ ਜਿਸ ਚੀਜ਼ ਦੇ ਵਿਚੋਂ ਸੁੱਖ ਦੀ ਪਰਾਪਤੀ ਹੋਣੀ ਹੈ ਉਹ ਚੀਜ਼ ਪ੍ਰਾਪਤ ਨਹੀਂ ਹੋ ਰਹੀ। ਇਕ ਉਹ ਨੇ ਜਿਹੜੇ ਇਸ ਨੂੰ ਸੁਣਦੇ ਨੇ, ਜਾਣਦੇ ਨੇ ਕਿ ਸੁੱਖ ਕਿਥੋਂ ਪ੍ਰਾਪਤ ਹੋ ਸਕਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਸੁੱਖ ਜੋ ਹੈ ਕੇਵਲ ਪ੍ਰਮੇਸ਼ਰ ਦੇ ਨਾਮ ਦੀ ਪ੍ਰਾਪਤੀ ਹੋਣ ਤੇ ਹੁੰਦਾ ਹੈ। ਦੁਨਿਆਵੀ ਪਦਾਰਥ ਜੋ ਹਨ ਇਹ ਛਿਨ ਭੰਗਰ ਹੋਣ ਕਰਕੇ ਮਾਨਸਿਕ ਸ਼ਾਂਤੀ ਨਹੀਂ ਦਿਆ ਕਰਦੇ, ਉਂਜ ਕਾਰ ਮਿਲ ਗਈ ਹੈ ਤਾਂ ਵਧੀਆ ਜਾਣ ਨੂੰ ਆਰਾਮ ਹੋ ਗਿਆ, ਘਰ ਚੰਗਾ ਮਿਲ ਗਿਆ ਰਹਿਣ ਨੂੰ ਆਰਾਮ ਹੋ ਗਿਆ ਲੇਕਿਨ ਮਨ ਨਾਲ ਇਨ੍ਹਾਂ ਚੀਜ਼ਾਂ ਦਾ ਬਹੁਤ ਸਬੰਧ ਨਹੀਂ ਹੈ। ਜਦੋਂ ਤੱਕ ਮਨ ਸੰਤੁਸ਼ਟ ਨਹੀਂ ਹੁੰਦਾ ਉਨੀਂ ਦੇਰ ਤੱਕ ਸੁੱਖ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਮਹਾਰਾਜ ਜੀ ਕਹਿੰਦੇ -

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥ ਅੰਗ - ੭੦੭***

ਸੁੰਦਰ ਸੇਜਾਂ, ਸੁੱਖਾਂ ਦੀ ਗਿਣਤੀ ਹੋਈ ਨਹੀਂ ਹੈ ਰਸ ਵੀ ਪੂਰੇ ਭੋਗਦਾ ਹੈ।

***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਅੰਗ - ੭੦੭***

ਘਰ ਦੇ ਅੰਦਰ ਸੋਨਾ ਹੈ, ਸੋਨੇ ਨਾਲ ਸਜਾਏ ਹੋਏ ਦਰਵਾਜ਼ੇ ਨੇ, ਹੀਰੇ-ਜਵਾਹਰਾਤਾਂ ਨਾਲ ਜੜੇ ਹੋਏ ਪਲੰਘ ਨੇ ਲੇਕਿਨ ਫੇਰ ਵੀ ਸੁੱਖ ਪ੍ਰਾਪਤ ਨਹੀਂ ਹੁੰਦਾ।

***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਅੰਗ - ੭੦੭***

ਜੋ ਵੀ ਮਨ ਆ ਜਾਵੇ ਕਿਸੇ ਭੋਗ ਦੀ ਇੱਛਾ ਉਸੇ ਦੀ ਪ੍ਰਾਪਤੀ ਹੋ ਜਾਣੀ ਤੇ ਉਸ ਨੂੰ ਮਾਨਣਾ ਮਹਾਰਾਜ ਜੀ ਕਹਿੰਦੇ ਇਹ ਵੀ ਕਰਦਾ ਹੋਵੇ।

***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***
***ਅੰਗ - ੭੦੭***

ਜੇ ਵਾਹਿਗੁਰੂ ਯਾਦ ਵਿਚ ਨਹੀਂ ਵਸਿਆ, ਚਿੱਤ ਵਿਚ ਨਹੀਂ ਵਸਿਆ ਤਾਂ ਉਸ ਦੀ ਹਾਲਤ ਵਿਸ਼ਟਾ ਦੇ ਕੀੜੇ ਵਰਗੀ ਹੋਇਆ ਕਰਦੀ ਹੈ।

*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ - ੨੦੨*

ਬਗੈਰ ਨਾਮ ਤੋਂ ਮਨ ਸ਼ਾਂਤ ਨਹੀਂ ਹੁੰਦਾ ਤੇ ਜਦੋਂ ਸ਼ਾਂਤ ਨਹੀਂ ਹੁੰਦਾ ਤਾਂ ਉਸਨੂੰ ਧੀਰਜ ਕਿਵੇਂ ਆਵੇ। ਸੋ ਇਸ ਸ਼ਬਦ ਦੇ ਅੰਦਰ ਮਹਾਰਾਜ ਜੀ ਦੱਸਦੇ ਨੇ ਕਿ ਨਾਮ ਅਸਲੀ ਚੀਜ਼ ਹੈ ਜਿਥੋਂ ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ। ਨਾਮ ਵਾਸਤੇ ਆਦਮੀ ਸਾਰੀ ਜ਼ਿੰਦਗੀ ਤਰਲੇ ਲੈਂਦਾ ਹੈ ਉਹ ਵੀ ਜੇ ਲਗਨ ਵਾਲਾ ਹੋਵੇ। ਅਸੀਂ ਨਾਮ ਤੋਂ ਉਤਲੀ-ਉਤਲੀ ਤਹਿ ਤੇ ਰਹਿੰਦੇ ਹਾਂ ਸਾਨੂੰ ਨਾਮ ਦੀ ਕਦਰ ਨਾ ਹੋਣ ਕਰਕੇ, ਨਾਮ ਦੀ ਮਹਿਮਾ ਹਿਰਦੇ ਵਿਚ ਨਾ ਵਸਣ ਕਰਕੇ ਸਾਨੂੰ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਜਦੋਂ ਅਸੀਂ ਸ਼ੁਰੂ ਹੁੰਦੇ ਹਾਂ, ਚਲਦੇ ਹਾਂ ਉਸ ਵੇਲੇ ਤਾਂ ਸਾਡਾ ਖਿਆਲ ਇਹੀ ਹੁੰਦਾ ਹੈ ਕਿ ਪ੍ਰਭੂ ਦੇ ਦਰਸ਼ਨ ਕਰਨੇ ਨੇ, ਨਾਮ ਦੀ ਮੈਨੂੰ ਪ੍ਰਾਪਤੀ ਹੋ ਜਾਵੇ ਲੇਕਿਨ ਹੌਲੀ-ਹੌਲੀ ਰੁਟੀਨ ਬਣ ਜਾਂਦੀ ਹੈ, ਨਾਮ ਦੀ ਪ੍ਰਾਪਤੀ ਦੀ ਓਡੀ ਲਗਨ ਨਹੀਂ ਰਹਿੰਦੀ, ਕਈ ਚੀਜ਼ਾਂ ਆ ਜਾਂਦੀਆਂ ਨੇ, ਸ਼ਕਤੀਆਂ ਆ ਜਾਂਦੀਆਂ ਨੇ ਉਨ੍ਹਾਂ ਵਿਚ ਮਸਤ ਹੋ ਜਾਂਦਾ ਹੈ, ਲੋਕਾਂ ਵਲੋਂ ਮਹਿਮਾ ਮਿਲਦੀ ਹੈ ਉਸ ਦੇ ਵਿਚ ਮਸਤ ਹੋ ਜਾਂਦਾ ਹੈ। ਸੋ ਨਾਮ ਦੀ ਖੋਜ ਤੇ ਨਾਮ ਦੀ ਲਗਨ ਓਨੀ ਤੀਬਰ ਨਹੀਂ ਰਹਿੰਦੀ ਜਿੰਨੀ ਲੈ ਕੇ ਚੱਲੇ ਸੀ ਅਸੀਂ। ਫੇਰ ਇਨ੍ਹਾਂ ਚੀਜ਼ਾਂ ਵਿਚ ਮਸਤ ਹੋ ਜਾਂਦਾ ਹੈ - ਪ੍ਰਭਤਾ ਵਿਚ ਮਸਤ ਹੋ ਜਾਂਦਾ ਹੈ, ਲੋਕਾਂ ਦੀ ਵਾਹ-ਵਾਹ ਵਿਚ ਮਸਤ ਹੋ ਜਾਂਦਾ ਹੈ। ਜਦੋਂ ਇਸ ਰਸਤੇ ਚਲਦਾ ਹੈ ਤਾਂ ਪਦਾਰਥ ਵੀ ਆਉਂਦੇ ਨੇ, ਹਾਲਾਤ ਵੀ ਸਹੀ ਹੋ ਜਾਂਦੇ ਨੇ, ਉਸ ਦੇ ਸੁੱਖ ਵਿਚ ਮਸਤ ਹੋ ਜਾਂਦਾ ਹੈ ਲੇਕਿਨ 'ਨਾਮ' ਤੱਕ ਨਹੀਂ ਪਹੁੰਚਦਾ ਕੋਈ ਵਿਰਲਾ ਹੈ ਜਿਹੜਾ 'ਨਾਮ' ਤੱਕ ਪਹੁੰਚ ਜਾਵੇ। ਸੋ ਨਾਮ ਤੱਕ ਪਹੁੰਚਣ ਵਾਸਤੇ ਸਾਧੂਆਂ ਦੀ ਸੰਗਤ ਦੀ ਲੋੜ ਹੈ। ਸਾਧੂ ਉਹ ਹੈ ਜਿਸਨੂੰ ਪ੍ਰਮੇਸ਼ਰ ਕਦੇ ਨਾ ਭੁਲਦਾ ਹੋਵੇ। ਹਰ ਵਕਤ ਅੰਦਰ ਬਾਹਰ ਉਸਨੂੰ ਪ੍ਰਮੇਸ਼ਰ ਦਾ ਅਨੁਭਵ ਹੁੰਦਾ ਰਹੇ ਕਿਉਂਕਿ ਵਾਹਿਗੁਰੂ ਹੀ ਸਾਰਿਆਂ ਦੇ ਅੰਦਰ ਆਪ ਹੀ ਸਾਰੇ ਕਾਰਜ ਕਰ ਰਿਹਾ ਹੈ ਪਰ ਹਉਮੈ ਹੋਣ ਕਰਕੇ ਜੀਵ ਇਹ ਮੰਨਦਾ ਹੈ ਕਿ ਇਹ ਮੈਂ ਕਰ ਰਿਹਾਂ ਹਾਂ - ਮੈਂ ਨੇਕੀ ਕਰ ਰਿਹਾ ਹਾਂ, ਮੈਂ ਦਾਨ ਦੇ ਰਿਹਾ ਹਾਂ। ਉਹ 'ਮੈਂ' ਕਰਕੇ ਹੀ ਪ੍ਰਮੇਸ਼ਰ ਨਾਲ ਸੰਪਰਕ ਨਹੀਂ ਹੁੰਦਾ, ਨਾ ਇਹ 'ਮੈਂ' ਟੁੱਟਦੀ ਹੈ। ਕਿਸੇ ਖਿਆਲ ਨਾਲ ਨਹੀਂ ਟੁੱਟਦੀ, ਕੋਈ ਯਤਨ ਨਹੀਂ ਇਸ ਨੂੰ ਤੋੜਨ ਦਾ, ਇਕੋ ਹੀ ਹੈ ਮਹਾਰਾਜ ਜੀ ਕਹਿੰਦੇ ਕਿ -

*ਕਿਰਪਾ ਕਰੇ ਜੇ ਆਪਣੀ*
*ਤਾ ਗੁਰ ਕਾ ਸਬਦੁ ਕਮਾਹਿ ॥ ਅੰਗ - ੪੬੬*

ਇਸ ਹਉਮੈ ਦੇ ਵਿਚ ਹੀ ਹਉਮੈ ਦਾ ਇਲਾਜ ਰੱਖਿਆ ਹੋਇਆ ਹੈ। ਜੇ ਆਪਣੇ ਆਪ ਤੇ ਆਪੇ ਕ੍ਰਿਪਾ ਕਰੇ, ਗੁਰੂ ਦੇ ਸ਼ਬਦ ਦੀ ਕਮਾਈ ਕਰ ਲਵੇ ਫੇਰ ਸਾਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ। ਸੋ ਨਾਮ ਦੀ ਪ੍ਰਾਪਤੀ ਵਾਸਤੇ, ਜੋ ਨਾਮ ਜਪਣ ਵਾਲੇ ਹਨ ਜਿਨ੍ਹਾਂ ਨੇ ਅਨੁਭਵ ਕਰ ਲਿਆ ਪ੍ਰਮੇਸ਼ਰ ਨੂੰ, ਜਿਨ੍ਹਾਂ ਦੇ ਅੰਦਰ ਪ੍ਰਮੇਸ਼ਰ ਹਰ ਵਕਤ ਵਸ ਗਿਆ ਉਨ੍ਹਾਂ ਨੂੰ ਉਨ੍ਹਾਂ ਦੀ ਸੰਗਤ ਦੀ ਲੋੜ ਹੈ ਕਿਉਂਕਿ ਉਨ੍ਹਾਂ ਵਿਚੋਂ 'ਮੈਂ' ਖਤਮ ਹੋ ਜਾਇਆ ਕਰਦੀ ਹੈ।

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ - ੩੯੭*

ਉਹ ਇਕ, ਦੋ, ਤਿੰਨ, ਚਾਰ ਨਹੀਂ ਰਹਿੰਦੇ ਉਹ ਪ੍ਰਮੇਸ਼ਰ ਹੀ ਬਣ ਜਾਇਆ ਕਰਦੇ ਨੇ। ਉਨ੍ਹਾਂ ਦੇ ਸਰੀਰ ਦੇ ਅੰਦਰ ਜਿਹੜੀ 'ਮੈਂ' ਸੀ ਉਹ ਮੁੱਕ ਗਈ। 'ਮੈਂ' ਤੇ 'ਤੂੰ' ਦੋ ਰਹਿੰਦੇ ਨੇ ਇਸ ਸਰੀਰ ਦੇ ਅੰਦਰ 'ਮੈਂ' ਨੇ 'ਤੂੰ' ਨੂੰ ਢਕਿਆ ਹੋਇਆ ਹੈ ਜਿਵੇਂ ਜੇ ਪਾਣੀ ਦੇ ਉਤੇ ਬੂਰ ਆ ਜਾਵੇ ਤਾਂ ਉਹ ਪਾਣੀ ਨੂੰ ਢਕ ਲੈਂਦਾ ਹੈ। ਬੂਰ ਦਾ ਇਹ ਮਤਲਬ ਨਹੀਂ ਕਿ ਥੱਲੇ ਪਾਣੀ ਖਤਮ ਹੋ ਗਿਆ, ਪਾਣੀ ਤਾਂ ਰਹਿੰਦਾ ਹੈ। ਅਗਿਆਨ ਦਾ ਹਨ੍ਹੇਰਾ ਛਾ ਗਿਆ, ਅਗਿਆਨ ਦਾ ਬੂਰ ਛਾ ਗਿਆ, ਉਸ ਦੇ ਨਾਲ ਅੰਦਰ ਵਸਤੇ ਪ੍ਰਮੇਸ਼ਰ ਦੀ ਨਾਂ ਕਦੇ ਖਿੱਚ ਪੈਂਦੀ ਹੈ ਨਾ ਉਸ ਦੇ ਨਾਲ ਕੋਈ ਲਗਨ ਲਗਦੀ ਹੈ, ਨਾ ਕਦੇ ਇਸ ਦੇ ਅੰਦਰ ਬਿਰਹਾ ਆਉਂਦਾ ਹੈ ਕਿ ਹੇ ਪ੍ਰਭੂ! ਤੂੰ ਮੇਰੇ ਐਨਾ ਨੇੜੇ ਰਹਿੰਦਾ ਹੋਇਆ ਵੀ ਕਦੇ ਨਹੀਂ ਮਿਲਦਾ, ਦੂਰ ਨਹੀਂ ਹੈ ਤੂੰ ਬਿਲਕੁਲ ਮੇਰੇ ਨਾਲ ਹੀ ਹੈਂ, ਕੋਈ ਵਿੱਥ ਨਹੀਂ ਹੈ ਇਸ ਦੇ ਵਿਚ ਤੇ ਫੇਰ ਤੇਰਾ ਮਿਲਾਪ ਕਿਉਂ ਨਹੀਂ ਹੁੰਦਾ? ਗੁਰੂ ਮਹਾਰਾਜ ਜੀ ਕਹਿੰਦੇ ਪਿਆਰਿਆ!

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ - ੬੨੪*

ਇਕ ਨਿਕਾ ਜਿਹਾ ਪਰਦਾ ਪੈਣ ਕਰਕੇ ਜਿਵੇਂ ਭੰਬੀਰੀ ਦਾ ਖੰਭ ਹੁੰਦਾ ਹੈ ਪਲਾਸਟਿਕ ਦਾ ਪਤਲਾ ਜਿਹਾ ਕਾਗਜ਼ ਹੁੰਦਾ ਹੈ ਉਸਦੇ ਕਰਕੇ ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੁੰਦੇ, ਸਾਰ-ਪਾਰ ਸਾਡੀ ਸੁਰਤ ਜਾ ਨਹੀਂ ਸਕਦੀ ਉਥੇ ਟੱਕਰ ਖਾ ਕੇ ਮੁੜ ਆਉਂਦੀ ਹੈ। ਕਾਰ ਚਲਦੀ ਹੈ, ਕਾਰ ਦੇ ਵਿਭਾਜਕ ਵਿਚ ਪਲਾਸਟਿਕ ਦਾ ਜ਼ਰਾ ਕੁ ਕਾਗਜ਼ ਰੱਖ ਦੇਵੇ ਮੁੜ ਕੇ ਕਾਰ

ਚਾਲੂ ਨਹੀਂ ਹੁੰਦੀ। ਕਰੰਟ ਪਾਸ ਨਹੀਂ ਹੁੰਦੀ। ਬੈਟਰੀ ਵੀ ਠੀਕ ਹੈ, ਤਾਰਾਂ ਵੀ ਠੀਕ ਨੇ ਲੇਕਿਨ Distributor ਕੋਲੋਂ ਜਿਥੋਂ ਪਲੱਗਾਂ ਨੂੰ ਕਰੰਟ ਜਾਣੀ ਹੈ, ਇੰਜਣ ਨੂੰ ਜਾਣੀ ਹੈ ਉਸ ਥਾਂ ਤੇ ਇਕ ਬਹੁਤ ਹੀ ਬਰੀਕ ਪੜਦਾ ਆ ਗਿਆ। ਇਹ ਤਾਂ ਪੜਦਾ ਹੀ ਹੈ ਜੇ ਉਸਦੇ ਉਤੇ ਕਾਰਬਨ ਵੀ ਆ ਜਾਵੇ ਤਾਂ ਵੀ ਪਾਸ ਨਹੀਂ ਹੁੰਦੀ। ਸੋ ਇਸੇ ਤਰ੍ਹਾਂ ਦੇ ਨਾਲ ਆਦਮੀ ਦੇ ਅੰਦਰ ਇਕ ਅਗਿਆਨ ਦੀ ਕਾਰਬਨ ਜਾਂ ਅਗਿਆਨ ਦਾ ਪੜਦਾ ਹੈ ਜੋ ਪ੍ਰਮੇਸ਼ਰ ਦੀ ਕਰੰਟ ਨੂੰ ਅਨੁਭਵ ਨਹੀਂ ਹੋਣ ਦਿੰਦਾ। ਇਸ ਕਰਕੇ ਅਸੀਂ ਸੁਖੀ ਨਹੀਂ ਹੁੰਦੇ ਕਿਉਂਕਿ ਸੁਖ ਜੋ ਹੈ, ਸਤਿ, ਚਿਤ, ਅਨੰਦ ਕੇਵਲ ਵਾਹਿਗੁਰੂ ਹੈ। ਸੋ ਐਸੇ ਜੋ ਪੁਰਸ਼ ਨੇ ਜਿਨ੍ਹਾਂ ਨੂੰ ਪ੍ਰਮੇਸ਼ਰ ਭੁੱਲਦਾ ਹੀ ਨਹੀਂ ਹੈ, ਜਿਨ੍ਹਾਂ ਦੇ ਅਗਿਆਨ ਦਾ ਪੂਰਨ ਤੌਰ ਤੇ ਨਾਸ਼ ਹੋ ਗਿਆ ਤੇ ਜਿਨ੍ਹਾਂ ਦੀ 'ਮੈਂ' ਮਰ ਗਈ ਉਹ ਪ੍ਰਮੇਸ਼ਰ ਹੀ ਹੋਇਆ ਕਰਦੇ ਨੇ, ਉਨ੍ਹਾਂ ਦਾ ਨਾਉਂ ਉਨ੍ਹਾਂ ਨੂੰ ਗੁਰਮੁਖ ਕਹਿ ਦਿਓ, ਸੰਤ ਕਹਿ ਲਓ, ਸਾਧੂ ਕਹੋ, ਬ੍ਰਹਮਗਿਆਨੀ ਕਹੋ ਨਾਉਂ ਇਕੋ ਹੋਇਆ ਕਰਦੇ ਨੇ -

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
*ਅੰਗ - ੨੭੨*

ਉਸ ਦੀ ਸੰਗਤ ਵਾਸਤੇ ਮਹਾਰਾਜ ਜੀ ਅੱਗੇ ਅਰਦਾਸ ਕਰਦੇ ਨੇ ਕਹਿੰਦੇ ਮੈਂ ਢੀਠ ਹੋ ਕੇ ਮੰਗਦਾ ਹਾਂ। ਤੇਰੇ ਦਰ ਤੇ ਆ ਕੇ ਮੰਗਤਾ ਬਣ ਗਿਆ ਤੇ ਮੈਂ ਢੀਠ ਹੋ ਕੇ ਮੰਗਦਾ ਹਾਂ ਤੇਰਾ ਦਰਸ਼ਨ ਤਾਂ ਨਹੀਂ ਮੈਂ ਮੰਗ ਰਿਹਾ ਕਿਉਂਕਿ ਉਹ ਤਾਂ ਔਖਾ ਬਹੁਤ ਹੈ ਤੇ ਮੈਨੂੰ ਪਤਾ ਲਗ ਗਿਆ ਕਿ ਤੇਰਾ ਦਰਸ਼ਨ, ਜਦੋਂ ਤੱਕ ਕੋਈ ਸਹਾਇਤਾ ਨਾ ਕਰੇ ਓਨਾਂ ਚਿਰ ਹੋ ਨਹੀਂ ਸਕਦਾ ਇਸ ਕਰਕੇ ਮੈਂ ਤੇਰੇ ਪਿਆਰਿਆਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ। ਮੈਂ ਧੂੜ ਲੈ ਕੇ ਮਸਤਕ ਦੇ ਨਾਲ ਲਾਵਾਂ ਤੇ ਉਹ ਮੇਰੇ ਤੇ ਰੀਝਣ, ਮੇਰਾ ਪਿਆਰ ਉਨ੍ਹਾਂ ਨਾਲ ਬਣੇ ਫੇਰ ਜਿਹੜਾ ਉਨ੍ਹਾਂ ਦਾ ਬਚਨ ਹੈ ਉਸ ਨੂੰ ਮੈਂ ਕਮਾਵਾਂ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਸੋ ਜਦੋਂ ਤੱਕ ਸਾਨੂੰ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਉੱਚੀ ਸੰਗਤ ਨਹੀਂ ਪ੍ਰਾਪਤ ਹੁੰਦੀ ਓਨੀਂ ਦੇਰ ਤੱਕ ਸਾਡੇ ਹਉਕੇ ਤੇ ਹਾਵੇ ਖਤਮ ਨਹੀਂ ਹੋਇਆ ਕਰਦੇ, ਬਰਕਤਾਂ ਨਹੀਂ ਪਿਆ ਕਰਦੀਆਂ। ਸਾਰੀਆਂ ਬਰਕਤਾਂ ਪੈਂਦੀਆਂ ਨੇ ਜੇ ਪ੍ਰਮੇਸ਼ਰ ਦਾ ਨਾਮ ਹਿਰਦੇ ਵਿਚ ਵਸ ਜਾਵੇ -

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - ੬੪੯*

ਮਹਾਰਾਜ ਜੀ ਕਹਿੰਦੇ ਤੈਨੂੰ ਪਿੱਛੇ ਫਿਰਨ ਦੀ ਲੋੜ ਨਹੀਂ, ਸਾਰਾ ਸੰਸਾਰ ਮਾਇਆ ਦੇ ਪਿਛੇ ਫਿਰਦਾ ਹੈ ਪਰ ਮਾਇਆ ਦਾ ਪਰਛਾਵਾਂ ਅੱਗੇ ਹੀ ਅੱਗੇ ਵਧਦਾ ਜਾਂਦਾ ਹੈ ਹੱਥ ਵਿਚ ਨਹੀਂ ਆਉਂਦਾ। ਆਪਣੇ ਪਰਛਾਵੇਂ ਨੂੰ ਜੇ ਕੋਈ ਹੱਥ ਪਾਵੇ ਤਾਂ ਉਹ ਹੱਥ ਵਿਚ ਆਉਂਦਾ ਨਹੀਂ ਹੈ, ਅੱਗੇ ਹੋਰ ਵਧ ਜਾਂਦਾ ਹੈ ਕਿਉਂਕਿ ਸੂਰਜ ਵੱਲ ਪਿੱਠ ਕਰੀ ਹੋਈ ਹੈ, ਜਦੋਂ ਸੂਰਜ ਵੱਲ ਮੂੰਹ ਕਰ ਲਏਂਗਾ ਤਾਂ ਪਰਛਾਵਾਂ ਪਿੱਛੇ ਹੋ ਜਾਏਗਾ। ਇਸੇ ਤਰ੍ਹਾਂ ਜਦੋਂ ਸਾਰੀਆਂ ਦਾਤਾਂ ਦੇ ਮਾਲਕ ਨੂੰ ਹਿਰਦੇ ਵਿਚ ਵਸਾ ਲਏਂਗਾ ਉਸ ਵੇਲੇ ਮਹਾਰਾਜ ਜੀ ਕਹਿੰਦੇ ਸਾਰੀਆਂ ਹੀ ਬਰਕਤਾਂ, ਨੌਂ ਹੀ ਖਜ਼ਾਨੇ - ਚਾਂਦੀ ਦਾ, ਸੋਨੇ ਦਾ, ਹੀਰਿਆਂ ਦਾ, ਜਵਾਹਰਾਤਾਂ ਦਾ, ਪੰਨਿਆਂ ਦਾ ਇਹ ਜਿੰਨੀਆਂ ਵੀ ਕੀਮਤੀ ਧਾਤਾਂ ਦੇ ਖਜ਼ਾਨੇ ਨੇ ਇਹ ਤੇ ਜਿੰਨੀਆਂ ਸ਼ਕਤੀਆਂ ਨੇ। ਨੌਂ ਖਜ਼ਾਨੇ ਤੇ 18 ਸਿੱਧੀਆਂ ਇਹ ਪਿਛੇ ਲਗਦੀਆਂ ਫਿਰਦੀਆਂ ਹਨ ਜਿਸਦੇ ਹਿਰਦੇ ਵਿਚ ਵਾਹਿਗੁਰੂ ਹਰ ਵਕਤ ਵਸਿਆ ਰਹਿੰਦਾ ਹੈ। ਹਿਰਦੇ ਵਿਚ ਵਸਾਉਣਾ ਔਖਾ ਹੈ ਕਹਿੰਦੇ ਮੂੰਹ ਤੋਂ ਤਾਂ ਰਾਮ-ਰਾਮ, ਵਾਹਿਗੁਰੂ-ਵਾਹਿਗੁਰੂ ਸਾਰੇ ਹੀ ਕਹਿੰਦੇ ਨੇ -

*ਮੁਖਹੁ ਹਰਿ ਹਰਿ ਸਭੁ ਕੋ ਕਰੈ*
*ਵਿਰਲੈ ਹਿਰਦੈ ਵਸਾਇਆ ॥*
*ਨਾਨਕ ਜਿਨ ਕੈ ਹਿਰਦੈ ਵਸਿਆ*
*ਮੋਖ ਮੁਕਤਿ ਤਿਨ੍ ਪਾਇਆ ॥ ਅੰਗ - ੫੬੫*

ਕੋਈ ਵਿਰਲਾ ਪੁਰਸ਼ ਹੈ, ਉਹ ਵੀ ਲੱਖਾਂ ਵਿਚੋਂ ਨਹੀਂ ਕਰੋੜਾਂ ਵਿਚੋਂ ਇਕ ਹੈ ਜਿਸਦੇ ਹਿਰਦੇ ਵਿਚ ਵਾਹਿਗੁਰੂ ਵਸ ਜਾਵੇ। ਸੋ ਜੇ ਵਾਹਿਗੁਰੂ ਹਿਰਦੇ ਵਿਚ ਵਸ ਜਾਵੇ ਤਾਂ ਫੇਰ ਸਾਰੀ ਦੁਨੀਆਂ ਉਸ ਦੇ ਨਾਲ ਪਿਆਰ ਕਰਦੀ ਹੈ, ਸਾਰੀਆਂ ਬਰਕਤਾਂ ਉਸਦੇ ਪਿੱਛੇ ਲਗੀਆਂ ਫਿਰਦੀਆਂ ਨੇ, ਸਾਰੇ ਸੁੱਖ ਆ ਜਾਂਦੇ ਨੇ। ਮਹਾਰਾਜ ਜੀ ਕਹਿੰਦੇ ਪਰ ਐਸਾ ਸੰਸਾਰ ਦੇਖਿਆ ਹੈ ਜੂਆ ਖੇਡਦਾ ਹੈ ਕਿ -

*ਐਸਾ ਜਗੁ ਦੇਖਿਆ ਜੁਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ਅੰਗ - ੨੨੨*

ਨਾਮ ਨੂੰ ਭੁੱਲ ਕੇ ਸੰਸਾਰ ਕਹਿੰਦਾ ਹੈ ਕਿ ਮੈਨੂੰ ਸਾਰੇ ਸੁੱਖ ਮਿਲ ਜਾਣ। ਨਾਮ ਨੂੰ ਭੁੱਲ ਕੇ ਤਾਂ ਸੁੱਖ ਹੁੰਦਾ ਹੀ ਨਹੀਂ। ਮਹਾਰਾਜ ਜੀ ਕਹਿੰਦੇ ਜੇ ਨਾਮ ਭੁੱਲ ਜਾਵੇ ਦੁਖ ਸ਼ੁਰੂ ਹੋ ਜਾਂਦੇ ਨੇ -

*ਕੋਟਿ ਬਿਘਨ ਤਿਸੁ ਲਾਗਤੇ*
*ਜਿਸ ਨੋ ਵਿਸਰੈ ਨਾਉ ॥*
*ਨਾਨਕ ਅਨਦਿਨੁ ਬਿਲਪਤੇ*
*ਜਿਉ ਸੁੰਞੈ ਘਰਿ ਕਾਉ ॥* *ਅੰਗ - ੫੨੨*

ਕਰੋੜਾਂ ਵਿਘਨ ਉਸ ਦੇ ਰਾਹ ਵਿਚ ਆ ਕੇ ਖੜ੍ਹੇ ਹੋ ਜਾਂਦੇ ਨੇ ਜਿਸਨੂੰ ਪ੍ਰਮੇਸ਼ਰ ਦਾ ਨਾਮ ਭੁੱਲ ਜਾਵੇ। ਜਦੋਂ ਨਾਮ ਚਿੱਤ ਆ ਜਾਵੇ ਤਾਂ -

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*
*ਅੰਗ - ੨੬੨*

ਜਦੋਂ ਪ੍ਰਭੂ ਦੀ ਹਰ ਵਕਤ ਯਾਦ ਬਣ ਜਾਏਗੀ ਕਿਉਂਕਿ ਜਾਪ ਹੋਰ ਚੀਜ਼ ਹੈ, ਕੰਨ ਵਿਚ ਨਾਮ ਚਲੇ ਜਾਣਾ ਹੋਰ ਚੀਜ਼ ਹੈ ਤੇ ਪਸੰਤੀ ਬਾਣੀ ਵਿਚ ਨਾਮ ਚਲੇ ਜਾਣਾ ਹੋਰ ਚੀਜ਼ ਹੈ, ਪਰਾ ਬਾਣੀ ਵਿਚ ਜਦੋਂ ਨਾਮ ਚਲਿਆ ਜਾਂਦਾ ਹੈ ਉਸ ਵੇਲੇ ਹਿਰਦੇ ਵਿਚ ਵਸ ਜਾਇਆ ਕਰਦਾ ਹੈ। ਪਰਾ ਬਾਣੀ ਜੋ ਹੈ ਉਹ ਦਸਵੇਂ ਦੁਆਰ ਦੀ ਬਾਣੀ ਹੈ। ਸੋ ਜਦੋਂ ਨਾਮ ਹਿਰਦੇ ਵਿਚ ਵਸ ਗਿਆ ਫੇਰ ਸਾਰੀਆਂ ਹੀ ਬਰਕਤਾਂ ਪ੍ਰਾਪਤ ਹੋ ਜਾਂਦੀਆਂ ਹਨ ਕਿਉਂਕਿ ਮਾਇਆ ਦਾਸੀ ਬਣ ਜਾਂਦੀ ਹੈ, ਦਾਸੀ ਬਣ ਕੇ ਸੇਵਾ ਮੰਗਦੀ ਰਹਿੰਦੀ ਹੈ ਕਿ ਮੈਥੋਂ ਸੇਵਾ ਲਓ, ਮੈਂ ਸੇਵਾ ਕਰਾਂਗੀ ਫੇਰ ਜਿਸ ਪਾਸੇ ਨੂੰ ਵੀ ਵਧਦਾ ਹੈ ਤਾਂ ਬਰਕਤਾਂ ਹੀ ਬਰਕਤਾਂ ਉਸ ਦੀ ਕਮਾਈ ਵਿਚ ਆ ਜਾਂਦੀਆਂ ਨੇ। ਦੂਸਰਾ ਇਹ ਹੈ ਕਿ ਇਹ ਗੱਲ ਤਾਂ ਹੋਣੀ ਬੜੀ ਮੁਸ਼ਕਲ ਹੈ ਜ਼ਿੰਦਗੀ 'ਚ ਇਕ-ਅੱਧੇ ਦੀ ਹੋ ਗਈ ਤਾਂ ਹੋ ਗਈ ਸਾਰਿਆਂ ਦੀ ਨਹੀਂ ਹੁੰਦੀ। ਸੋ ਮਹਾਰਾਜ ਕਹਿੰਦੇ -

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥* *ਅੰਗ - ੨੬੬*

ਤਾਂ ਉਸ ਸੰਗਤ ਦੀ ਸੇਵਾ ਵਿਚ ਲਗ ਜਾਵੇ ਜੋ ਪ੍ਰਮੇਸ਼ਰ ਨੂੰ ਯਾਦ ਕਰਨ ਵਾਲੇ ਨੇ ਉਥੋਂ ਧਰਮ ਮਿਲ ਜਾਏਗਾ, ਕਾਮਨਾ ਪੂਰੀ ਹੋ ਜਾਏਗੀ, ਅਰਥ ਪੈਸੇ ਟਕੇ ਦੀ ਸੁਖਾਲ ਹੋ ਜਾਏਗੀ ਤੇ ਮੁਕਤੀ ਮਿਲ ਜਾਏਗੀ ਪਰ ਇਹ ਜੀਵ ਐਸਾ ਹੈ ਕਿ ਮੰਗਦਾ ਸਭ ਕੁਛ ਹੈ ਪਰ ਦੇਣ ਨੂੰ ਕੁਛ ਨਹੀਂ ਹੈ ਹਰ ਚੀਜ਼ ਮੰਗਦਾ ਹੈ ਤੇ ਮੰਗ ਕੇ ਆਪਣੀ ਬਣਾ ਲੈਂਦਾ ਹੈ। ਇਸੇ ਸ਼ਬਦ ਵਿਚ ਮਹਾਰਾਜ ਜੀ ਕਹਿੰਦੇ ਨੇ ਕਿ ਜੀਵ ਤੇ ਪਿੰਡ ਜਿਹੜਾ ਸਰੀਰ ਤੇ ਜੀਵ ਹੈ ਇਸ ਦੇ ਵਿਚ ਇਹ ਦੋਵੇਂ ਹੀ ਵਾਹਿਗੁਰੂ ਦੇ ਨੇ। ਇਸਨੂੰ ਦਾਤਾਂ ਵੀ ਵਾਹਿਗੁਰੂ ਹੀ ਦਿੰਦਾ ਹੈ, ਇਹ ਦਾਤਾਂ ਦੇ ਉਤੇ ਕਬਜ਼ਾ ਕਰ ਲੈਂਦਾ ਹੈ ਕਿ ਮੇਰੀਆਂ ਨੇ ਇਹ -

*ਦਸ ਬਸਤੂ ਲੇ ਪਾਛੈ ਪਾਵੈ ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥*
*ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥*
*ਤਉ ਮੂੜਾ ਕਹੁ ਕਹਾ ਕਰੇਇ ॥*
*ਅੰਗ - ੨੬੮*

ਉਸ ਦੀਆਂ ਦਿੱਤੀਆਂ ਹੋਈਆਂ ਦੱਸਾਂ ਵਸਤੂਆਂ ਦੇ ਵਿਚੋਂ ਇਕ ਚੀਜ਼ ਵੀ ਕੱਢਣੀ ਔਖੀ ਮੰਨਦਾ ਹੈ, ਉਸ ਨੂੰ ਕਹਿੰਦਾ ਹੈ ਕਿ ਇਹ ਵੀ ਮੈਂ ਨਾ ਦੇਵਾਂ। ਇਸ ਦੀ ਕਮਾਈ ਦੇ ਵਿਚ ਗੁਰੂ ਦਾ ਹਿੱਸਾ ਨਹੀਂ ਹੈ ਉਹ ਕਮਾਈ ਦੂਸ਼ਿਤ ਹੋ ਜਾਇਆ ਕਰਦੀ ਹੈ ਤੇ ਉਹ ਵਧਿਆ ਨਹੀਂ ਕਰਦੀ। ਜਿਸ ਕਮਾਈ ਦੇ ਵਿਚ ਗੁਰੂ ਦਾ ਹਿੱਸਾ ਹੈ ਉਹ ਵਧੀ ਜਾਇਆ ਕਰਦੀ ਹੈ। ਸੋ ਇਸ ਤਰ੍ਹਾਂ ਕਾਰੋਬਾਰ ਚਲਦੇ ਨੇ ਜਿਸ ਦੇ ਵਿਚ ਗੁਰੂ ਦਾ ਹਿੱਸਾ ਹੋਵੇ, ਨੇਕ ਥਾਂ ਦੇ ਉਤੇ ਉਸ ਦਾ ਧਨ ਲਗਦਾ ਹੋਵੇ ਫੇਰ ਜਿਹੜੇ ਵਿਘਨ ਨੇ ਉਹ ਉਸ ਧਨ ਦੇ ਵਿਚ ਨਿਕਲ ਜਾਂਦੇ ਨੇ ਜਿਹੜਾ ਉਹ ਗੁਰੂ ਦੇ ਨਮਿਤ ਦਿੰਦਾ ਹੈ। ਉਸ ਦੇ ਕੋਲ ਸ਼ੁੱਧ ਧਨ ਰਹਿ ਜਾਂਦਾ ਹੈ, ਸ਼ੁੱਧ ਧਨ ਫੇਰ ਵਿਘਨਾਂ ਨੂੰ ਨੇੜੇ ਨਹੀਂ ਆਉਣ ਦਿੰਦਾ ਤੇ ਕਮਾਈ ਵਿਚ ਬਰਕਤ ਪੈ ਜਾਂਦੀ ਹੈ।

ਸੋ ਇਸ ਤਰ੍ਹਾਂ ਜਿਸ ਨੇ ਸਾਨੂੰ ਜੀਵ ਵੀ ਦਿੱਤਾ, ਪਿੰਡ ਵੀ ਦਿੱਤਾ ਹੈ, ਸਰੀਰ ਦਿੱਤਾ ਹੈ, ਆਹ ਸਾਰਾ ਸੰਸਾਰ ਦਿੱਤਾ ਹੈ, ਨੇਤਰ ਦਿੱਤੇ ਨੇ, ਬੋਲਣ ਨੂੰ ਜਿਹਵਾ ਦਿੱਤੀ ਹੈ ਉਸਨੂੰ ਮਨ ਵਿਚ ਨਹੀਂ ਵਸਾਉਂਦੇ ਅਸੀਂ, ਉਸਨੂੰ ਮਨ ਵਿਚ ਵਸਾਉਣਾ ਚਾਹੀਦਾ ਹੈ ਉਸ ਦੇ ਨਾਲ ਸਾਡਾ ਪਿਆਰ ਲੱਗਣਾ ਚਾਹੀਦਾ ਹੈ, ਪਿਆਰ ਸਤਿਸੰਗ ਵਿਚ ਆ ਕੇ ਲਗਦਾ ਹੈ, ਇਕੱਲੇ ਦਾ ਨਹੀਂ ਲਗਦਾ, ਇਕੱਲਾ ਬੰਦਾ ਗੁਮਰਾਹ ਜਿਹਾ ਹੋ ਜਾਂਦਾ ਹੈ, ਨਾਮ ਜਪਣ ਲੱਗਿਆ ਹੋਇਆ ਵੀ ਵਿਚ ਹੀ ਰਹਿ ਜਾਂਦਾ ਹੈ। ਇਸ ਕਰਕੇ ਸੰਗਤ ਦੀ ਲੋੜ ਹੈ, ਦੋ ਚੀਜ਼ਾਂ ਨੇ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* *ਅੰਗ - ੬੪੨*

ਕੋਲ ਸਤਿਸੰਗ ਹੁੰਦਾ ਹੋਵੇ ਪਰ ਜਾ ਨਹੀਂ ਸਕਦਾ ਕਿਉਂਕਿ ਉਸਦੇ ਭਾਗ ਨਹੀਂ ਬਣੇ। ਉਥੇ ਕੋਈ ਰੋਕਦਾ ਤਾਂ ਹੈ ਨਹੀਂ, ਜਾਓ ਤਾਂ ਪ੍ਰਸ਼ਾਦ-ਪਾਣੀ ਵੀ ਮਿਲਦਾ ਹੈ, ਬੈਠਣ ਨੂੰ ਵੀ ਥਾਂ ਮਿਲਦਾ ਹੈ ਲੇਕਿਨ ਮਾੜੇ ਭਾਗਾਂ ਕਾਰਨ ਜਾਂਦਾ ਨਹੀਂ। ਮਾੜੇ ਭਾਗ ਹੋਣ, ਪਾਪਾਂ ਦਾ ਬਲ ਹੋਵੇ ਤਾਂ ਸੰਗਤ ਵਿਚ ਨਹੀਂ ਆ ਸਕਿਆ ਕਰਦਾ ਆਦਮੀ। ਕੋਲ ਰਹਿੰਦਾ ਹੋਇਆ ਦਰਵਾਜ਼ੇ ਦੇ ਕੋਲ ਸਤਿਸੰਗ ਹੁੰਦਾ ਹੋਵੇ ਉਥੇ ਨਹੀਂ ਜਾ ਸਕਿਆ ਕਰਦਾ ਕਿਉਂਕਿ ਉਸ ਦੇ ਅਜੇ ਕਰਮ ਨਹੀਂ

ਬਣ ਸਕੇ ਕਿ ਉਹ ਸਤਿਸੰਗ ਵਿਚ ਜਾਵੇ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ ਕਿ ਅਸੀਂ ਢੀਠ ਹੋ ਕੇ ਦਾਨ ਮੰਗਦੇ ਹਾਂ -

*ਪਾਵਉ ਦਾਨੁ ਢੀਠੁ ਹੋਇ ਮਾਗਉ*
*ਮੁਖਿ ਲਾਗੈ ਸੰਤ ਰੇਨਾਰੇ ॥*
*ਜਨ ਨਾਨਕ ਕਉ ਗੁਰਿ ਕਿਰਪਾ ਧਾਰੀ*
*ਪ੍ਰਭਿ ਹਾਥ ਦੇਇ ਨਿਸਤਾਰੇ ॥ ਅੰਗ - ੭੩੮*

ਕਿਹੜਾ ਦਾਨ ਮੰਗਦਾ ਹਾਂ? ਸੰਤਾਂ ਦੀ ਧੂੜੀ ਮੇਰੇ ਮੁੱਖ ਨੂੰ ਲਗ ਜਾਵੇ ਇਹ ਮੈਨੂੰ ਦੇ ਦੇ ਦਾਨ ਕਿਉਂਕਿ ਇਸਦੇ ਵਿਚ ਬਰਕਤਾਂ ਹੀ ਬਰਕਤਾਂ ਨੇ। ਇਸ ਧੂੜੀ ਨੂੰ ਤੀਰਥ ਵੀ ਲੋਚਦੇ ਨੇ -

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ ਕਿਲਵਿਖ*
*ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥*
*ਅੰਗ - ੧੨੬੩*

ਜਿਹੜੇ ਦੇਵਤੇ ਨੇ ਤੀਰਥਾਂ ਦੇ ਵੱਡੇ ਜਿੱਥੇ ਅਸੀਂ ਇਸ਼ਨਾਨ ਕਰਕੇ ਸੁੱਖਣਾ ਸੁਖਦੇ ਹਾਂ ਉਹ ਵੀ ਸੰਤਾਂ ਦੀ ਧੂੜੀ ਦੀ ਲੋਚਾ ਕਰਦੇ ਨੇ ਤੇ ਉਨ੍ਹਾਂ ਦੇ ਕਹਿਣੇ ਵਿਚ ਚਲਦੇ ਨੇ।

ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਜੋ ਰਾੜੇ ਸਾਹਿਬ ਦੀ ਸੰਪਰਦਾ ਤੋਂ ਉਪਰਲੇ ਮਹਾਤਮਾ ਨੇ। ਆਪ ਦੇ ਕੋਲ ਸੰਤ ਪ੍ਰੇਮ ਸਿੰਘ ਨਿਰਮਲੀਏ ਸੰਤ ਆ ਗਏ, ਸੌ ਸੇਵਕ ਸੀ ਉਨ੍ਹਾਂ ਦੇ ਨਾਲ ਸੀ, ਤੇ ਉਹ ਕੁੰਭ ਦਾ ਇਸ਼ਨਾਨ ਕਰਨ ਜਾ ਰਹੇ ਸੀ। ਬਾਬਾ ਜੀ ਕੋਲ ਬੜੇ ਦਿਨ ਠਹਿਰਨ ਤੋਂ ਬਾਅਦ ਜਦੋਂ ਇਹ ਗੱਲ ਕਹੀ ਕਿ ਅਸੀਂ ਉਥੇ ਇਸ਼ਨਾਨ ਕਰਨ ਜਾ ਰਹੇ ਹਾਂ ਤਾਂ ਬਾਬਾ ਜੀ ਦੇ ਮੁੱਖ ਤੋਂ ਸਹਿਜ ਸੁਭਾਅ ਨਿਕਲ ਗਿਆ ਕਿ ਇੱਥੇ ਹੀ ਮੰਗਾ ਲੈਂਦੇ ਹਾਂ ਉਸਨੂੰ, ਤੁਸੀਂ ਇੱਥੇ ਹੀ ਇਸ਼ਨਾਨ ਕਰ ਲਇਓ, ਉਥੇ ਕਾਹਨੂੰ ਖੇਚਲ ਕਰਦੇ ਹੋ ਜਾਣ ਦੀ। ਉਨ੍ਹਾਂ ਵਿਚੋਂ 24 ਸੇਵਕ ਤਾਂ ਇਸ ਗੱਲ ਤੇ ਨਿਹਚਾ ਕਰਕੇ ਕਿ ਸਮਰੱਥ ਪੁਰਸ਼ ਦਾ ਬਚਨ ਹੈ ਇਹ, ਇਨ੍ਹਾਂ ਦਾ ਕਹਿਣਾ ਸਾਰੇ ਮੰਨਦੇ ਨੇ - ਪੌਣ ਵੀ ਮੰਨਦੀ ਹੈ, ਪਾਣੀ ਵੀ ਮੰਨਦਾ ਹੈ, ਬੈਸੰਤਰ ਵੀ ਮੰਨਦਾ ਹੈ ਸਾਰੇ ਮੰਨਦੇ ਨੇ ਇਨ੍ਹਾਂ ਦਾ ਕਹਿਣਾ, ਜਿਹੜੇ 76 ਸੀ ਉਨ੍ਹਾਂ ਨੇ ਕਿਹਾ ਨਹੀਂ ਜੀ ਇੱਥੇ ਕਿੱਥੇ ਇਸ਼ਨਾਨ ਹੋ ਜਾਏਗਾ, ਇਥੇ ਜੇ ਇਸ਼ਨਾਨ ਕਰਾ ਦਿਤਾ ਤਾਂ ਅਸੀਂ ਕਿਵੇਂ ਮੰਨ ਲਵਾਂਗੇ? ਜੋ ਅਰਧ-ਕੁੰਭੀ ਦਾ ਫਲ ਹੈ ਉਹ ਉਥੇ ਜਾ ਕੇ ਹੀ ਅਸੀਂ ਲੈਣਾ ਹੈ। 76 ਚਲੇ ਗਏ ਤੇ 24 ਇੱਥੇ ਰਹਿ ਗਏ ਹੋਤੀ ਮਰਦਾਨ। ਜਿਸ ਵਕਤ ਸਮਾਂ ਆਇਆ ਤਾਂ ਕਹਿਣ ਲੱਗੇ ਕਿ ਬਾਬਾ ਜੀ! ਸਮਾਂ ਤਾਂ ਹੋਣ ਵਾਲਾ ਹੋ ਗਿਆ।

ਬਾਬਾ ਜੀ ਕਹਿੰਦੇ, "ਚਲੋ ਭਾਈ! ਤੁਹਾਨੂੰ ਪਹਿਲਾਂ ਇਸ਼ਨਾਨ ਕਰਾ ਦੇਈਏ।"

ਕਲਪਾਣੀ ਨਦੀ ਦੇ ਕੰਢੇ ਚਲੇ ਗਏ, ਉਥੇ ਖੜ੍ਹ ਕੇ ਬਾਬਾ ਜੀ ਨੇ ਆਵਾਜ਼ ਮਾਰੀ ਕਹਿੰਦੇ, ਐ ਗੰਗਾ! ਇਹ ਸਾਧੂ ਜਨ ਤੇਰੇ ਜਲ ਦੇ ਵਿਚ ਇਸ਼ਨਾਨ ਕਰਨਾ ਲੋਚਦੇ ਨੇ, ਥੋੜ੍ਹੀ ਦੇਰ ਵਾਸਤੇ ਤੂੰ ਇੱਥੇ ਆ ਜਾਹ।

ਬਾਬਾ ਜੀ ਨੇ ਕਿਹਾ ਕਿ ਉਹ ਪੱਥਰ ਚੁੱਕ ਦਿਓ। ਜਦੋਂ ਪੱਥਰ ਚੁੱਕ ਕੇ ਪਰ੍ਹੇ ਕਰਿਆ ਤਾਂ 4 ਫੁੱਟ ਉਚੀ ਪਾਣੀ ਦੀ ਧਾਰ ਜਿਵੇਂ ਫੁਆਰਾ ਚਲਦਾ ਹੈ ਐਉਂ ਚੱਲ ਪਈ।

ਬਾਬਾ ਜੀ ਕਹਿੰਦੇ, ਭਾਈ! ਛੇਤੀ-ਛੇਤੀ ਇਸ਼ਨਾਨ ਕਰ ਲਓ ਕਿਉਂ ਉਥੇ ਵੀ ਲੋਕ ਉਡੀਕਦੇ ਨੇ ਗੰਗਾ ਇਥੇ ਆ ਚੁੱਕੀ ਹੈ, ਉਥੇ ਇਸ ਵੇਲੇ ਨਹੀਂ ਹੈ।

ਸੋ ਜਦੋਂ ਸਾਧੂਆਂ ਨੇ ਇਸ਼ਨਾਨ ਕਰ ਲਿਆ ਉਸ ਤੋਂ ਬਾਅਦ ਬਾਬਾ ਜੀ ਕਹਿੰਦੇ ਕਿ ਚੰਗਾ! ਹੁਣ ਤੂੰ ਜਾਹ ਉਥੇ ਵੀ ਆਪਣੇ ਭਗਤਾਂ ਨੂੰ, ਆਪਣੇ ਇਸ਼ਨਾਨ ਦਾ ਫਲ ਦੇਹ। ਸੋ ਤੀਰਥ ਜਿਹੜੇ ਨੇ ਉਹ ਸੰਤਾਂ ਦੀ ਸੇਵਾ ਵਿਚ ਆ ਜਾਂਦੇ ਨੇ, ਸੋ ਉਹ ਵੀ ਧੂੜੀ ਲੋਚਦੇ ਨੇ ਤੇ ਉਸੇ ਧੂੜੀ ਨੂੰ ਅਸੀਂ ਕਹਿੰਦੇ ਹਾਂ - ਹੇ ਵਾਹਿਗੁਰੂ ! -

*ਪਾਵਉ ਦਾਨੁ ਢੀਠੁ ਹੋਇ ਮਾਗਉ*
*ਮੁਖਿ ਲਾਗੈ ਸੰਤ ਰੇਨਾਰੇ ॥*
*ਜਨ ਨਾਨਕ ਕਉ ਗੁਰਿ ਕਿਰਪਾ ਧਾਰੀ*
*ਪ੍ਰਭਿ ਹਾਥ ਦੇਇ ਨਿਸਤਾਰੇ ॥ ਅੰਗ - ੭੩੮*

ਸੰਤ ਦੀ ਰੇਣ ਜੇ ਮੇਰੇ ਮੁੱਖ ਲਗ ਗਈ ਤਾਂ ਇਸ ਦੇ ਨਾਲ ਮੇਰੇ ਪਾਪ ਕੱਟੇ ਜਾਣਗੇ, ਮੈਨੂੰ ਨਾਮ ਮਿਲ ਜਾਏਗਾ ਤੇ ਨਾਮ ਦਾ ਨਿਵਾਸ ਹੋ ਜਾਏਗਾ ਤੇ ਸਾਰੀਆਂ ਹੀ ਬਰਕਤਾਂ ਮੈਨੂੰ ਪ੍ਰਾਪਤ ਹੋ ਜਾਣਗੀਆਂ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

***- ਸੋਧ -***

***ਪਿਛਲੇ ਜੁਲਾਈ 2007 ਅੰਕ ਤਤਕਰੇ ਵਾਲੇ ਪੰਨੇ ਤੇ ਅੰਕ ਦੂਜਾ, ਮਹੀਨਾ ਮਈ ਦੇ ਜਗ੍ਹਾ ਤੇ ਅੰਕ ਚੌਥਾ, ਮਹੀਨਾ ਜੁਲਾਈ ਪੜ੍ਹਿਆ ਜਾਵੇ ਜੀ ।***

# ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਠਾਕੁਰ ਤੁਮ੍ ਸਰਣਾਈ ਆਇਆ ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ ॥*
*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ ॥ ੧ ॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥*
*ਕਹੁ ਨਾਨਕ ਗੁਰਿ ਬੰਧਨ ਕਾਟੇ*
*ਬਿਛੁਰਤ ਆਨਿ ਮਿਲਾਇਆ ॥*

*ਅੰਗ - ੧੨੧੮*

***ਧਾਰਨਾ - ਸੰਸਾ ਮੇਰਾ ਜੀ ਉਤਰ ਗਿਆ,***
***ਪਿਆਰੇ ਜਬ ਤੇ ਦਰਸ਼ਨ ਪਾਇਆ।***

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਧਿਆਨ ਗੁਰੂ ਨਾਨਕ ਪਾਤਸ਼ਾਹ ਦਾ ਹਿਰਦੇ 'ਚ ਧਾਰਨ ਕਰੋ, ਜੋ ਵਿਚਾਰ ਗੁਰੂ ਮਹਾਰਾਜ ਜੀ ਨੇ ਸਾਨੂੰ ਦਿਤੀ ਹੈ, ਇਕੋ ਹੀ ਸ਼ਬਦ ਦੀ ਜੋ ਆਪਾਂ ਪੜ੍ਹਿਆ ਹੈ, ਜੇ ਇਹਦਾ ਅਰਥ ਸਮਝ 'ਚ ਆ ਜਾਵੇ, ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਸੁੱਖ ਜਿਹੜੇ ਨੇ ਸਹਿਜ ਨਾਲ ਹੀ ਘਰ ਵਿਚ ਆ ਕੇ ਸਰੀਰ ਦੇ ਵਿਚ ਵੀ ਤੇ ਬਾਹਰ ਵੀ, ਭਾਈਚਾਰੇ 'ਚ ਵੀ, ਸੰਸਾਰ 'ਚ ਵੀ; ਸੁੱਖ ਵਸ ਜਾਂਦੇ ਨੇ ਤੇ ਦੁਖ ਨੱਠ ਜਾਂਦੇ ਨੇ, ਪਰ ਇਹ ਤਾਂ ਹੁੰਦੇ ਨੇ ਜੇ ਪੂਰਾ ਸਤਿਗੁਰੂ ਬਾਂਹ ਫੜ ਕੇ ਕੱਢ ਲਵੇ, ਨਹੀਂ ਤਾਂ ਨਹੀਂ ਸੰਸਾ ਉਤਰਦਾ।

ਇਹ ਇਕ ਵਿਚਾਰ ਹੈ ਜਿਸਨੂੰ ਆਪ ਨੇ ਮਨ ਚਿੱਤ ਲਾ ਕੇ ਸਰਵਣ ਕਰਨਾ, ਸਾਖੀਆਂ ਬਹੁਤ ਆਪਾਂ ਵਿਚਾਰਦੇ ਰਹਿੰਦੇ ਹਾਂ ਕਿਉਂਕਿ ਉਹ ਪ੍ਰਤੀਕ ਹੋਇਆ ਕਰਦੀਆਂ ਨੇ, ਗੱਲ ਛੇਤੀ ਸਮਝ 'ਚ ਆ ਜਾਇਆ ਕਰਦੀ ਹੈ, ਸਤਿਸੰਗ ਦਾ ਮਤਲਬ ਇਹ ਹੈ ਕਿ ਅਸੀਂ ਕੋਈ ਖਾਸ ਕੰਮ ਕਰਨ ਆਏ ਹਾਂ, ਕੁਝ ਖਾਸ ਲਾਹਾ ਲੈਣ ਵਾਸਤੇ ਅਸੀਂ ਦੂਰ-ਦਰਾਜ਼ ਤੋਂ ਆਏ ਹਾਂ। ਡੇਢ ਸੌ, ਦੋ ਸੌ ਮੀਲ ਤੋਂ, ਦੂਰ-ਦੂਰ ਤੋਂ ਸੰਗਤ ਆਈ ਬੈਠੀ ਹੈ। ਧੰਨ ਹਨ ਉਹ ਜਿਨ੍ਹਾਂ ਦੇ ਉਤੇ ਪ੍ਰਮੇਸ਼ਰ ਦੀ ਐਸੀ ਕ੍ਰਿਪਾ ਹੈ ਕਿ ਉਹ ਸਤਿਸੰਗ ਦਾ ਲਾਹਾ ਲੈਂਦੇ ਨੇ। ਸਤਿਸੰਗ ਹੁੰਦਾ ਹੀ ਲਾਹੇ ਵਾਸਤੇ ਹੈ, ਇਹ ਨੁਮਾਇਸ਼ ਨਹੀਂ ਹੁੰਦੀ, ਉਹ ਬੋਲ ਪਿਆ, ਫਲਾਣਾ ਬੋਲ ਪਿਆ, ਉਹਨੇ ਕੁਛ ਹੋਰ ਕਹਿ ਦਿਤਾ, ਸਤਿਸੰਗ ਤਾਂ ਲਗਾਤਾਰ ਇਕ ਕਲਾਸ ਹੁੰਦੀ ਹੈ, ਜਿਸ ਵਿਚ ਮਾਸਟਰ ਜਿਹੜੇ ਨੇ, ਪੜ੍ਹੇ-ਲਿਖੇ ਉਹ ਆ ਕੇ ਪੜ੍ਹਾਉਂਦੇ ਨੇ। ਜੇ ਉਥੇ ਉਜੱਡ ਮਾਸਟਰ ਆ ਜਾਣ, ਅਣਜਾਣ ਆ ਜਾਣ, ਤਾਂ ਵਿਦਿਆਰਥੀ ਕਿਸੇ ਪਾਸੇ ਜੋਗਾ ਵੀ ਨਹੀਂ ਰਹਿੰਦਾ। ਮਹਾਰਾਜ ਜੀ ਨੇ ਇਸੇ ਵਾਸਤੇ ਕਿਹਾ ਹੈ ਕਿ ਜੋ ਸਤਿਸੰਗ ਹੈ ਉਥੇ ਕੇਵਲ ਨਾਮ ਦੀ ਵਿਚਾਰ ਹੁੰਦੀ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥* *ਅੰਗ - ੭੨*

ਇਕ ਸਤਿਸੰਗ ਨਾਲ ਵੀ ਪਾਰ ਉਤਾਰਾ ਹੋ ਸਕਦਾ ਹੈ, ਪਰ ਉਹਦੇ ਵਾਸਤੇ ਤਿਆਰੀ ਚਾਹੀਦੀ ਹੈ, ਸ਼ੇਰਨੀ ਦਾ ਦੁੱਧ ਕੱਢਣਾ ਹੋਵੇ, ਪਿੱਤਲ ਦੇ ਭਾਂਡੇ 'ਚ ਕੱਢ ਲਓ, ਲੋਹੇ ਦੇ 'ਚ ਕੱਢ ਲਓ, ਗਲੀ ਕਰਕੇ ਡੁੱਲ੍ਹ ਜਾਏਗਾ, ਕਿਉਂਕਿ ਸਾਂਭਿਆ ਨਹੀਂ ਜਾਂਦਾ ਉਨ੍ਹਾਂ ਭਾਂਡਿਆਂ 'ਚ। ਉਹਦੇ 'ਚ ਐਨੀ ਤੇਜ਼ ਤੇਜ਼ਾਬ ਹੁੰਦੀ ਹੈ ਕਿ ਉਹ ਗਲੀ ਕਰ ਦਿੰਦੀ ਹੈ ਭਾਂਡੇ 'ਚ। ਫੇਰ ਉਹਦਾ ਦੁੱਧ ਕਿਸ ਤਰ੍ਹਾਂ ਕੱਢਿਆ ਜਾਵੇ? ਦਵਾਈਆਂ 'ਚ ਬਥੇਰੀਆਂ 'ਚ ਪੁਰਾਣੇ ਜ਼ਮਾਨੇ ਵਿਚ ਖੋਜ ਕੀਤੀ ਗਈ, ਹੁਣ ਜੇ ਕੋਈ ਕਹੇ ਕਿ ਸ਼ੇਰਨੀ ਦਾ ਦੁੱਧ ਲੈ ਕੇ ਆਓ, ਬੜਾ ਮੁਸ਼ਕਲ ਹੈ। ਜੇ ਭਲਾ ਚੋ ਵੀ ਲਿਆਓ, ਬਗੈਰ ਸੰਭਾਲਣ ਤੋਂ ਸਹੀ ਪਾਤਰ ਹੋਣ ਤੇ ਉਹ ਡੁੱਲ੍ਹ ਜਾਏਗਾ ਸਾਰਾ। ਉਹਦੇ ਵਾਸਤੇ ਸੋਨੇ ਦਾ ਬਰਤਨ ਚਾਹੀਦਾ ਹੈ। ਇਸੇ ਤਰ੍ਹਾਂ ਦੇ ਨਾਲ ਸਤਿਸੰਗ ਦੇ ਵਿਚ ਨਾ ਲੱਖਾਂ, ਨਾ ਕਰੋੜਾਂ ਨਾ ਅਰਬਾਂ ਐਸੇ ਬਚਨ ਆਉਂਦੇ ਨੇ ਜਿਨ੍ਹਾਂ ਨੂੰ ਸਾਂਭਣ ਵਾਸਤੇ ਉਹ ਹਿਰਦਾ ਚਾਹੀਦਾ ਹੈ, ਜਿਹਦੇ ਅੰਦਰ 100% ਸ਼ਰਧਾ ਹੈ। ਉਹ ਸੁਣਦੇ ਸਾਰ ਹੀ ਸ਼ੁਰੂ ਹੋ ਜਾਂਦਾ ਹੈ। ਮਹਾਰਾਜ ਨੇ ਚਾਰ ਪਉੜੀਆਂ ਸੁਣਨ ਦੀਆਂ ਦੱਸੀਆਂ ਨੇ।

*ਸੁਣਿਐ ਸਿਧ ਪੀਰ ਸੁਰਿ ਨਾਥ ॥*
*ਸੁਣਿਐ ਧਰਤਿ ਧਵਲ ਆਕਾਸ ॥*
*ਸੁਣਿਐ ਦੀਪ ਲੋਅ ਪਾਤਾਲ ॥*
*ਸੁਣਿਐ ਪੋਹਿ ਨ ਸਕੈ ਕਾਲੁ ॥*
*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥* *ਅੰਗ - ੨*

ਸੁਣਨ ਦੀ ਅਵਸਥਾ ਕਦੋਂ ਆਉਂਦੀ ਹੈ, ਇਹਦਾ ਅਨੁਭਵ ਵਿਰਲਿਆਂ-ਵਿਰਲਿਆਂ ਨੂੰ ਹੈ ਸਾਰਿਆਂ ਨੂੰ ਨਹੀਂ ਹੈ। ਸਹਿਜ ਨਾਲ ਹੀ ਮੈਂ ਦੱਸਦਾ ਹੁੰਦਾ ਹਾਂ ਕਿ ਜਦੋਂ ਨਾਮ ਜਪਦੇ ਹੋਂ, ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ, ਜ਼ੁਬਾਨ ਨੇ ਤਾਂ ਕਹੀ ਜਾਣਾ ਹੈ। ਕਿਉਂਕਿ ਜਿਹਬਾ ਜੇ ਨਾਮ ਨਹੀਂ ਜਪਦੀ ਮਹਾਰਾਜ ਕਹਿੰਦੇ ਇਹਨੂੰ ਕੱਟ ਦਿਓ।

*ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥*

*ਅੰਗ - ੧੩੬੨*

ਫੇਰ ਤਾਰ ਵੀ ਦਿੰਦੀ ਹੈ। ਜੇ ਇਹਦੇ ਨਾਲ ਪ੍ਰਮੇਸ਼ਰ ਦਾ ਨਾਮ ਜਪਿਆ ਜਾਵੇ, ਝੂਠ ਨਾ ਬੋਲਿਆ ਜਾਏ, ਕੱਚੀ ਬਾਣੀ ਨਾ ਬੋਲੀ ਜਾਵੇ, ਨਿੰਦਿਆ ਨਾ ਕੀਤੀ ਜਾਵੇ, ਫੇਰ ਇਹ ਨਾਮ ਜਪ ਕੇ ਬੇਅੰਤ ਫਲ ਇਕੱਠਾ ਕਰ ਲੈਂਦੀ ਹੈ। ਐਨਾ ਹੀ

ਕਹਿਣਾ ਹੈ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅਲਾਹ-ਅਲਾਹ, ਮਹਾਰਾਜ ਕਹਿੰਦੇ ਏਸ ਤਰ੍ਹਾਂ ਹੀ ਕਹਿ ਕੇ ਕੋਈ ਜੁਗਤੀ ਦਾ ਪਤਾ ਨਹੀਂ ਸੀਗਾ ਬਾਲਮੀਕ ਨੂੰ।

*ਰੇ ਚਿਤ ਚੇਤਿ ਚੇਤ ਅਚੇਤ ॥*
*ਕਾਹੇ ਨ ਬਾਲਮੀਕਹਿ ਦੇਖ ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮਭਗਤਿ ਬਿਸੇਖ ॥* *ਅੰਗ - ੧੧੨੪*

ਬੰਦੇ ਮਾਰ ਕੇ ਉਨ੍ਹਾਂ ਦਾ ਸਾਮਾਨ ਖੋਹ ਲਿਆ ਕਰਦਾ ਸੀ, ਪਹਿਲਾਂ ਮਾਰ ਦੇਣਾ ਫੇਰ ਤਲਾਸ਼ੀ ਲੈ ਲੈਣੀ, ਜੇ ਕੁਛ ਨਿਕਲ ਆਇਆ ਤਾਂ ਵੀ ਵਾਹਵਾ, ਜੇ ਨਾ ਕੁਛ ਨਿਕਲਿਆ ਤਾਂ ਵੀ ਉਹਦੇ ਹੌਲ ਨਹੀਂ ਸੀ ਪੈਂਦਾ, ਕਿ ਬੰਦਾ ਮੈਂ ਐਵੇਂ ਮਾਰ ਦਿਤਾ। ਸੁਭਾਅ ਬਣ ਚੁੱਕਿਆ ਸੀ। ਜਿੱਥੇ ਸੋਚ ਹੈ, ਜਿਥੇ ਆਤਮਕ ਆਵਾਜ਼ ਹੈ, ਜ਼ਮੀਰ ਦੀ ਆਵਾਜ਼ ਹੈ ਉਹਦੇ ਉਤੇ ਪੱਥਰ ਦਾ ਢੱਕਣ ਲਗ ਗਿਆ ਸੀ। ਆਵਾਜ਼ ਸਾਰ-ਪਾਰ ਨਹੀਂ ਜਾਂਦੀ, ਅੰਦਰ ਹੀ ਰਹਿ ਜਾਂਦੀ ਸੀ। ਜ਼ਮੀਰ ਤਾਂ ਸਭ ਦੀ ਬੋਲਦੀ ਹੈ, ਕੌਣ ਹੈ ਜਿਹਦੀ ਜ਼ਮੀਰ ਨਹੀਂ ਬੋਲਦੀ। ਪਾਪ ਕਰਨ ਤੋਂ ਪਹਿਲਾਂ ਇਕ ਵਾਰੀ ਕਹਿ ਜਾਂਦੀ ਹੈ ਤੂੰ ਫਸ ਜਾਏਂਗਾ, ਮਾੜਾ ਕੰਮ ਕਰ ਰਿਹਾ ਹੈਂ, ਇਹ ਚੀਜ਼ ਚੁੱਕ ਨਾ, ਮਾੜਾ ਕੰਮ ਕਰ ਰਿਹਾ ਹੈਂ। ਲੇਕਿਨ ਜਿਨ੍ਹਾਂ ਦੇ ਢੱਕਣ ਲਗ ਜਾਂਦਾ ਹੈ ਪੱਥਰ ਦਾ, ਉਹ ਆਵਾਜ਼ ਥੱਲੇ ਦੀ ਥੱਲੇ ਰਹਿ ਜਾਂਦੀ ਹੈ, ਬਾਹਰ ਨਹੀਂ ਆਉਂਦੀ, sound proof ਹੋ ਜਾਂਦਾ ਹੈ ਉਹ। ਸੋ ਇਸ ਤਰ੍ਹਾਂ ਦਾ ਉਹਦਾ ਹਿਰਦਾ ਹੋ ਚੁੱਕਿਆ ਸੀ। ਅਚਾਨਕ ਮਹਾਂਪੁਰਸ਼ ਆ ਗਏ, ਉਨ੍ਹਾਂ ਦੇ ਦਰਸ਼ਨ ਦਾ ਪ੍ਰਭਾਵ, ਉਨ੍ਹਾਂ ਦੀ ਦ੍ਰਿਸ਼ਟੀ ਦਾ ਪ੍ਰਭਾਵ ਇਹ ਆਦਮੀ ਦੇ ਉਤੇ ਸਹਿਜ ਸੁਭਾਅ ਪੈਂਦਾ ਹੈ। ਦਰਸ਼ਨ ਕਰਨ ਦਾ ਹੀ ਬੇਅੰਤ ਫਲ ਹੋਇਆ ਕਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਨੂੰ ਇਕ ਗੁਰਸਿੱਖ ਨੇ ਇਹ ਸਵਾਲ ਕੀਤਾ ਸੀ ਕਿ ਕੇਵਲ ਦਰਸ਼ਨ ਕਰਨ ਦਾ ਵੀ ਕੋਈ ਫਲ ਹੈ? ਮਹਾਰਾਜ ਕਹਿੰਦੇ ਫਲ ਆਪਣੇ-ਆਪਣੇ ਥਾਂ ਨੇ। ਬਹੁਤ ਵੱਡਾ ਸਫਰ ਜਿਹੜਾ ਹੈ ਉਹ ਤਹਿ ਹੋ ਜਾਇਆ ਕਰਦਾ ਹੈ, ਕੇਵਲ ਦਰਸ਼ਨਾਂ ਨਾਲ।

ਗੁਰੂ ਮਹਾਰਾਜ ਨੇ ਕਿਹਾ ਕਿ ਤੈਨੂੰ ਪ੍ਰੈਕਟੀਕਲੀ ਦਿਖਾਉਂਦੇ ਹਾਂ, ਸਵੇਰੇ ਉਠ ਕੇ ਤੂੰ ਚੜ੍ਹਦੇ ਵਲ ਜੋ ਸਰੋਵਰ ਹੈ ਉਹਦੇ ਕੰਢੇ ਜਾਈਂ, ਉਥੇ ਤੈਨੂੰ ਦੱਸਣ ਵਾਲਾ ਆਏਗਾ, ਬਹੁਤਾ ਚਿਰ ਨਾ ਠਹਿਰੀਂ, ਆ ਜਾਈਂ, ਉਥੇ ਗਿਆ ਤਾਂ ਕੋਈ ਨਾ ਆਇਆ। ਮਹਾਰਾਜ ਨੇ ਪੁੱਛਿਆ ਤਾਂ ਕਹਿਣ ਲੱਗਿਆ ਕਿ ਮਹਾਰਾਜ ਉਥੇ ਤਾਂ ਇਕ ਕਾਵਾਂ ਦਾ ਜੋੜਾ ਕਾਂ-ਕਾਂ ਕਰਦਾ ਸੀ, ਹੋਰ ਤਾਂ ਕੋਈ ਆਇਆ ਨਹੀਂ। ਮਹਾਰਾਜ ਨੇ ਕਿਹਾ ਕਿ ਸਵੇਰੇ ਫੇਰ ਜਾਈਂ। ਦੂਸਰੇ ਦਿਨ ਗਿਆ, ਫੇਰ ਵਾਪਸ ਆ ਗਿਆ। ਕਹਿਣ ਲੱਗਿਆ ਮਹਾਰਾਜ! ਉਥੇ ਤਾਂ ਕੋਈ ਨਹੀਂ ਆਇਆ ਜਿੱਥੇ ਕਾਂ ਬੈਠੇ ਸੀ, ਉਥੇ ਬਗਲਿਆਂ ਦਾ ਜੋੜਾ ਬੈਠਾ ਸੀ। ਕਹਿੰਦੇ ਕੱਲ੍ਹ ਫੇਰ ਜਾਈਂ, ਫੇਰ ਵਾਪਸ ਆ ਗਿਆ ਕਹਿਣ ਲੱਗਿਆ ਮਹਾਰਾਜ! ਬੰਦਾ ਤਾਂ ਕੋਈ ਨਹੀਂ ਆਇਆ ਪਰ ਜਿੱਥੇ ਕਾਂ ਬੈਠੇ ਸੀ, ਬਗਲੇ ਬੈਠੇ ਸੀ ਉਥੇ ਅੱਜ ਹੰਸਾਂ ਦਾ ਜੋੜਾ ਬੈਠਾ ਸੀ। ਕਹਿੰਦੇ ਚੰਗਾ ਫੇਰ, ਕੱਲ੍ਹ ਨੂੰ ਫੇਰ ਜਾਈਂ। ਅਗਲੇ ਦਿਨ ਗਿਆ ਤਾਂ ਉਥੇ ਦੋ ਦੇਵ ਦੇਹਾਂ ਪ੍ਰਕਾਸ਼ ਵਾਲੀਆਂ ਇਹਦਾ ਇੰਤਜ਼ਾਰ ਕਰ ਰਹੀਆਂ ਸੀ, ਜਦੋਂ ਇਹ ਗਿਆ ਤਾਂ ਇਹਦੇ ਚਰਨੀਂ ਮੱਥਾ ਟੇਕਣ ਲੱਗੀਆਂ ਤਾਂ ਇਸਨੇ ਕਿ ਤੁਸੀਂ ਇਹ ਕੀ ਕਰਦੀਆਂ ਹੋ ਤੁਸੀਂ ਦੇਵ ਦੇਹਾਂ ਹੋਂ, ਮੈਂ ਤਾਂ ਪੰਜ ਤੱਤ ਦਾ ਗੰਦ ਮੰਦ ਵਾਲਾ ਮਨੁੱਖ ਹਾਂ। ਉਹ ਕਹਿਣ ਲੱਗੇ ਅਸੀਂ ਤੇਰਾ ਅਹਿਸਾਨ ਨਹੀਂ ਭੁੱਲ ਸਕਦੇ, ਤੂੰ ਸਾਡੇ ਉਤੇ ਐਨਾ ਉਪਕਾਰ ਕੀਤਾ ਹੈ। ਹੈਰਾਨ ਹੋ ਜਾਂਦਾ ਹੈ, ਕਹਿਣ ਲੱਗਿਆ, ਪਿਆਰਿਓ! ਮੈਂ ਤਾਂ ਤੁਹਾਡੇ ਉਤੇ ਕੋਈ ਉਪਕਾਰ ਕੀਤਾ ਹੀ ਨਹੀਂ? ਕਹਿੰਦੇ, ਤੂੰ ਗੁਰੂ ਨਾਨਕ ਪਾਤਸ਼ਾਹ ਦਾ ਦਰਸ਼ਨ ਕਰਕੇ, ਫੇਰ ਇਥੇ ਆ ਕੇ ਸਾਨੂੰ ਦਰਸ਼ਨ ਦਿੰਦਾ ਸੀ, ਤਿੰਨ ਦਿਨ ਹੋ ਗਏ, ਪਹਿਲਾਂ ਅਸੀਂ ਕਾਂ, ਓਸ ਪਵਿੱਤਰ ਦਰਸ਼ਨ ਦੇ ਫਲਸਰੂਪ ਅਸੀਂ ਬਗਲੇ ਬਣੇ। ਬਾਹਰੋਂ ਚਿੱਟੇ ਹੋ ਗਏ, ਲੇਕਿਨ ਅੰਦਰਲੇ ਪਾਸੇ ਅਜੇ ਮੈਲ ਲੱਗੀ ਹੋਈ ਸੀ। ਫੇਰ ਅਸੀਂ ਹੰਸ ਬਣੇ, ਉਸੇ ਦਰਸ਼ਨ ਦੇ ਪ੍ਰਭਾਵ ਨੇ ਸਾਨੂੰ ਚੌਥੇ ਦਿਨ ਦੇਵ ਦੇਹੀ ਪ੍ਰਾਪਤ ਕਰ ਦਿਤੀ। ਹੁਣ ਅਸੀਂ ਦੇਵ ਲੋਕ ਨੂੰ ਚੱਲੇ ਹਾਂ, ਦੇਖਦੇ-ਦੇਖਦੇ ਬਿਵਾਨ ਆ ਗਏ, ਉਹਦੇ ਵਿਚ ਉਹ ਚਲੇ ਗਏ।

ਹੈਰਾਨ ਹੋਈ ਜਾਂਦਾ ਹੈ। ਗੁਰੂ ਮਹਾਰਾਜ ਕੋਲ ਆ ਗਿਆ। ਮਹਾਰਾਜ ਕਹਿਣ ਲੱਗੇ ਕਿ ਪ੍ਰੇਮੀਆ! ਦੇਖ ਲਿਆ ਫੇਰ ਤੂੰ। ਐਨਾ ਫਲ ਹੋਇਆ ਕਰਦਾ ਹੈ ਪਰ ਸਾਧੂ ਹੋਵੇ ਪਾਖੰਡੀ ਨਾ ਹੋਵੇ। ਭੇਖਧਾਰੀ ਨਾ ਹੋਵੇ, ਗੱਲਾਂਬਾਤਾਂ ਦਾ ਗਿਆਨੀ ਨਾ ਹੋਵੇ। ਜਿਹੜੇ ਤੱਤ ਬੇਤੇ ਮਹਾਂਪੁਰਸ਼ ਨੇ ਜਿਨ੍ਹਾਂ ਨੂੰ ਤਤ੍ਹ ਦਾ ਗਿਆਨ ਹੈ, ਜਿਨ੍ਹਾਂ ਦੀ ਦ੍ਰਿਸ਼ਟੀ ਜਿਹੜੀ ਹੈ ਪਾਰਦਰਸ਼ਕ ਹੈ। ਪਾਰਦਰਸ਼ਕ ਉਹਨੂੰ ਕਹਿੰਦੇ ਨੇ ਕਿ ਮੂਹਰੇ ਕੋਈ ਕੰਧ ਹੋਵੇ, ਪਰਲੇ ਪਾਸੇ ਕੁਛ ਹੁੰਦਾ ਹੋਵੇ, ਜਿਹੜਾ ਉਹਨੂੰ ਵੀ ਦੇਖ ਲਵੇ ਉਹਨੂੰ ਪਾਰਦਰਸ਼ਕ ਕਹਿੰਦੇ ਨੇ। ਮਹਾਂਪੁਰਸ਼ਾਂ ਨੂੰ ਪਾਰਦਰਸ਼ਕ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ।

ਇਥੇ ਮੈਂ ਇਕ ਸਾਖੀ ਦਸਦਾ ਹਾਂ, ਉਹ ਇਹ ਹੈ ਕਿ ਇਕ ਵਾਰੀ ਸੰਤ ਮਹਾਰਾਜ ਜੀ ਦੇ ਪਾਸ ਕਲਕੱਤੇ ਤੋਂ ਕੁਝ ਟਰਾਂਸਪੋਰਟਰ ਸੀ ਵੱਡੇ, ਬੱਸਾਂ ਚਲਦੀਆਂ ਸੀ ਉਨ੍ਹਾਂ ਦੀਆਂ, ਉਹ ਆਏ। ਉਥੇ ਮਹਾਰਾਜ ਨਾਲ ਕੋਈ ਗੱਲਬਾਤ ਹੋਈ, ਉਨ੍ਹਾਂ ਨੇ ਕਿਹਾ ਕਿ ਅਸੀਂ ਵਰਿਆਮ ਸਿੰਘ ਨੂੰ ਮਿਲਾ ਦਿੰਦੇ ਹਾਂ। ਫੁਰਨਾ ਜਿਹੜਾ ਮਹਾਂਪੁਰਸ਼ਾਂ ਦਾ ਹੁੰਦਾ ਹੈ ਉਹ ਬੜਾ ਅਮੋਘ ਬਾਣ ਹੁੰਦਾ ਹੈ। ਉਨ੍ਹਾਂ ਨੇ ਫੁਰਨਾ ਕਰਿਆ, ਮੈਂ ਦੂਸਰੇ ਦਿਨ ਛੁੱਟੀ ਲੈ ਲਈ। ਲੈ ਕੇ 17 ਸੈਕਟਰ ਆਇਆ, ਲਾਈਨ 'ਚ ਲੱਗਿਆ ਲੁਧਿਆਣੇ ਵਾਲੀ ਬੱਸ ਲੈਣ ਵਾਸਤੇ, ਉਹ ਲਾਈਨ ਹੀ ਨਾ ਮੁੱਕੀ, ਦੂਸਰੀ ਬੱਸ ਵੀ ਚਲੀ, ਤੀਸਰੀ ਵੀ ਚੱਲ ਗਈ, ਮੈਨੂੰ ਖੜ੍ਹੇ ਨੂੰ 9 ਵਜ ਗਏ, ਮੈਂ ਕਿਹਾ ਕਿ ਹੁਣ ਮੈਨੂੰ ਤਿੰਨ ਘੰਟੇ ਜਾਣ ਨੂੰ ਲੱਗਣੇ ਨੇ, ਓਦੋਂ ਨੂੰ ਮਹਾਰਾਜ ਜੀ ਨੇ ਅੰਦਰ ਚਲੇ ਜਾਣਾ ਹੈ, ਫੇਰ ਦਰਸ਼ਨ ਨਹੀਂ ਹੋਣੇ, ਦੂਸਰੇ ਦਿਨ ਮੈਂ ਦਫਤਰ ਜਾਣਾ ਸੀ। ਆਉਣ ਦਾ ਸਾਧਨ ਕੋਈ ਹੈ ਨਹੀਂ ਸੀ, ਇਸੇ ਤਰ੍ਹਾਂ ਬੱਸਾਂ ਵਿਚ ਫੇਰ ਆਉਣਾ ਸੀ, ਮੈਂ ਕਿਹਾ ਕਿ ਫੇਰ ਚਲੇ ਜਾਵਾਂਗਾ। ਉਧਰਲੇ ਪਾਸੇ

ਮਹਾਰਾਜ ਜੀ ਨੇ ਬਹਾਦਰ ਸਿੰਘ ਨੂੰ ਕਿਹਾ, ਡਰਾਈਵਰ ਸੀਗਾ ਉਨ੍ਹਾਂ ਦਿਨਾਂ 'ਚ, ਕਹਿੰਦੇ, ਬਹਾਦਰ ਸਿੰਘ ਤੂੰ ਸਵੇਰੇ ਹੀ ਚਲਿਆ ਜਾਈਂ ਵਰਿਆਮ ਸਿੰਘ ਨੂੰ ਲੈ ਕੇ ਆਈਂ। ਉਹ ਤਿਆਰ ਮਿਲੇਗਾ ਤੈਨੂੰ। ਦਫਤਰ ਨਹੀਂ ਉਹਨੇ ਜਾਣਾ ਕੱਲ੍ਹ ਨੂੰ। ਐਡੀ ਪੱਕੀ ਖਬਰ ਮਹਾਰਾਜ ਨੇ ਰਾਤ ਨੂੰ ਹੀ ਉਹਨੂੰ ਕਹਿ ਦਿਤੀ। ਤੇ ਮੈਂ ਇਧਰ ਛੁੱਟੀ ਲੈ ਲਈ। ਸੋ ਬਚਨ ਹੋਣਾ ਹੀ, powerful ਹੁੰਦਾ ਹੈ ਸਾਧਸੰਗਤ ਜੀ।

ਉਹ ਬਚਨ ਬਾਣ ਹੁੰਦੇ ਨੇ ਜਿਹੜਾ ਕਹਿ ਹੋ ਗਿਆ, ਕਹਿ ਹੋ ਗਿਆ। ਫੇਰ ਉਹਨੂੰ ਕੋਈ ਟਾਲ ਨਹੀਂ ਸਕਦਾ, ਰੱਬ ਵੀ ਨਹੀਂ ਟਾਲ ਸਕਦਾ। ਪ੍ਰਮੇਸ਼ਰ ਦੁਨੀਆਂ ਬਣਾ ਸਕਦਾ ਹੈ, ਤੋੜ ਸਕਦਾ ਹੈ, ਸਾਰੀ ਦੁਨੀਆਂ ਨੂੰ ਰਿਜ਼ਕ ਦੇ ਸਕਦਾ ਹੈ, ਪੈਦਾ ਕਰ ਸਕਦਾ ਹੈ, ਮਾਰ ਸਕਦਾ ਹੈ, ਸਾਰੀਆਂ ਤਾਕਤਾਂ ਨੇ ਓਸ ਕੋਲ ਪਰ ਇਕ ਤਾਕਤ ਨਹੀਂ ਹੈ ਇਹ ਕਿਸੇ ਨੂੰ ਨਹੀਂ ਪਤਾ ਕਿ ਵਾਹਿਗੁਰੂ ਇਕ ਤਾਕਤ ਤੋਂ ਖਾਲੀ ਹੈ, ਪੂਰਾ ਹੈ ਵੈਸੇ ਉਹ।

***ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥ ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥***

***ਅੰਗ - ੨੯੫***

ਲੇਕਿਨ ਇਕ ਤਾਕਤ ਘੱਟ ਹੈ ਉਹਦੇ ਕੋਲ, ਉਹ ਤਾਕਤ ਉਹਨੇ ਆਪਣੇ ਸੰਤਾਂ ਨੂੰ ਦੇ ਦਿਤੀ। ਇਹ ਨਹੀਂ ਕਿ ਉਹਦੇ ਕੋਲ ਅਧੂਰਾਪਨ ਸੀ, ਲੇਕਿਨ ਆਪਣੀ ਤਾਕਤ ਸੰਤਾਂ ਨੂੰ ਦੇ ਦਿਤੀ। ਉਹ ਇਹ ਤਾਕਤ ਸੀ ਕਿ ਜੇ ਵਾਹਿਗੁਰੂ ਨੇ ਕੁਛ ਕਰ ਦਿਤਾ ਤੇ ਉਹਦੇ ਪਿਆਰੇ ਉਹਦੇ ਉਲਟ ਗੱਲ ਕਹਿ ਦੇਣ, ਮੁੜ ਕੇ ਪ੍ਰਮੇਸ਼ਰ ਦੇ ਵਿਚ ਇਹ ਨਹੀਂ ਹੈ ਕਿਉਂਕਿ ਇਹ ਸ਼ਕਤੀ ਮਹਾਂਪੁਰਸ਼ਾਂ ਨੂੰ ਦੇ ਚੁੱਕਿਆ ਹੈ, ਫੇਰ ਜੇ ਉਹਦੇ ਕੋਲ ਮਿੰਨਤਾਂ ਕਰੋ, ਚਿੱਲੇ ਕੱਟੋ, ਬੇਨਤੀਆਂ ਕਰੋ ਉਹ ਟੱਸ ਤੇ ਮਸ ਨਹੀਂ ਹੁੰਦਾ। ਉਹ ਇਹ ਕਹਿੰਦਾ ਹੈ ਕਿ -

***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥***

***ਅੰਗ - ੧੨੫੩***

ਜੇ ਮੈਨੂੰ ਇਕ ਵਾਰੀ ਬੰਨ੍ਹ ਲੈਣ ਮੇਰੇ ਪਿਆਰੇ, ਮੈਂ ਫੇਰ ਜਵਾਬ ਨਹੀਂ ਦੇ ਸਕਦਾ। ਸੋ ਏਸ ਤਰ੍ਹਾਂ ਦੇ ਨਾਲ ਇਹ ਸ਼ਕਤੀ ਵਾਹਿਗੁਰੂ ਜੀ ਨੇ ਮਹਾਤਮਾਵਾਂ ਨੂੰ ਦਿਤੀ ਹੋਈ ਹੈ। ਇਹ ਨੂੰ ਅਮੋਘ ਬਾਣ ਕਹਿੰਦੇ ਨੇ ਉਨ੍ਹਾਂ ਦੇ ਬਚਨ। ਮਿਲਿਆ ਹੋਵੇ ਪ੍ਰਮੇਸ਼ਰ ਦੇ ਨਾਲ, ਜੋ ਨਿਕਲ ਗਿਆ ਮੂੰਹ 'ਚੋਂ ਨਿਕਲ ਗਿਆ, ਟਲਿਆ ਨਹੀਂ ਕਰਦਾ।

ਦਰਵਾਸਾ ਜੀ ਦੇ ਮੂੰਹ 'ਚੋਂ ਨਿਕਲ ਗਿਆ, ਜਦੋਂ ਉਨ੍ਹਾਂ ਦੇ ਪੁੱਤ ਪੋਤੇ ਬਹੁਤਾ ਤੰਗ ਕਰਨ ਲੱਗੇ ਕਿ ਮਹਾਤਮਾ ਜੀ ਇਹ ਦੱਸੋ ਕਿ ਆਹ ਬੀਬੀ! ਸੰਗਦੀ ਬੋਲਦੀ ਨਹੀਂ ਹੈ ਕਿ ਇਹਦੇ ਪੇਟ 'ਚ ਲੜਕਾ ਹੋਏਗਾ ਜਾਂ ਲੜਕੀ। ਉਹ ਜਾਣਦੇ ਸੀ, ਤ੍ਰਿਕਾਲਦਰਸ਼ੀ ਸੀਗੇ, ਉਨ੍ਹਾਂ ਨੇ ਕਿਹਾ ਬੱਚਿਓ! ਮਹਾਂਪੁਰਸ਼ਾਂ ਨੂੰ ਛੇੜੋ ਨਾ।

ਜਿਹਨੇ ਡੁੱਬਣਾ ਹੋਵੇ ਸਾਧਸੰਗਤ ਜੀ! ਸੰਤਾਂ ਨੂੰ ਮਸ਼ਕਰੀਆਂ ਕਰਨ ਲਗ ਜਾਓ। ਅਖੀਰ ਜਦੋਂ ਉਹ ਬੱਚੇ ਨਾ ਹੀ ਹਟੋ ਪੁੱਛਣ ਤੋਂ ਤਾਂ ਕਹਿਣ ਲੱਗੇ ਚੰਗਾ! ਇਹਦੇ ਪੇਟ 'ਚੋਂ ਉਹ ਪੈਦਾ ਹੋਏਗਾ ਜਿਹੜਾ ਤੁਹਾਡੇ ਯਾਦਵ ਕੁਲ ਦਾ ਨਾਸ਼ ਕਰ ਦੇਵੇਗਾ। ਉਸ ਵੇਲੇ ਯਾਦਵ ਕੁਲ ਲੱਖਾਂ, ਕਰੋੜਾਂ 'ਚ ਫੈਲੀ ਹੋਈ ਸੀ। ਕ੍ਰਿਸ਼ਨ ਮਹਾਰਾਜ ਦੇ ਜਿੰਨੇ ਪੁੱਤ, ਪੋਤੇ, ਸਾਰੇ ਰਿਸ਼ਤੇਦਾਰ, ਬਹੁਤ ਲੰਮਾ ਚੌੜਾ ਪਰਿਵਾਰ ਦਸਦੇ ਨੇ, ਕਿਉਂਕਿ 16 ਹਜ਼ਾਰ 108 ਰਾਣੀਆਂ, ਨਰਸਿੰਘ ਰਾਜੇ ਤੋਂ 16 ਹਜ਼ਾਰ ਰਾਣੀ ਛੁਡਾਈ ਸੀ। ਉਨ੍ਹਾਂ ਨੇ ਕਿਹਾ ਕਿ ਅਸੀਂ ਨਹੀਂ ਜਾਣਾ ਅਸੀਂ ਤੁਹਾਡੇ ਕੋਲ ਹੀ ਰਹਿਣਾ ਹੈ। ਯੋਗ ਮਾਇਆ ਦੇ ਉਨ੍ਹਾਂ ਨੇ ਹਜ਼ਾਰਾਂ ਸਰੀਰ ਧਾਰਨ ਕੀਤੇ ਸਨ। ਸਾਰਿਆਂ ਦੇ ਓਲਾਦ ਸੀ। ਉਹ ਇਕ ਵੀ ਨਾ ਬਚਿਆ, ਖੇਲ੍ਹ ਉਨ੍ਹਾਂ ਦੀ ਆਪਣੀ ਸੀ, ਮਹਾਂਪੁਰਸ਼ਾਂ ਦਾ ਬਚਨ ਸਫਲਾ ਕਰਨਾ ਸੀਗਾ। ਜਦੋਂ ਉਨ੍ਹਾਂ ਨੇ ਕਿਹਾ ਕਿ ਮਹਾਰਾਜ! ਹੁਣ ਤੁਸੀਂ ਮਦਦ ਕਰੋ ਤਾਂ ਕਹਿਣ ਲੱਗੇ ਮੈਂ ਨਹੀਂ ਕਰ ਸਕਦਾ ਹੁਣ। ਇਹ ਤਾਂ ਆਦਿ ਜੁਗਾਦਿ ਤੋਂ ਹੈ ਪਿਆਰੇ ਦਾ ਕੀਤਾ ਹੋਇਆ ਬਚਨ, ਜੋ ਪ੍ਰੀਤਮ ਹੈ ਉਹ ਬਦਲ ਨਹੀਂ ਸਕਿਆ ਕਰ ਸਕਦਾ।

ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਭਾਈ ਲੱਖੂ ਦਾ ਬਚਨ ਕੀਤਾ ਹੋਇਆ ਜਦੋਂ ਭਾਈ ਬੁੱਧੂ ਨੇ ਆ ਕੇ ਕਿਹਾ ਕਿ ਮਹਾਰਾਜ ਤੁਸੀਂ ਤਾਂ ਸਮਰੱਥ ਹੋ ਬਚਨ ਬਦਲ ਦਿਓ ਕਹਿੰਦੇ ਅੱਜ ਤੱਕ ਤਾਂ ਕਿਸੇ ਨੇ ਬਦਲਿਆ ਨਹੀਂ ਹੈ। ਮੈਂ ਆਪਣੇ ਸਿੱਖ ਦਾ ਬਚਨ ਨਿਹਫਲ ਨਹੀਂ ਕਰ ਸਕਦਾ। ਮੇਰੀ ਸੱਤਾ ਨਾਲ ਉਹ ਬਚਨ ਜਿਹੜਾ ਹੈ ਉਹ ਪੂਰਾ ਹੋਏਗਾ। ਚਾਹੇ ਉਹਦੇ ਆਵੇ ਪੱਕੇ ਹੀ ਨਿਕਲੇ ਪਰ ਪੱਕੇ ਦੇ ਭਾਅ ਵਿਕਾ ਦਿਤੇ ਮਹਾਰਾਜ ਨੇ। ਪਰ ਉਸ ਸਿੱਖ ਦਾ ਬਚਨ ਨਹੀਂ ਟਾਲਿਆ। ਸੋ ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ਾਂ ਦੇ ਬਚਨਾਂ ਵਿਚ ਬਹੁਤ ਜ਼ਬਰਦਸਤ ਤਾਕਤ ਹੈ।

ਪਰ ਐਉਂ ਨਹੀਂ ਹੈ ਕਿ ਮਹਾਂਪੁਰਸ਼ ਇਕ ਦਮ ਹੀ ਬਣ ਗਿਆ। ਸੈਂਕੜੇ ਜਨਮਾਂ ਦਾ ਤਪ ਹੋਵੇ, ਨਾਮ ਜਪਿਆ ਹੋਵੇ, ਫੇਰ ਪਰਵਾਨ ਹੋ ਕੇ ਪ੍ਰਮੇਸ਼ਰ ਦੇ ਦਰ ਤੇ ਗਏ ਹੋਣ, ਉਥੋਂ ਪ੍ਰਮੇਸ਼ਰ ਭੇਜੇ ਉਨ੍ਹਾਂ ਨੂੰ ਕਿ ਜਾਓ ਅਧਰਮ ਫੈਲ ਗਿਆ, ਤੁਸੀਂ ਜਾ ਕੇ ਆਹ ਡਿਊਟੀ ਦੇ ਕੇ ਆ ਜਾਓ, ਪ੍ਰਮੇਸ਼ਰ ਆਪਣੀ ਸੱਤਾ ਦੇ ਕੇ ਨਾਲ ਭੇਜਦਾ ਹੈ ਉਨ੍ਹਾਂ ਨੂੰ।

ਗੁਰੂ ਮਹਾਰਾਜ ਨੇ ਜਦੋਂ ਕਿਹਾ ਕਿ ਬੜਾ ਔਖਾ ਕੰਮ ਹੈ ਹੇ ਪ੍ਰਭੂ! ਕਹਿੰਦੇ -

***ਮੈ ਅਪਨਾ ਸੁਤ ਤੁਹਿ ਨਿਵਾਜਾ॥***
***ਪੰਥ ਪ੍ਰਚੁਰ ਕਰਬੈ ਕਉ ਸਾਜਾ॥***

ਸੋ ਇਸ ਤਰ੍ਹਾਂ ਡਿਊਟੀ ਦੇ ਦਿੰਦੇ ਨੇ। ਉਹ ਜਿਹੜੇ ਮਹਾਂਪੁਰਸ਼ ਨੇ ਉਹ ਬਹੁਤ rare ਹੁੰਦੇ ਨੇ, ਬਹੁਤੇ ਨਹੀਂ ਹੁੰਦੇ, ਐਵੇਂ ਨਾ ਭੁਲੇਖੇ 'ਚ ਰਹਿਓ। ਪੜ੍ਹਿਆ ਕਰੋ ਆਤਮ ਮਾਰਗ ਇਹਦੇ ਵਿਚ ਬਹੁਤ ਖੋਲ੍ਹ ਕੇ ਦੱਸਿਆ ਜਾਂਦਾ ਹੈ ਕਿ ਬਾਣੀ ਦੇ ਆਧਾਰ ਤੇ ਕਿ ਸੰਤ ਬਣਨਾ ਬਹੁਤ ਔਖਾ ਹੈ। ਫੇਰ ਕਹਿੰਦੇ ਨੇ ਭਾਈ ਸਾਹਿਬ ਲਗਾ ਲਓ, ਅਸੀਂ ਗੁਰੂ ਸਾਹਿਬ

ਦੀ ਬਰਾਬਰੀ ਕਿਵੇਂ ਕਰ ਲਈਏ, ਭਾਈ ਸਾਹਿਬ ਕਹਾ ਕੇ। ਆਹ ਇਕ ਸਿੰਘ ਨੇ ਮੇਰਾ ਨਾਉ ਜੋੜ ਦਿਤਾ ਰਾੜੇ ਸਾਹਿਬ ਦੀ ਸੰਪਰਦਾ ਨਾਲ, ਮੈਂ ਕਿਹਾ ਤੈਨੂੰ ਕੀਹਨੇ ਕਿਹਾ ਸੀ ਕਿ ਮੇਰਾ ਉਸ ਸੰਪਰਦਾ ਦੇ ਨਾਲ ਨਾਮ ਜੋੜ, ਮੈਂ ਤਾਂ ਕਾਬਲ ਹੀ ਨਹੀਂ ਹਾਂ ਉਨ੍ਹਾਂ ਨਾਲ ਜੁੜਨ ਦੇ। ਉਹ ਐਡੀਆਂ ਵੱਡੀਆਂ ਉਚੀਆਂ ਹਸਤੀਆਂ ਤੇ ਤੂੰ ਮੇਰਾ ਨਾਉਂ ਲਿਖ ਦਿਤਾ, ਮੈਂ ਤਾਂ ਸੇਵਕ ਬਣ ਕੇ ਰਹਿਣਾ ਹੈ। ਅਸੀਂ ਤਾਂ ਸੇਵਾਦਾਰ ਹਾਂ, ਇਹ ਉਨ੍ਹਾਂ ਦੀ ਮਿਹਰਬਾਨੀ ਹੈ ਕਿ ਉਹ ਬਲ ਬਖਸ਼ੀ ਜਾਂਦੇ ਨੇ, ਅਸੀਂ ਅੱਗੇ ਕਰੀ ਜਾਂਦੇ ਹਾਂ। ਸੋ ਇਸ ਤਰ੍ਹਾਂ ਦੇ ਨਾਲ ਮੈਂ ਬਚਨ ਦੀ ਗੱਲ ਕਰਦਾ ਸੀ ਕਿ ਜਿਹੜਾ ਮਹਾਂਪੁਰਸ਼ ਹੈ ਨਾ ਉਹ ਟਾਂਵਾ ਟਾਂਵਾ ਹੁੰਦਾ ਹੈ, ਹਰ ਥਾਂ ਨਹੀਂ ਹੁੰਦਾ।

ਗੁਰੂ ਨਾਨਕ ਪਾਤਸ਼ਾਹ ਨੇ ਸਿਰਫ 74 ਮਹਾਂਪੁਰਸ਼ਾਂ ਦਾ ਜ਼ਿਕਰ ਕਰਿਆ ਹੈ ਅਜਿੱਤੇ, ਰੰਧਾਵੇ ਨਾਲ। ਕਿਹਾ ਸੀ ਅਜਿੱਤਿਆ 10 ਰੂਪ ਅਸੀਂ ਪ੍ਰਗਟ ਗੁਰੂ ਰੂਪ ਦੇ ਵਿਚ ਅਸੀਂ ਸੰਸਾਰ ਦਾ ਉਧਾਰ ਕਰਨਾ ਹੈ, ਦਸਵਾਂ ਸਰੂਪ ਜਿਹੜਾ ਮੇਰਾ ਹੋਏਗਾ ਉਸ ਤੋਂ ਬਾਅਦ ਸਰੀਰਕ ਤੌਰ ਤੇ ਗੁਰੂ ਨਹੀਂ ਆਏਗਾ। ਹਾਂ ਬਾਕੀ ਹੈ ਮਹਾਤਮਾ ਨੇ ਉਹ ਗੁਰੂ ਨਹੀਂ ਹਨ ਜੋ ਗੁਰੂ ਨਾਨਕ ਸਾਹਿਬ ਨੇ। ਸਾਧੂ ਸੰਤ ਆਉਣਗੇ ਤਾਂ ਸਹੀ ਪਰ 74 ਐਸੇ ਹੋਣਗੇ ਜਿਹੜੇ ਸਾਡਾ ਰੂਪ ਹੋਣਗੇ। 74 ਜਾਮੇ ਧਾਰ ਕੇ ਅਸੀਂ ਕਲਜੁਗ ਦੇ ਵਿਚ ਸੰਸਾਰ ਦਾ ਉਧਾਰ ਕਰਨਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਿਨ੍ਹਾਂ ਨੂੰ ਅਸੀਂ ਸੰਤ ਕਹਿ ਕੇ ਗੱਲ ਕਰਦੇ ਹਾਂ ਉਹ ਬਹੁਤ ਉਚੇ ਹੋਇਆ ਕਰਦੇ ਨੇ, ਐਵੇਂ ਹੀ ਚੋਲਾ ਪਾ ਲਿਆ ਤੇ ਚਾਰ ਧਾਰਨਾ ਯਾਦ ਕਰ ਲਈਆਂ, ਉਹ ਆਪ ਹਨ੍ਹੇਰੇ ਵਿਚ ਰਹਿੰਦੇ ਨੇ, ਹਨ੍ਹੇਰੇ ਵਿਚ ਜਿਹੜਾ ਰਹਿੰਦਾ ਹੈ ਮਹਾਰਾਜ ਕਹਿੰਦੇ ਆਪ ਤਾਂ ਕਰਦਾ ਨਹੀਂ –

*ਅਵਰ ਉਪਦੇਸੈ ਆਪਿ ਨ ਕਰੈ ॥*
*ਆਵਤ ਜਾਵਤ ਜਨਮੈ ਮਰੈ ॥ ਅੰਗ – ੨੬੯*

ਦੂਜਿਆਂ ਨੂੰ ਤਾਂ ਕਹਿੰਦਾ ਹੈ ਨਾਮ ਜਪੋ, ਅੰਮ੍ਰਿਤ ਵੇਲੇ ਉਠੋ, ਪਰ ਆਪ ਜਪਦਾ ਨਹੀਂ ਹੈ। ਕਹਿੰਦੇ ਫੇਰ ਹੁੰਦਾ ਕੀ ਹੈ, ਜੰਮਦਾ ਰਹੇਗਾ, ਮਰਦਾ ਰਹੇਗਾ। ਇਹ ਉਹਦੇ ਗਲ 'ਚੋਂ ਨਹੀਂ ਲਹਿਣਾ।

ਦੂਸਰਾ ਭੇਖ ਦਿਖਾ ਕੇ ਜੇ ਕੋਈ ਕਿਸੇ ਨੂੰ ਮੋਹਿਤ ਕਰਦਾ ਹੈ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ ਮੈਂ ਕਿਸੇ ਭੇਖ ਤੇ ਭਿੱਜਣ ਵਾਲਾ ਨਹੀਂ ਹਾਂ। ਮੈਂ ਕੰਨਾਂ 'ਚ ਮੁੰਦਰਾਂ ਪਾਈਆਂ ਨੂੰ ਮਹੱਤਤਾ ਨਹੀਂ ਦੇਣੀ। ਕੋਈ ਭੇਖ ਧਾਰ ਰਿਹਾ ਹੈ ਮੈਂ ਕੋਈ ਮਹੱਤਤਾ ਨਹੀਂ ਦੇਣੀ। ਮੈਂ ਸਤਿ ਦੀ ਗੱਲ ਕਰਨ ਆਇਆ ਹਾਂ, ਸਤਿ ਦੇ ਰਸਤੇ ਤੇ ਚਲਾਉਣ ਆਇਆ ਹਾਂ। ਸਤਿ ਦਾ ਮਾਰਗ ਦੱਸਣ ਆਇਆ ਹਾਂ। ਸੋ ਇਸ ਤਰ੍ਹਾਂ ਅਸੀਂ ਭੇਖ ਵਿਚ ਭੁੱਲ ਜਾਂਦੇ ਹਾਂ। ਭੇਖ ਦੇ ਵਿਚ ਸ਼ਕਤੀ ਹੁੰਦੀ ਹੈ 50% ਨੰਬਰ ਭੇਖ ਨੂੰ ਮਿਲਦੇ ਨੇ। ਅੰਦਰੋਂ ਚਾਹੇ ਕਿਹੋ ਜਿਹਾ ਹੀ ਹੋਵੇ, 50% ਨਾਲ 2% ਹੋਰ ਰਲਾ ਦਿਓ ਦੂਜਾ ਪਾਸਾ 48 ਰਹਿ ਗਿਆ, ਉਹ 2% ਨਾਲ ਜਿੱਤ ਜਾਂਦਾ ਹੈ ਭੇਖੀ। ਚਾਹੇ ਸ਼ਰਾਬ ਦੀਆਂ ਬੋਤਲਾਂ ਪੀਈ ਜਾਵੇ। ਇਹ ਤਾਂ ਬੜਾ ਸਾਨੂੰ ਸਾਵਧਾਨ ਹੋਣਾ ਪੈਂਦਾ ਹੈ। ਮਹਾਰਾਜ ਕਹਿੰਦੇ ਨੇ ਕਿ ਸਾਨੂੰ ਪਤਾ ਕਿਵੇਂ ਲੱਗੇ? ਤੁਸੀਂ ਤਾਂ ਆਮ ਆਦਮੀ ਹੋਂ ਤੁਹਾਨੂੰ ਕਿਵੇਂ ਪਤਾ ਲੱਗੇ ਇਸ ਚੀਜ਼ ਦਾ। ਪਰ ਇਕ ਨਿਸ਼ਾਨੀ ਮਹਾਰਾਜ ਨੇ ਕਹੀ ਹੈ –

***ਧਾਰਨਾ – ਸਾਹਿਬ ਚਿੱਤ ਆਉਂਦਾ ਹੈ***
***ਸੰਤਾਂ ਦਾ ਦਰਸ਼ਨ ਕਰਕੇ।***

ਜੇ ਤਾਂ ਉਹਦੇ ਨੇੜੇ ਜਾ ਕੇ ਵਾਹਿਗੁਰੂ-ਵਾਹਿਗੁਰੂ ਹੋਣ ਲਗ ਜਾਵੇ, ਮਨ ਦੇ ਅੰਦਰ ਕੋਈ ਰੋਸ਼ਨੀ ਆ ਜਾਏ, ਕੋਈ ਅਪਣੱਤ ਆ ਜਾਏ, ਕੋਈ ਪਿਆਰ ਆ ਜਾਏ, ਕੋਈ ਖਿੱਚ ਆ ਜਾਏ, ਫੇਰ ਤਾਂ ਤੁਸੀਂ ਸਮਝ ਲਓ ਇਥੇ ਕੁਛ ਹੈਗਾ। ਜੇ ਆਉਂਦਾ ਹੀ ਨਹੀਂ, ਤੁਸੀਂ ਸੱਚੇ ਦਿਲ ਨਾਲ ਆਏ ਹੋਂ, ਤਰਕ ਨਾਲ ਆਓਗੇ ਤਾਂ ਕੁਛ ਨਹੀਂ ਹੁੰਦਾ। ਇਮਤਿਹਾਨ ਲੈਣਾ ਆਇਆ ਹੋਵੇ ਸੰਤਾਂ ਦਾ ਤਾਂ ਉਹਦੇ ਪੱਲੇ ਕੁਛ ਨਹੀਂ ਪੈਂਦਾ। ਸੰਤਾਂ ਦੀ ਮਾਇਆ ਐਸੀ ਪ੍ਰਬਲ ਹੈ, ਉਹਨੂੰ ਹੋਰ ਧੱਕਾ ਮਾਰਦੀ ਹੈ, ਸੱਚੀ-ਮੁਚੀ ਜਿਹੜਾ ਆਉਂਦਾ ਹੈ ਉਹਨੂੰ ਭੇਤ ਲਗ ਜਾਂਦਾ ਹੈ। ਸੋ ਐਸੇ ਮਹਾਤਮਾ ਦੇ ਦਰਸ਼ਨ ਦਾ ਫਲ ਹੈ –

*ਸਾਧ ਕੈ ਸੰਗਿ ਨਹੀ ਕਛੁ ਘਾਲ ॥*
*ਦਰਸਨੁ ਭੇਟਤ ਹੋਤ ਨਿਹਾਲ ॥ ਅੰਗ – ੨੭੨*

ਮਹਾਰਾਜ ਕਹਿਣ ਲੱਗੇ ਪ੍ਰੇਮੀਆ! ਤੇਰੇ ਦਰਸ਼ਨ ਉਨ੍ਹਾਂ ਨੇ ਕੀਤੇ, ਜਿਹੜੇ ਮੰਦੀਆਂ ਬਿਰਤੀਆਂ ਵਾਲੇ ਜਿਹੜੇ ਅੰਦਰੋਂ ਵੀ ਕਾਲੇ, ਬਾਹਰੋਂ, ਨਿੰਦਿਆ, ਚੁਗਲੀ, ਈਰਖਾ, ਬੇਅੰਤ ਕਿਸਮ ਦੀਆਂ ਮਾੜੀਆਂ ਗੱਲਾਂ ਕਰਨ ਵਾਲੇ, ਤੇਰੇ ਦਰਸ਼ਨ ਦਾ ਫਲ ਇਹ ਹੋਇਆ ਕਿ ਬਾਹਰੋਂ ਤਾਂ ਚਿੱਟੇ ਹੋ ਗਏ ਲੇਕਿਨ ਸੁਭਾਅ ਅੰਦਰੋਂ ਅਜੇ ਬਦਲੇ ਨਹੀਂ ਸੀ। ਬਗਲੇ ਬਣ ਗਏ। ਫੇਰ ਦਰਸ਼ਨ ਕੀਤੇ ਉਹਦਾ ਫਲ ਇਹ ਹੋਇਆ ਕਿ ਅੰਦਰੋਂ ਵੀ ਚਿੱਟੇ ਹੋ ਗਏ ਤੇ ਬਾਹਰੋਂ ਵੀ ਤੇ ਹੰਸ ਬਿਰਤੀ ਧਾਰਨ ਕਰ ਲਈ। ਤੱਤ ਬਚਨਾਂ ਦੇ ਗਰਾਹੀ ਹੋ ਗਏ। ਉਸ ਤੋਂ ਬਾਅਦ –

*ਜਿਨਿ ਮਾਣਸ ਤੇ ਦੇਵਤੇ ਕੀਏ*
*ਕਰਤ ਨ ਲਾਗੀ ਵਾਰ ॥ ਅੰਗ – ੪੬੩*

ਫੇਰ ਇਹ ਪ੍ਰਵਰਤਨ ਆਉਂਦਾ ਹੈ, ਉਹਨੂੰ ਦੇਵਤਾ ਬਿਰਤੀ ਮਿਲ ਜਾਂਦੀ ਹੈ। ਸੋ ਇਹ ਦਰਸ਼ਨ ਦਾ ਫਲ ਮੈਂ ਦਸ ਰਿਹਾ ਸੀ ਕਿ ਦਰਸ਼ਨਾਂ ਦਾ ਹੀ ਫਲ ਹੋ ਜਾਇਆ ਕਰਦਾ ਹੈ। ਸੰਗਤ ਵਿਚ ਆਉਂਦੇ ਹੋਂ ਤੁਸੀਂ ਫਲ ਪ੍ਰਾਪਤ ਹੁੰਦਾ ਹੈ। ਸੋ ਮੈਂ ਇਹ ਗੱਲ ਕਰ ਰਿਹਾ ਸੀ ਕਿ ਮਹਾਂਪੁਰਸ਼ਾਂ ਹੁੰਦੇ ਨੇ ਇਹ ਪਾਰਦਰਸ਼ਕ ਹੋਇਆ ਕਰਦੇ ਨੇ। ਜਿਹਦੇ ਮੂਹਰੇ ਦੂਰੀਆਂ ਦੀ ਕੋਈ ਰੁਕਾਵਟ ਨਾ ਹੋਵੇ ਉਹਨੂੰ ਪਾਰਦਰਸ਼ਕ ਕਹਿੰਦੇ ਨੇ, ਬੈਠਾ ਹੀ ਘਰੋਂ ਦੇਖ ਲਵੇ, ਦਿਬਜ ਦ੍ਰਿਸ਼ਟ ਖੁੱਲ੍ਹ ਜਾਇਆ ਕਰਦੀ ਹੈ ਉਨ੍ਹਾਂ ਦੀ, ਜਿਥੇ ਜੀਅ ਕਰਦਾ ਹੈ ਦੇਖ ਸਕਦੇ ਨੇ। ਬੇਅੰਤ ਮਿਸਾਲਾਂ ਨੇ ਗੁਰੂ ਘਰ ਦੇ ਅੰਦਰ।

ਗੁਰੂ ਮਹਾਰਾਜ ਦੇ ਜੀਵਨ ਵਿਚ ਦੱਸੀਆਂ ਹੀ ਨਹੀਂ ਜਾ ਸਕਦੀਆਂ ਐਨੀਆਂ ਮਿਸਾਲਾਂ ਨੇ, ਜਿਥੇ ਸਿੱਖ ਫਸ ਗਿਆ, ਭਾਈ ਤਿਲੋਕੇ ਨੇ ਕਾਠ ਦੀ ਤਲਵਾਰ ਪਾ ਲਈ ਉਹਨੇ,

ਕਿਉਂਕਿ ਹਰਨੀ ਮਰ ਗਈ ਸੀ ਉਸ ਤੋਂ, ਦੋ ਬੱਚੇ ਸਾਮ੍ਹਣੇ ਤੜਫ ਕੇ ਮਰ ਗਏ ਸੀ ਉਹਦੇ। ਜਦੋਂ ਪਰੇਡ ਦੇ ਵਿਚ ਹੁਕਮ ਹੋਇਆ ਕਿ ਕੱਢ ਤਲਵਾਰ, ਕਿੰਨਾ ਕੁ ਸਮਾਂ ਸੀ ਉਸ ਵੇਲੇ ਉਸ ਕੋਲ? ਉਸ ਵੇਲੇ ਨਿੱਕੀ ਜਿਹੀ ਅਰਦਾਸ ਹੋਈ ਹੇ ਪ੍ਰਭੂ! ਮੇਰੀ ਲਾਜ ਰੱਖ ਜਿਵੇਂ ਦਰੋਪਤੀ ਦੀ ਰੱਖੀ ਸੀ। ਵਾਹਿਗੁਰੂ ਕਹਿ ਕੇ ਤਲਵਾਰ ਖਿੱਚ ਲਈ ਐਨੀ ਚਮਕਦਾਰ ਸੀ ਕਿ ਜਿਵੇਂ ਬਿਜਲੀ ਚਮਕਦੀ ਹੈ, ਨਵਾਬ ਪਿੱਛੇ ਹਟ ਗਿਆ। ਕਹਿਣ ਲੱਗਿਆ ਕਿ ਭਾਈ ਤਿਲੋਕਾ ਇਹ ਕਿੱਥੋਂ ਦੀ ਬਣੀ ਹੋਈ ਹੈ, ਕੀ ਮਾਰਕਾ ਹੈ ਇਹਦੇ ਉਤੇ, ਬਣਾਉਣ ਵਾਲੇ ਨੇ ਕੋਈ ਮਾਰਕਾ ਲਿਖਿਆ ਹੈ। ਕਹਿਣ ਲੱਗੇ ਕਿ ਹਾਂ ਜੀ ਲਿਖਿਆ ਹੈ, ਇਹਦੇ ਉਤੇ ਲਿਖਿਆ ਹੈ ੧ਓ। ਕਹਿਣ ਲੱਗਿਆ ਇਹ ਬਣਦੀ ਕਿੱਥੇ ਹੈ? ਇਹਨੇ ਕਿਹਾ ਕਿ ਇਹ ਤਾਂ ਮੇਰੇ ਸਤਿਗੁਰੂ ਦੇ ਹਜ਼ੂਰ ਬਣਦੀ ਹੈ। ਕਹਿੰਦੇ, ਕੀਮਤ ਇਹਦੀ ਕੀ ਹੈ? ਕਹਿੰਦੇ, ਆਪਣਾ ਜੀਵਨ ਸਾਰਾ ਦੇ ਦੇਣਾ, ਤਾਂ ਵੀ ਇਹਦੀ ਕੀਮਤ ਨਹੀਂ ਬਣਦੀ।

ਸੋ ਇਹ ਚੀਜ਼ਾਂ ਪਾਰਦਰਸ਼ਕ ਹੋਣ ਦੇ ਨਾਲ, ਗੁਰੂ ਸਾਹਿਬ ਤਾਂ ਇਥੇ ਬੈਠੇ ਨੇ, ਤੇ ਉਹ ਕੰਧਾਰ ਦੇ ਵਿਚ ਗਜ਼ਨੀ 'ਚ ਹੈ। ਇਹ ਨਹੀਂ ਕਿ ਸਿੱਖ ਨੂੰ ਜਾਣਦੇ ਨਹੀਂ?

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥*

*ਅੰਗ - ੩੯੪*

ਡਰਨਾ ਚਾਹੀਦਾ ਹੈ ਸਿੱਖ ਨੂੰ ਕਿ ਮੇਰਾ ਗੁਰੂ ਮੈਨੂੰ ਦੇਖ ਰਿਹਾ ਹੈ। ਇਹ ਕੋਈ ਐਵੇਂ ਗੱਲਾਂ ਨਹੀਂ ਹਨ ਅਟਕਲਪੱਚੂ, ਮਨਮੱਤ ਦੀਆਂ।

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*
*ਜਿਹ ਪੈਡੈ ਮਹਾ ਅੰਧ ਗੁਬਾਰਾ ॥*
*ਹਰਿ ਕਾ ਨਾਮੁ ਸੰਗਿ ਉਜੀਆਰਾ ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥*

*ਅੰਗ - ੨੬੪*

ਜਿਥੇ ਰਸਤੇ ਦੇ ਕੋਹ ਨਹੀਂ ਗਿਣੇ ਜਾਂਦੇ, ਉਥੇ ਵੀ ਜਿਹੜਾ ਪਹੁੰਚ ਕੇ ਬੈਠਾ ਹੈ ਉਹਦਾ ਵੀ ਧਿਆਨ ਹੈ, ਮਹਾਂਪੁਰਸ਼ਾਂ ਨੂੰ। ਉਥੋਂ ਵੀ ਕੱਢ ਲੈਂਦੇ ਨੇ ਨਰਕਾਂ 'ਚੋਂ। ਡਿੱਗਣ ਨਹੀਂ ਦਿੰਦੇ।

ਗੁਰੂ ਦਸ਼ਮੇਸ਼ ਪਿਤਾ ਨੇ ਕਿਹਾ ਦਾਨਿਆ! ਤੂੰ ਕੇਸ ਰੱਖਿਆ ਕਰ। ਕਹਿੰਦਾ ਮੇਰੀ ਦਾੜ੍ਹੀ ਬੜੀ ਵੱਡੀ ਹੈ। ਕਹਿੰਦੇ, ਕੇਸ ਕਿਉਂ ਰਖਾਉਂਦੇ ਓਂ? ਕਹਿੰਦੇ, ਜਦੋਂ ਸਿੱਖ ਡੁੱਬੇਗਾ ਨਾ ਨਰਕ 'ਚ ਅਸੀਂ ਕੇਸਾਂ ਤੋਂ ਫੜ ਕੇ ਖਿੱਚ ਲਵਾਂਗੇ। ਕਹਿੰਦਾ, ਮੇਰੀ ਦਾੜ੍ਹੀ ਤਾਂ ਦੇਖੋ ਕਿੱਡੀ ਵੱਡੀ ਹੈ, ਇਥੋਂ ਫੜ ਲੈਣਾ? ਮਹਾਰਾਜ ਨੇ ਸੱਚੀਓਂ ਦਾੜ੍ਹੀ ਫੜ ਲਈ, ਝਟਕਾ ਲੱਗਿਆ, ਧਰਤੀ ਨਾਲ ਮੱਥਾ ਲੱਗਿਆ ਜਾ ਕੇ। ਕਹਿੰਦਾ, ਮਹਾਰਾਜ! ਇਹ ਕੀ? ਮਹਾਰਾਜ ਕਹਿਣ ਲੱਗੇ ਕਿ ਜੇ ਮੈਂ ਦਾੜ੍ਹੀ ਤੋਂ ਫੜਿਆ ਤਾਂ ਹੋਰ ਡੁੱਬੇਗਾਂ ਥੱਲੇ।

ਉਹਨੂੰ ਤਰੀਕੇ ਨਾਲ ਗੱਲ ਸਮਝਾਈ ਸੀ ਕਿ ਦਾਨਿਆ! ਅਸੀਂ ਆਪਣੇ ਸਿੱਖ ਨੂੰ ਦਰਗਾਹ 'ਚ ਗਏ ਨੂੰ ਵੀ ਉਹਦਾ ਖਹਿੜਾ ਨਹੀਂ ਛੱਡਦੇ -

*ਨਾਨਕ ਕਚੜਿਆ ਸਿਉ ਤੋੜਿ*
*ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ*
*ਓਇ ਮੁਇਆ ਨ ਜਾਹੀ ਛੋੜਿ ॥ ਅੰਗ - ੧੧੦੨*

ਫੇਰ ਰਿਸ਼ਤਾ ਤਾਂ ਇਹ ਪੱਕਾ ਹੋਇਆ ਨਾ ਜਿਹੜਾ ਮਰਿਆਂ ਤੋਂ ਬਾਅਦ ਵੀ ਸਹਾਇਤਾ ਕਰੇ। ਸਾਡੇ ਸਨਬੰਧੀਆਂ ਦਾ ਕੀ ਰਿਸ਼ਤਾ ਹੈ ਪਹਿਲਾਂ ਤਾਂ ਜੀਉਂਦੇ-ਜੀਉਂਦੇ ਨੂੰ ਹੀ ਛੱਡ ਦਿੰਦੇ ਨੇ। ਆਪਣੇ ਪਿਤਾਵਾਂ ਤੇ ਮੁਕੱਦਮੇ ਕਰ ਦਿੰਦੇ ਨੇ, ਮਜ਼ਬੂਰ ਕਰ ਦਿੰਦੇ ਨੇ ਕਿ ਫਲਾਣੇ ਨੂੰ ਬੇਦਖਲ ਕਰ ਦੇ, ਉਹਦੇ ਕੋਲ ਨਾ ਜਾਇਦਾਦ ਜਾਵੇ, ਮੇਰੇ ਕੋਲ ਆਵੇ। ਬਿਮਾਰ ਹੋਇਆ-ਹੋਇਆ ਮਦਦ ਕਰਨ ਵਾਲਾ ਕੋਈ ਹੈ ਨਹੀਂ ਉਹਦੇ ਕੋਲ, ਉਹਨੂੰ ਮਜ਼ਬੂਰਨ ਦਸਤਖਤ ਕਰਨੇ ਪੈਂਦੇ ਨੇ। ਆਹ ਸਾਡੀ ਰਿਸ਼ਤੇਦਾਰੀ ਹੈ, ਪਿਆਰ ਹੈ। ਮਹਾਰਾਜ ਕਹਿੰਦੇ ਸਭ ਕੱਚੇ ਪਿਆਰ ਨੇ। ਸੋ ਇਸ ਤਰ੍ਹਾਂ ਗੁਰੂ ਜੋ ਹੈ ਉਹ ਪਾਰਦਰਸ਼ਕ ਹੈ। ਹਰ ਥਾਂ ਦੇਖਦਾ ਹੈ, ਹਰ ਥਾਂ ਸਿੱਖ ਨੂੰ watch ਕਰਦਾ ਹੈ। ਸਹਾਇਤਾ ਮੰਗਦਾ ਹੈ ਉਸੇ ਸਮੇਂ ਦਿੰਦਾ ਹੈ। ਲੰਮੀ ਅਰਦਾਸ ਦੀ ਲੋੜ ਨਹੀਂ ਹੁੰਦੀ, ਕਿਉਂਕਿ ਸਿੱਧੀ ਗੱਲ ਕਰੋ, ਕੋਲ ਹੀ ਗੁਰੂ ਸਾਹਿਬ ਨੇ ਤੁਸੀਂ ਕਹੋ ਕਿ ਮਹਾਰਾਜ ਹੁਣ ਬਚਾ ਲਓ। ਉਹ ਤਾਂ ਐਨੀਓਂ ਗੱਲ ਸੁਣ ਕੇ ਪਤੀਜ ਜਾਂਦੇ ਨੇ। ਕਿਉਂਕਿ ਡਿਊਟੀ ਹੈ ਉਨ੍ਹਾਂ ਦੀ। ਸਾਡਾ ਕੀ ਹੈ ਅਸੀਂ ਗੁਰੂ ਨੂੰ ਭੁੱਲ ਕੇ ਉਹ ਕਰਮ ਕਰਦੇ ਹਾਂ, ਪੜਦੇ ਰਖਦੇ ਹਾਂ, ਛੁਪਾ-ਛੁਪਾ ਕੇ ਗੱਲਾਂ ਕਰਦੇ ਹਾਂ, ਨਾਸਤਕਾਂ ਦੀ ਹੱਦ ਹੈ ਸਾਧਸੰਗਤ ਜੀ ਇਹ। ਪਰ ਗੁਰੂ ਤਾਂ ਅੱਗੇ ਤਾਂ ਕੋਈ ਪੜਦਾ ਹੈ ਹੀ ਨਹੀਂ, ਉਹਦੀ ਦ੍ਰਿਸ਼ਟੀ ਤਾਂ ਪਾਰਦਰਸ਼ਕ ਹੈ।

ਮਾਤਾ ਜੀ ਨੇ ਕਿਹਾ ਜੋ ਉਨ੍ਹਾਂ ਦੇ ਕੋਲ ਸੇਵਾਦਾਰਨੀ ਸੀ ਬੀਬੀ, ਕਹਿਣ ਲੱਗੇ ਤੁਲਸਾਂ! ਮੈਂ ਪ੍ਰਸ਼ਾਦਾ ਤਿਆਰ ਕਰ ਲਿਆ, ਤੂੰ ਨਾਨਕ ਨੂੰ ਲੈ ਕੇ ਆ। ਮੈਨੂੰ ਲਗਦਾ ਹੈ ਉਹ ਆਰਾਮ ਕਰ ਰਹੇ ਨੇ। ਉਥੇ ਚਲੀ ਗਈ। ਉਹਨੇ ਦੇਖਿਆ ਕਿ ਆਰਾਮ ਕਰ ਰਹੇ ਨੇ। ਉਹਨੇ ਕਿਹਾ ਕਿ ਮੈਨੂੰ ਜਗਾਉਣ ਦਾ ਹੁਕਮ ਹੈ, ਮੈਂ ਕਿਵੇਂ ਜਗਾਵਾਂ? ਆਵਾਜ਼ ਦਿਤੀ ਤਾਂ ਬੇਅਕਲੀ ਹੈ। ਕਿਉਂਕਿ ਉਹਦੇ ਅੰਦਰ ਨਿਸ਼ਚਾ ਸੀ ਕਿ ਇਹ ਤਾਂ ਆਪ ਹੀ ਪੂਰਨ ਪ੍ਰਮੇਸ਼ਰ ਨੇ। ਉਸਨੇ ਆਪਣਾ ਮਸਤਕ ਅੰਗੂਠੇ ਦੇ ਨਾਲ ਲਾ ਦਿਤਾ। ਪਾਰਦਰਸ਼ਨ ਉਸੇ ਵੇਲੇ ਅੱਖ ਮਿਲ ਗਈ। ਜਿਹੜੀ ਨਾ ਦੂਰੀਆਂ ਨੂੰ ਜਾਣਦੀ ਹੈ, ਨਾ ਕੰਧਾਂ, ਨਾ ਪਹਾੜ, ਕੁਛ ਵੀ ਨਹੀਂ ਉਹਦੇ ਮੂਹਰੇ ਆਇਆ ਕਰਦਾ, ਉਹਨੂੰ ਦਿਬਜ ਦ੍ਰਿਸ਼ਟ ਵੀ ਕਹਿੰਦੇ ਨੇ, ਕੀ ਦੇਖਦੀ ਹੈ, ਗੁਰੂ ਨਾਨਕ ਪਾਤਸ਼ਾਹ ਦੇ ਅੱਗੇ ਸਿੱਖ ਜੋਦੜੀ ਕਰ ਰਿਹਾ ਹੈ,

ਮਨਸੁੱਖ ਕਿ ਹੇ ਪ੍ਰਭੂ! ਮੈਂ ਬੁਰਾ ਫਸ ਗਿਆ। ਬੇਗਾਨੇ ਪਾਣੀਆਂ 'ਚ ਆ ਕੇ ਮੇਰਾ ਜਹਾਜ਼ ਬਰੇਤੇ ਤੇ ਲਗ ਗਿਆ। ਜਵਾਹਰਭਾਟਾ ਬੜਾ ਪਤਲਾ ਆਇਆ ਹੈ, ਮੈਨੂੰ ਇਥੇ ਮਹੀਨਾ ਬੈਠਣਾ ਪੈਣਾ ਹੈ। ਹੁਣ ਤੁਸੀਂ ਕੱਢੋ ਮੈਨੂੰ ਇਥੋਂ। ਕੀ ਦੇਖਦੀ ਹੈ, ਗੁਰੂ ਨਾਨਕ ਪਾਤਸ਼ਾਹ ਆਪਣੀ ਸੱਤਾ ਦੇ ਕੇ ਜਹਾਜ਼ ਨੂੰ ਡੂੰਘੇ ਪਾਣੀਆਂ ਵਿਚ ਕੱਢ ਰਹੇ ਨੇ ਤਾਂ ਕਿ ਇਹ ਬਰੇਤੇ ਤੇ ਨਾ ਚੜ੍ਹ ਜਾਵੇ। ਦੇਖ ਤਾਂ ਲਿਆ ਉਸ ਬੀਬੀ ਨੇ ਆ ਕੇ ਮਾਤਾ ਜੀ ਨੇ ਕਿਹਾ ਕਿ ਤੂੰ ਜਗਾ ਕੇ ਨਹੀਂ ਲਿਆਈ। ਕਹਿੰਦੀ, ਕੀਹਨੂੰ ਜਗਾ ਕੇ ਲਿਆਵਾਂ, ਉਹ ਇਥੇ ਹੋਣ ਤਾਂ ਮੈਂ ਜਗਾਵਾਂ। ਉਹ ਤਾਂ ਲੰਕਾਂ ਦਾ ਨੇੜੇ-ਤੇੜੇ ਸਮੁੰਦਰ ਦੇ ਵਿਚ ਮਨਸੁਖ ਨਾਮ ਦੇ ਸਿੱਖ ਦਾ ਜਹਾਜ਼ ਗਹਿਰੇ ਪਾਣੀ 'ਚ ਕਰ ਰਹੇ ਨੇ। ਸੋ ਗੱਲ ਤਾਂ ਸੱਚ ਸੀ। ਉਹਨੇ ਦੇਖ ਲਈ। ਇਹਨੂੰ ਪਾਰਦਰਸ਼ਕ ਨਿਗ੍ਹਾ ਕਹਿੰਦੇ ਨੇ। ਇਹ ਮਹਾਤਮਾ ਨੂੰ ਪ੍ਰਾਪਤ ਹੁੰਦੀ ਹੈ।

ਮਹਾਰਾਜ ਜੀ ਕਹਿਣ ਲੱਗੇ ਬਹਾਦਰ ਸਿੰਘ ਨੂੰ ਕਿ ਸਵੇਰੇ ਲੈ ਕੇ ਆਈ ਵਰਿਆਮ ਸਿੰਘ ਨੂੰ। ਜਦੋਂ ਤੁਰਨ ਲੱਗਿਆ, ਪੁੱਛਿਆ ਕਿ ਮੈਂ ਜਾਵਾਂ? ਕਹਿੰਦੇ ਨਹੀਂ। ਮੈਨੂੰ ਖਿੱਚ ਪੈ ਗਈ, ਬੱਸ ਸਟੈਂਡ ਤੇ ਆਗਿਆ, ਜਦੋਂ ਨਾ ਟਿਕਟ ਮਿਲਿਆ, ਘਰ ਨੂੰ ਮੁੜ ਗਿਆ। ਉਨ੍ਹਾਂ ਦਿਨ੍ਹਾਂ 'ਚ ਚੰਡੀਗੜ੍ਹ ਐਉਂ ਨਹੀਂ ਸੀ ਹੁਣ ਵਰਗਾ, ਬੜੇ ਸੰਘਣੇ ਸਰਕੜੇ ਹੁੰਦੇ, ਦਰਖਤ ਹੁੰਦੇ, ਖੱਡੇ ਹੁੰਦੇ ਹਰ ਸੈਕਟਰ ਦੇ ਵਿਚ, ਮੈਨੂੰ ਸੋਹਣਾ ਲੱਗਿਆ ਥਾਉਂ। ਮੈਂ ਕਿਹਾ ਘਰੋਂ ਤਾਂ ਆਏ ਹੀ ਹੋਏ ਹਾਂ ਹੁਣ ਪ੍ਰਸ਼ਾਦੇ ਵੇਲੇ ਹੀ ਮੁੜਾਂਗੇ। ਦੋ ਘੰਟੇ ਬੈਠਾ ਰਿਹਾ ਮੈਂ। ਉਸ ਤੋਂ ਬਾਅਦ ਜਦੋਂ ਮੈਂ ਘਰ ਵੜਨ ਲੱਗਿਆ ਤਾਂ ਬਾਬੂ ਜੀ ਕਹਿਣ ਲੱਗੇ, ਬਾਬੂ ਰਲਾ ਸਿੰਘ ਜੀ, ਕਹਿੰਦੇ ਆ ਜਾਓ- ਆ ਜਾਓ ਅੰਦਰ ਨਾ ਜਾਓ। ਮੈਂ ਕਿਹਾ ਕਿ ਮਹਾਰਾਜ ਨੇ ਭੇਜਿਆ ਹੈ, ਪਹਿਲਾਂ ਤਾਂ ਤੁਹਾਡਾ ਇੰਤਜ਼ਾਰ ਕਰਦੇ ਰਹੇ। ਫੇਰ ਮਹਾਰਾਜ ਨੇ ਨੌਂ ਵਜੇ ਕਿਹਾ ਕਿ ਤੁਸੀਂ ਜਾਓ। ਇਹ ਜਿਹੜੀ ਦ੍ਰਿਸ਼ਟੀ ਹੈ ਇਹਨੂੰ ਪਾਰਦਰਸ਼ਕ ਦ੍ਰਿਸ਼ਟੀ ਕਹਿੰਦੇ ਨੇ। ਜਿਹਦੇ ਮੂਹਰੇ ਨਾ ਕੋਈ ਕੰਧ ਆਵੇ, ਨਾ ਪਹਾੜ ਆਵੇ। ਸੋ ਐਸੇ ਮਹਾਤਮਾ ਬਹੁਤ ਘੱਟ ਹੁੰਦੇ ਨੇ, ਇਹ ਜਿਹੜੇ ਬਾਣੀ ਦੇ ਵਿਚ ਸੰਕੇਤ ਆਉਂਦੇ ਨੇ, ਮਹਾਂਪੁਰਸ਼ਾਂ ਦੇ ਇਹ ਉਨ੍ਹਾਂ ਦੇ ਹੀ ਆਉਂਦੇ ਨੇ। ਉਨ੍ਹਾਂ ਨੂੰ ਹੀ ਕਿਹਾ ਹੈ -

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*
*ਅੰਗ - ੧੨੫੩*

ਸੋ ਉਨ੍ਹਾਂ ਨੇ ਜੋ ਦਰਸ਼ਨ ਹੈ ਉਹਨੂੰ ਦੁਰਲੱਭ ਗਿਣਿਆ ਹੈ। ਆਪਾਂ ਇਥੇ ਗੁਰੂ ਮਹਾਰਾਜ ਦੇ ਦਰਸ਼ਨ ਕਰਦੇ ਹਾਂ। ਇਕੱਠੇ ਹੋ ਕੇ ਆਪਾਂ ਸਤਿਸੰਗ ਕਰਦੇ ਹਾਂ। ਸੋ ਜਿਵੇਂ ਆਪਾਂ ਸ਼ਬਦ ਪੜ੍ਹਿਆ ਹੈ ਕਿ 'ਉਤਰ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨ ਪਾਇਆ'। ਜਦੋਂ ਤੋਂ ਮੈਨੂੰ ਦਰਸ਼ਨ ਹੋ ਗਏ, ਮੇਰੇ ਅੰਦਰ ਜਿਹੜਾ ਸੰਸਾ ਸੀ ਉਹ ਉਤਰ ਗਿਆ, ਉਹਦਾ ਨਤੀਜਾ ਕੀ ਹੋਇਆ, ਕਹਿੰਦੇ -

*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ ॥ ੧ ॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥*
*ਕਹੁ ਨਾਨਕ ਗੁਰਿ ਬੰਧਨ ਕਾਟੇ*
*ਬਿਛੁਰਤ ਆਨਿ ਮਿਲਾਇਆ ॥ ਅੰਗ - ੧੨੧੮*

ਅਨੰਦ ਆ ਗਿਆ ਅੰਦਰ, ਖੁਸ਼ੀਆਂ ਖੇੜੇ ਆ ਗਏ ਤੇ ਦੁਖਾਂ ਦਾ ਹੋ ਗਿਆ ਖਾਤਮਾ, ਸੁਖਾਂ ਨੇ ਦੁਖਾਂ ਦਾ ਥਾਂ ਲੈ ਲਿਆ। ਫੇਰ ਗੁਰੂ ਨੇ ਕ੍ਰਿਪਾ ਕਰੀ ਆਹ ਭਵਜਲ ਦੇ ਵਿਚੋਂ ਬਾਂਹ ਫੜ ਕੇ ਕੱਢਿਆ। ਕਿਵੇਂ ਕੱਢਿਆ? ਕਿਉਂਕਿ ਅਸੀਂ ਸੰਸੇ ਦੇ ਸਮੁੰਦਰ ਵਿਚ ਡੁੱਬ ਰਹੇ ਹਾਂ। ਜਦੋਂ ਤੱਕ ਸਾਡੇ ਅੰਦਰ ਸੰਸਾ ਹੈ ਅਸੀਂ ਪ੍ਰਮੇਸ਼ਰ ਨੂੰ ਨਹੀਂ ਮਿਲ ਸਕਦੇ। ਸਾਡਾ ਜਿਹੜਾ ਮਨੁੱਖਾ ਸਰੀਰ ਧਾਰਨ ਦਾ ਪ੍ਰਮ ਪ੍ਰਯੋਜਨ ਹੈ ਉਹ ਇਹ ਹੈ ਕਿ ਐਸ ਜਨਮ ਦੇ ਅੰਦਰ ਵਾਹਿਗੁਰੂ ਦੇ ਦਰਸ਼ਨ ਕਰਨੇ ਨੇ, ਚਲੋ ਇਸ ਜਨਮ ਦੇ ਅੰਦਰ ਨਹੀਂ ਹੋਣਗੇ, ਵਾਹਿਗੁਰੂ ਕਿਸੇ ਦਾ ਘਾਲਿਆ ਹੋਇਆ ਇਕ ਤਿਲ ਜਿੰਨਾ ਵੀ ਨਹੀਂ ਗਵਾਉਂਦਾ। ਅਗਲਾ ਜਨਮ ਐਹੋ ਜਿਹਾ ਦੇਵੇਗਾ ਕਿ ਬਚਪਨ ਤੋਂ ਹੀ ਸਤਿਸੰਗ ਵਲ ਲਗ ਜਾਏਗਾ ਤੇ ਉਹਨੂੰ ਬਚਾ ਕੇ ਵੀ ਰਖਦਾ ਹੈ, ਪਾਖੰਡੀਆਂ, ਭੇਖੀਆਂ ਦੇ ਜਾਲ ਵਿਚ ਨਹੀਂ ਫਸਣ ਦਿੰਦਾ, ਕਿਸੇ ਨਾ ਕਿਸੇ ਤੱਤ ਬੇਤੇ ਮਹਾਂਪੁਰਸ਼ ਨਾਲ ਜੋੜ ਦਿੰਦਾ ਹੈ। ਸੌ ਸੌ ਜਨਮ ਤੱਕ ਵੀ ਸੰਭਾਲ ਕੀਤੀ ਜਾਂਦੀ ਹੈ। ਜਦ ਤਕ ਇਹ ਪ੍ਰਾਪਤੀ ਨਹੀਂ ਹੁੰਦੀ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥ ਸਰੰਜਾਮਿ*
*ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ੧ ॥ਰਹਾਉ*
*ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥*
*ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥*
*ਕਹੁ ਨਾਨਕ ਹਮ ਨੀਚ ਕਰੰਮਾ ॥*
*ਸਰਣਿ ਪਰੇ ਕੀ ਰਾਖਹੁ ਸਰਮਾ ॥ ਅੰਗ - ੧੨*

ਤੇਰੀ ਵਾਰੀ ਹੈ ਇਹਨੂੰ ਦ੍ਰਿੜ੍ਹ ਕਰ ਲੈ, ਯਾਦ ਕਰ ਲੈ, ਹਿਰਦੇ 'ਚ ਵਸਾ ਲੈ -

***ਧਾਰਨਾ - ਇਹੋ ਤੇਰੀ ਵਾਰੀ ਐ ਗੋਬਿੰਦ ਮਿਲਣੇ ਦੀ।***

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬*

ਬੇਅੰਤ ਜਨਮ ਧਾਰਦੇ-ਧਾਰਦੇ ਮਹਾਰਾਜ ਕਹਿੰਦੇ ਹੁਣ

ਤੇਰੀ ਵਾਰੀ ਆਈ ਹੈ। ਏਸ ਗੱਲ ਨੂੰ ਜ਼ਹਿਨ ਨਸ਼ੀਨ ਕਰ ਲੈ, ਫੇਰ ਇਹ ਮੌਕਾ ਹੱਥ ਨਹੀਂ ਆਉਣਾ ਤੇ ਤੂੰ ਕਰਨ ਕੀ ਆਇਆ ਹੈਂ, ਤੂੰ ਪ੍ਰਮੇਸ਼ਰ ਨੂੰ ਮਿਲਣਾ ਹੈ। ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਕਰਕੇ, ਗੁਰੂ ਦੀ ਕ੍ਰਿਪਾ ਹਾਸਲ ਕਰਕੇ ਤੂੰ ਪ੍ਰਮੇਸ਼ਰ ਨੂੰ ਮਿਲਣਾ ਹੈ। ਪ੍ਰਮੇਸ਼ਰ ਹੈਗਾ ਸਾਰੇ ਪਰੀਪੂਰਨ, ਕੋਈ ਥਾਉਂ ਐਸਾ ਨਹੀਂ ਜਿੱਥੇ ਵਾਹਿਗੁਰੂ ਨਾ ਹੋਵੇ, ਪਰ ਇਹ ਸਾਡੇ ਯਾਦ ਕਿਉਂ ਨਹੀਂ ਰਹਿੰਦਾ।

*ਜਹ ਜਹ ਪੇਖਉ ਤਹ ਹਜੂਰਿ*
*ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥ ਬਿਨਸਿ*
*ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ ॥ ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥ ਸਾਸਿ*
*ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥*

*ਅੰਗ - ੬੭੭*

ਜਿਹੜਾ ਸਾਹ ਅੰਦਰ ਨੂੰ ਵੀ ਜਾਂਦੇ ਨੂੰ ਸੰਭਾਲਦਾ ਹੈ, ਬਾਹਰ ਨੂੰ ਆਉਂਦੇ ਨੂੰ ਵੀ ਸੰਭਾਲਦਾ ਹੈ ਉਹਨੂੰ ਫੇਰ ਪਿੱਛੇ ਮੋੜਦਾ ਹੈ, ਮਹਾਰਾਜ ਕਹਿੰਦੇ, ਉਹਨੂੰ ਕਿਉਂ ਭੁੱਲਦਾ ਹੈਂ ਤੂੰ, ਜਿੱਥੇ ਤੇਰਾ ਵਸ ਨਹੀਂ ਸੀ ਚਲਦਾ ਮਾਤਾ ਦੇ ਉਦਰ ਵਿਚ ਉਥੇ ਤੈਨੂੰ ਪਾਲਿਆ।

*ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ*
*ਸੋ ਕਿਉ ਮਨਹੁ ਵਿਸਾਰੀਐ ॥*
*ਮਨਹੁ ਕਿਉ ਵਿਸਾਰੀਐ ਏਵਡੁ ਦਾਤਾ*
*ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥*

*ਅੰਗ - ੯੨੧*

ਹੁਣ ਇਹਦੇ ਵਿਚ ਸਾਡਾ ਸਾਰਿਆਂ ਦਾ ਮਨ ਕਰਦਾ ਹੈ ਕਿ ਅਸੀਂ ਪ੍ਰਮੇਸ਼ਰ ਨੂੰ ਮਿਲੀਏ। ਕੋਈ ਮਹਾਂਮੂਰਖ ਹੋਵੇ ਜਿਹਦਾ ਮਨ ਇਹ ਗੱਲ ਨਾ ਕਹਿੰਦਾ ਹੋਵੇ। ਜਿਹਨੂੰ ਮਾਨਸ ਜਨਮ ਦੀ ਮਹੱਤਤਾ ਦਾ ਪਤਾ ਨਾ ਹੋਵੇ, ਓਹੋ ਜਿਹਾ ਤਾਂ ਕਹਿ ਦਿੰਦਾ ਹੈ। ਉਹ ਤਾਂ ਸਾਰਾ ਜਨਮ ਗਾਲ ਦਿੰਦਾ ਹੈ ਨਸ਼ਿਆਂ ਦੇ ਵਿਚ, ਸ਼ਰਾਬਾਂ ਕਬਾਬਾਂ ਨਸ਼ੇ ਖਾ ਕੇ, ਨਿੰਦਿਆ ਚੁਗਲੀ, ਈਰਖਾ, ਵਖੀਲੀ, ਵੈਰ ਵਿਰੋਧ, ਕਾਮ, ਕ੍ਰੋਧ, ਲੋਭ, ਮੋਹ, ਝੂਠ, ਬਿਕਾਰ, ਮਹਾਂ ਲੋਭ, ਧ੍ਰੋਹ ਵਿਚ ਜ਼ਿੰਦਗੀ ਕੱਢ ਦਿੰਦਾ ਹੈ। ਜਿਹਨੂੰ ਸਤਿਸੰਗ ਦਾ ਸ਼ੌਂਕ ਹੈ। ਬਾਣੀ ਪੜ੍ਹਦਾ ਹੈ, ਕੋਈ ਨਹੀਂ ਕਹਿੰਦਾ ਜੀ ਕਿ ਮੈਂ ਨਹੀਂ ਰੱਬ ਨੂੰ ਮਿਲਣਾ। ਜਿਹਦੇ ਮਿਲੇ ਤੋਂ ਬਗੈਰ ਖਹਿੜਾ ਹੀ ਨਹੀਂ ਛੁਟਣਾ, ਉਹਨੂੰ ਤਾਂ ਜ਼ਰੂਰ ਮਿਲਣਾ ਚਾਹੀਦਾ ਹੈ। ਸਾਰਿਆਂ ਦਾ ਇਰਾਦਾ ਹੈ ਕਿ ਅਸੀਂ ਪ੍ਰਮੇਸ਼ਰ ਨੂੰ ਮਿਲੀਏ ਅਤੇ ਸਾਡੇ ਦੁੱਖਾਂ ਖਾਤਮਾ ਹੋ ਜਾਵੇ। ਦੁਨੀਆਂ 'ਚ ਕੋਈ ਐਸਾ ਨਹੀਂ ਜਿਹੜਾ ਕਹੇ ਕਿ ਵਾਹਿਗੁਰੂ ਜੀ ਮੈਨੂੰ ਵੱਡੇ-ਵੱਡੇ ਦੁੱਖ ਦੇ, ਕੋਈ ਨਹੀਂ ਹੈ ਐਸਾ। ਇਹ ਵੀ ਦਾਤ ਹੈ।

*ਕੇਤਿਆ ਦੂਖ ਭੂਖ ਸਦ ਮਾਰ ॥*
*ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ - ੫*

ਏਸ ਦਾਤ ਨੂੰ ਕੋਈ ਨਹੀਂ ਮੰਗਦਾ। ਇਹਦੇ ਨਾਲ ਸਹਿਮਤੀ ਤਾਂ ਮਹਾਂਪੁਰਸ਼ ਕਰ ਲੈਂਦੇ ਨੇ, ਪਰ ਸੰਸਾਰ ਨੂੰ ਸੁੱਖ ਦੀ ਗੱਲ ਕਹਿੰਦੇ ਨੇ ਕਿ ਸੰਸਾਰ ਨੂੰ ਸੁਖੀ ਰੱਖ। ਇਹ ਤੇਰੇ ਜੀਵ ਨੇ ਔਖੇ ਨਾ ਹੋਣ ਇਹ। ਇਨ੍ਹਾਂ ਨੂੰ ਬਚਾ ਲੈ, ਇਨ੍ਹਾਂ ਨੂੰ ਸੁਖ ਦੇਹ, ਦੁਖ ਦੀ ਕਿਸੇ ਮਹਾਤਮਾ ਨੇ ਅਰਦਾਸ ਹੀ ਨਹੀਂ ਕਰੀ ਕਿ ਸੰਸਾਰ ਦੇ ਉਤੇ ਦੁਖ ਭੇਜ ਦੇ, ਪਰੇਸ਼ਾਨੀਆਂ ਭੇਜ ਦੇ। ਹਾਂ, ਇਹ ਉਨ੍ਹਾਂ ਨੇ ਜ਼ਰੂਰ ਕਿਹਾ ਹੈ ਕਿ ਜੇ ਦੁੱਖ ਆ ਜਾਵੇ ਨਾ ਤਾਂ ਵੀ ਪ੍ਰਮੇਸ਼ਰ ਨੂੰ ਯਾਦ ਰੱਖੋ।

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥ ੨ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥ ਅੰਗ - ੭੫੭*

ਜੇ ਸੁੱਖ ਦਿੰਦਾ ਹੈਂ ਤਾਂ ਵੀ ਮੈਂ ਤੇਰਾ ਸ਼ੁਕਰ ਕਰਾਂਗਾ, ਜੇ ਦੁੱਖ ਆਉਂਦੇ ਨੇ ਤਾਂ ਵੀ ਮੈਂ ਤੇਰੇ ਭਾਣੇ ਵਿਚ ਰਾਜ਼ੀ ਰਹਾਂਗਾ, ਕੋਈ ਸ਼ਿਕਾਇਤ ਨਹੀਂ ਕਰਾਂਗਾ, ਲੇਕਿਨ ਦੁਖਾਂ ਤੋਂ ਸਾਰੇ ਡਰਦੇ ਨੇ। ਕੋਈ ਬੰਦਾ ਨਹੀਂ ਜਿਹੜਾ ਕਹੇ ਕਿ ਪਰੇਸ਼ਾਨੀਆਂ ਮੇਰੇ ਪੱਲੇ ਪੈ ਜਾਣ, ਦੁਖ ਪੱਲੇ ਪੈ ਜਾਣ, ਵਿਛੋੜੇ ਪੈ ਜਾਣ। ਘਬਰਾਉਂਦੇ ਹਾਂ ਅਸੀਂ। ਮਹਾਰਾਜ ਕਹਿੰਦੇ ਕਿ ਫੇਰ ਦੁੱਖ ਦੇ ਖਾਤਮੇ ਦਾ ਕੋਈ ਇਲਾਜ ਸੋਚ। ਆਪਣੇ ਮਨ ਨੂੰ ਪੱਕਾ ਕਰ ਕਿ ਦੁੱਖ ਦਾ ਮੈਂ ਖਾਤਮਾ ਕਰਨਾ ਹੈ।

ਇਕ ਐਸੀ ਸਾਖੀ ਆਉਂਦੀ ਹੈ ਇਕ ਰਾਜਾ ਸੀ ਨੇਪਾਲ ਦੀ ਹੱਦ ਵਿਚ, ਉਸ ਦੇ ਜਦੋਂ ਲੜਕਾ ਪੈਦਾ ਹੋਇਆ ਤਾਂ ਜੋਤਸ਼ੀਆਂ ਨੇ ਕਿਹਾ ਕਿ ਇਹ ਬਹੁਤ ਹੀ senstive ਹੈ। ਉਹ ਜਿਥੋਂ ਦਾ ਰਾਜਾ ਸੀ ਸ਼ਹਿਰ ਦਾ ਉਸ ਦਾ ਨਾਂ ਕਪਲਵਸਤੂ ਸੀ। ਬਿਹਾਰ ਦੇ ਉਪਰਲੇ ਪਾਸੇ। ਰਾਜੇ ਨੂੰ ਕਿਹਾ ਕਿ ਇਹ ਕਦੇ ਵੀ ਘਰ ਛੱਡ ਸਕਦਾ ਹੈ, ਇਹਨੂੰ ਕੋਈ ਦੁੱਖ ਦਿਖਾਇਆ ਜਾਵੇ, ਜਿਥੋਂ ਇਹਦਾ ਚਿੱਤ ਨਰਾਜ਼ ਹੋ ਜਾਏ, ਰਾਜੇ ਨੇ ਇਕ ਸਪੈਸ਼ਲ ਬਾਗ ਬਣਾਇਆ, ਕਿੰਨੇ ਹੀ ਮੀਲਾਂ ਵਿਚ। ਉਹਦੇ ਆਲੇ-ਦੁਆਲੇ ਉਚੀ ਦੀਵਾਰ ਕਰਾਈ। ਜਿਥੋਂ ਚੜ੍ਹ ਕੇ ਨਾ ਕੋਈ ਦੇਖ ਸਕੇ ਐਸਾ ਵੀ ਕੋਈ ਉਹਨੇ ਪ੍ਰਬੰਧ ਕਰਿਆ। ਉਹਦੇ ਵਿਚ ਇਹਦੀ ਪਾਲਣਾ ਹੋਣੀ ਸ਼ੁਰੂ ਹੋ ਗਈ, ਇਹਦਾ ਨਾਉਂ ਸਿਧਾਰਥ ਸੀ।

ਬੜੀਆਂ ਖੁਸ਼ੀਆਂ ਦੇ ਸਮਾਗਮ ਇਹਦੇ ਆਲੇ-ਦੁਆਲੇ ਰੱਖੇ ਗਏ, ਜਿਨ੍ਹਾਂ ਦੇ ਅੰਦਰੋਂ ਕਦੇ ਹਉਕਾ ਨਾ ਆਵੇ, ਸਦਾ ਹੀ ਖੇੜਾ ਆਵੇ, ਹਾਸਾ ਆਵੇ ਉਹੋ ਜਿਹੇ ਬੰਦੇ, ਬੀਬੀਆਂ ਕੋਲ ਰੱਖੀਆਂ। ਇਹ ਵਕਤੀ ਤੌਰ ਦੇ ਉਤੇ ਖੁਸ਼ ਹੋ ਜਾਇਆ ਕਰੇ, ਪਰ ਅੰਦਰੋਂ ਜਦੋਂ ਇਕੱਲਾ ਹੋਵੇ ਉਦਾਸ ਹੋ ਜਾਂਦਾ ਸੀ। ਇਹ ਸੋਚਣ ਲਗ ਜਾਂਦਾ ਸੀ ਕਿ ਇਹ ਦੁਨੀਆਂ ਕੀ ਹੋਈ। ਮੈਨੂੰ ਇਥੋਂ ਬਾਹਰ ਨਿਕਲਣ ਦਾ ਹੁਕਮ ਨਹੀਂ ਹੈ। ਕਹਿੰਦੇ, ਨੇ ਕਿ 18 ਸਾਲ ਤੋਂ ਬਾਅਦ ਨੂੰ ਬਾਹਰ ਨਿਕਲੇਂਗਾ। ਜਵਾਨ ਹੋ ਗਿਆ 18 ਸਾਲ ਦਾ ਹੋ ਗਿਆ। ਇਹਦਾ ਭਰਾ ਸੀ ਇਕ ਉਹਨੇ ਹੰਸ ਦੇ ਤੀਰ ਮਾਰਿਆ, ਉਹ ਇਹਦੇ ਬਾਗ ਦੇ ਵਿਚ ਆ ਕੇ ਗਿਰ ਗਿਆ। ਸਿਧਾਰਥ ਨੇ ਉਹਦਾ ਇਲਾਜ

ਕਰਾਇਆ, ਪੱਟੀਆਂ ਬੰਨ੍ਹੀਆਂ, ਲੱਤ ਟੁੱਟ ਗਈ ਸੀ, ਉਹਨੂੰ ਠੀਕ ਕਰਾਇਆ, ਜਦੋਂ ਠੀਕ ਹੋ ਗਿਆ, ਉਹਦਾ ਭਰਾ ਆ ਗਿਆ ਉਹ ਕਹਿੰਦਾ ਮੇਰਾ ਹੰਸ ਦੇ ਦੇ। ਇਹਨੇ ਕਿ ਮੈਂ ਕਿਵੇਂ ਦੇ ਦੇਵਾਂ। ਮੈਂ ਤਾਂ ਇਹਨੂੰ ਪਾਲਿਆ ਹੈ, ਤੂੰ ਤਾਂ ਮਾਰ ਕੇ ਸੁੱਟ ਦਿਤਾ ਨਾ। ਤੂੰ ਤਾਂ ਇਹਦੀ ਜ਼ਿੰਦਗੀ ਖੋਹ ਲਈ। ਮੇਰੇ ਰਾਹੀਂ ਇਹਨੂੰ ਜ਼ਿੰਦਗੀ ਦੁਬਾਰਾ ਪ੍ਰਾਪਤ ਹੋਈ। ਹੁਣ ਤੂੰ ਇਨਸਾਫ ਕਰਾ ਲੈ ਜਿੱਥੋਂ ਤੇਰਾ ਜੀਅ ਕਰਦਾ ਹੈ। ਜਿਹਨੇ ਇਹਨੂੰ ਬਚਾ ਕੇ ਜ਼ਿੰਦਗੀ ਦਿਤੀ ਉਹਦਾ ਹੱਕ ਹੈ ਉਹਦੇ ਕੋਲ ਰਹੇ, ਤੇਰੇ ਕੋਲ ਨਹੀਂ ਰਹਿ ਸਕਦਾ। ਸੋ ਇਸ ਤਰ੍ਹਾਂ ਦੇ ਇਹਦੇ ਖਿਆਲ ਸੀਗੇ। ਜਵਾਨ ਹੋ ਗਿਆ। ਵਿਆਹ ਹੋ ਗਿਆ। ਇਕ ਬਹੁਤ ਹੀ ਲਾਇਕ ਪੁੱਤਰ ਪੈਦਾ ਹੋ ਗਿਆ। ਰਾਹੁਲ ਉਸਦਾ ਨਾਮ ਸੀ। ਇਕ ਦਿਨ ਕਹਿਣ ਲੱਗਿਆ ਕਿ ਮੈਂ ਵੱਡਾ ਪਰਿਵਾਰ ਦੇ ਅੰਦਰ, ਰਾਜ ਦਾ ਮੇਰਾ ਹੱਕ ਦਸਦੇ ਨੇ, ਕਿਉਂਕਿ ਰਾਜਨੀਤੀ ਪੜ੍ਹਾਈ ਗਈ, ਸਾਰੀ ਵਿਦਿਆ ਪੜ੍ਹਾਈ ਗਈ। ਸ਼ਸਤਰ ਵਿਦਿਆ ਉਥੇ ਸਿਖਾਈ ਗਈ, ਤਾਂ ਕਹਿਣ ਲੱਗਿਆ ਕਿ ਮੈਨੂੰ ਰਾਜ ਕਰਨ ਦਾ ਪਤਾ ਤਾਂ ਹੈ ਨਹੀਂ, ਜਿਹਦੇ ਉਤੇ ਮੈਂ ਰਾਜ ਕਰਨਾ ਹੈ ਉਹ ਰਿਆਇਆ ਦਾ ਕੀ ਹਾਲ ਹੈ? ਉਹਦਾ ਡਰਾਈਵਰ ਸੀ ਬੜਾ ਹੀ ਸਮਝਦਾਰ, ਉਹਦਾ ਨਾਮ ਸੀ ਚੰਨਾ। ਕਹਿਣ ਲੱਗੇ, ਚੰਨਿਆ! ਤੁਸੀਂ ਤਿੰਨ ਦਿਨ ਤਾਂ ਮੈਨੂੰ ਲਈ ਫਿਰਦੇ ਰਹੇ ਏਧਰ ਪਹਾੜਾਂ 'ਚ ਲੈ ਜਾਂਦੇ ਓਂ, ਐਧਰ ਮੈਦਾਨ ਵਿਚ ਲੈ ਜਾਂਦੇ ਓਂ, ਜਿਥੇ ਦਰਿਆ ਨੇ, ਪਾਣੀ ਚਲਦੇ ਨੇ ਉਥੇ ਮੈਨੂੰ ਲੈ ਜਾਂਦੇ ਓਂ, ਪਰ ਤੁਸੀਂ ਕਦੇ ਮੈਨੂੰ ਚੌਥੇ ਪਾਸੇ ਨਹੀਂ ਲੈ ਕੇ ਗਏ ਕਿ ਓਧਰ ਕੀ ਹੈ? ਉਹ ਕਹਿਣ ਲੱਗਿਆ, ਮਹਾਰਾਜ! ਉਥੇ ਬੇਅੰਤ ਜਨਤਾ ਵਸਦੀ ਹੈ, ਹੁਕਮ ਹੈ ਕਿ ਓਧਰ ਨਾ ਲੈ ਕੇ ਜਾਇਓ। ਕਹਿੰਦੇ, ਦੇਖ ਮੈਂ ਬਾਲਗ ਹੋ ਗਿਆ, ਕੱਲ੍ਹ ਨੂੰ ਮੈਂ ਬਾਦਸ਼ਾਹ ਬਣਨਾ ਹੈ, ਤਖਤ ਤੇ ਬੈਠਣਾ ਹੈ ਤੇ ਮੈਨੂੰ ਮੇਰੀ ਰਿਆਇਆ ਦਾ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਕਿਹੋ ਜਿਹੀ ਹੈ। ਕਿਉਂਕਿ ਉਹ ਸੇਵਕ ਸੀ, ਉਹਨੇ ਕਿਹਾ ਕਿ ਜੋ ਹਜ਼ੂਰ ਦਾ ਹੁਕਮ ਹੈ, ਮੈਂ ਉਸਨੂੰ ਵਜਾ ਲਿਆਵਾਂਗਾ। ਅੱਜ ਫੇਰ ਓਧਰਲੇ ਰਸਤੇ ਚੱਲਾਂਗੇ।

ਅੱਗੇ ਸੜਕ ਤੇ ਜਾਈ ਜਾਂਦਾ ਹੈ, ਦੋਵੇਂ ਪਾਸੇ ਦੇਖੀ ਜਾਂਦਾ ਹੈ, ਪਬਲਿਕ ਹੈ, ਕੋਈ ਖੇਤੀ ਕਰ ਰਿਹਾ ਹੈ, ਕੋਈ ਹੱਥਾਂ ਨਾਲ ਕੰਮ ਕਰ ਰਿਹਾ ਹੈ, ਜਾਂਦੇ-ਜਾਂਦੇ ਨੇ ਦੇਖਿਆ ਕਿ ਸੜਕ ਬੰਦ ਹੋ ਗਈ, ਬੱਘੀ ਰੋਕਣੀ ਪਈ ਕਹਿਣ ਲੱਗਿਆ ਚੰਨਿਆ! ਕੀ ਗੱਲ ਬੱਘੀ ਰੋਕ ਲਈ? ਕਹਿਣ ਲੱਗਿਆ ਕਿ ਹਜ਼ੂਰ ਸੜਕ ਦੇ ਉਤੇ ਇਕ ਬਿਮਾਰ ਬੰਦਾ ਲੰਘ ਰਿਹਾ ਹੈ, ਉਹਨੂੰ ਸਹਾਰਾ ਦੇ ਕੇ ਲੰਘਾਉਂਦੇ ਨੇ, ਏਸ ਕਰਕੇ ਮੈਂ ਗੱਡੀ ਰੋਕੀ ਹੈ। ਕਹਿਣ ਲੱਗਿਆ, ਮੈਂ ਦੇਖਣਾ ਚਾਹੁੰਦਾ ਹਾਂ, ਬਿਮਾਰ ਕੀ ਹੁੰਦਾ ਹੈ। ਕਿਉਂਕਿ ਉਹਨੂੰ ਐਨਾ ਗਿਆਨ ਹੀ ਨਹੀਂ ਸੀ ਦਿਤਾ ਕਿ ਬਿਮਾਰ ਵੀ ਹੁੰਦੇ ਨੇ ਲੋਕ। ਉਹ ਬਜ਼ੁਰਗ ਵਿਚਾਰਾ ਦਰਦ ਨਾਲ ਕਰਰਹਾ ਰਿਹਾ ਹੈ। ਲਿਟਦਾ ਹੈ। ਵਾਪਸ ਆ ਗਿਆ, ਮਨ ਤੇ ਬੜੀ ਭਾਰੀ ਚੋਟ ਲੱਗੀ। ਕਹਿਣ ਲੱਗਿਆ, ਚੰਨਿਆ! ਇਹ ਬਿਮਾਰ ਕਿਉਂ ਹੋਇਆ? ਕਹਿਣ ਲੱਗਿਆ, ਹਜ਼ੂਰ! ਬੀਮਾਰੀ ਤਾਂ ਸਾਰਿਆਂ ਨੂੰ ਹੀ ਆਉਂਦੀ ਹੈ ਚਾਹੇ ਰਾਜਾ ਹੋਵੇ, ਗਰੀਬ ਹੋਵੇ, ਚਾਹੇ ਅਮੀਰ ਹੋਵੇ, ਅਨਪੜ੍ਹ ਹੋਵੇ, ਪਾਪੀ ਹੋਵੇ, ਪੁੰਨੀ ਹੋਵੇ, ਬੀਮਾਰੀ ਨੇ ਤਾਂ ਆਪਣੇ ਸਹਿਜ ਨਾਲ ਆ ਜਾਣਾ। ਪਿੱਤ, ਕਫ ਤੇ ਵਾਯੂ ਇਨ੍ਹਾਂ ਦੇ ਵਿਚ ਜਦੋਂ ਵਿਗਾੜ ਪੈਦਾ ਹੁੰਦਾ ਹੈ ਤਾਂ ਉਸ ਵੇਲੇ ਸਰੀਰ ਬੀਮਾਰ ਹੋ ਜਾਂਦਾ ਹੈ।

ਕਹਿੰਦਾ, ਸਾਰੇ ਬੀਮਾਰ ਹੁੰਦੇ ਨੇ।

ਕਹਿੰਦਾ ਹਾਂ ਮਹਾਰਾਜ। ਮੈਂ ਵੀ ਬੀਮਾਰ ਹੋਵਾਂਗਾ?

ਕਹਿੰਦਾ, ਹਾਂ।

ਕਹਿੰਦਾ, ਬੜਾ ਦੁਖ ਹੋ ਰਿਹਾ ਸੀ ਇਸਨੂੰ।

ਕਹਿੰਦਾ, ਬੀਮਾਰੀ ਵਿਚ ਦੁਖ ਇਸ ਤਰ੍ਹਾਂ ਹੀ ਹੁੰਦਾ ਹੈ। ਚਿੱਤ ਖਰਾਬ ਹੋ ਗਿਆ। ਦੋ ਮਹੀਨੇ ਬਾਅਦ ਫੇਰ ਗਿਆ, ਕਹਿਣ ਲੱਗਿਆ, ਮੈਂ ਫੇਰ ਜਾਣਾ ਚਾਹੁੰਦਾ ਹਾਂ। ਅੱਗੇ ਗਿਆ ਤਾਂ ਫੇਰ ਬੱਗੀ ਰੁਕ ਗਈ। ਪੁੱਛਣ ਲੱਗਿਆ ਕਿ ਕੀ ਗੱਲ ਬੱਗੀ ਰੋਕ ਲਈ? ਚੰਨੇ ਨੇ ਕਿਹਾ, ਮਹਾਰਾਜ! ਇਥੇ ਇਕ ਸੜਕ ਦੇ ਉਤੇ ਇਕ ਬਿਰਧ ਪੁਰਸ਼ ਜਾ ਰਿਹਾ ਹੈ, ਸੋਟੀ ਉਹਦੇ ਹੱਥ ਵਿਚ ਹੈ, ਡਿੰਘ ਭਰ ਨਹੀਂ ਸਕਦਾ, ਜਦੋਂ ਭਰਦਾ ਹੈ ਤਾਂ ਉਹਦਾ ਸਰੀਰ ਕੰਬਦਾ ਹੈ ਤੇ ਗਿਰਨ ਤੋਂ ਬਚਦਾ ਹੈ। ਉਤਰ ਕੇ ਦੇਖਣ ਲਗ ਗਿਆ। ਬੜੀ ਨੀਝ ਲਾ-ਲਾ ਕੇ ਦੇਖਦਾ ਹੈ ਕਿ ਇਹ ਤਾਂ ਬੜਾ ਬੁਰਾ ਹਾਲ ਹੁੰਦਾ ਹੈ। ਆ ਕੇ ਕਹਿਣ ਲੱਗਿਆ ਕਿ ਚੰਨਿਆ! ਇਹ ਬਿਰਦ ਸਾਰੇ ਹੀ ਹੁੰਦੇ ਨੇ। ਕਹਿੰਦੇ ਹਾਂ ਮਹਾਰਾਜ! ਜਦੋਂ ਆਦਮੀ ਪੈਦਾ ਹੁੰਦਾ ਹੈ। ਪਹਿਲਾਂ ਇਹ ਵਧਦਾ ਹੈ, ਅਰ ਇਹਦੇ ਵਿਚ ਪਰਿਵਰਤਨ ਜਿੰਨਾ ਹੁੰਦਾ ਹੈ ਇਕ ਮਿੰਟ ਦੇ ਲੱਖਵੇਂ ਹਿੱਸੇ ਵਿਚ ਪਰਿਵਰਤਨ ਹੋ ਰਿਹਾ ਹੈ।

***ਦਸ ਬਾਲਤਣਿ ਬੀਸ ਰਵਣਿ***
***ਤੀਸਾ ਕਾ ਸੁੰਦਰੁ ਕਹਾਵੈ ॥***
***ਚਾਲੀਸੀ ਪੁਰੁ ਹੋਇ***
***ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ ॥ ਸਤਰਿ ਕਾ***
***ਮਤਿਹੀਣੁ***
***ਅਸੀਹਾਂ ਕਾ ਵਿਉਹਾਰੁ ਨ ਪਾਵੈ ॥***
***ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥***
***ਢੰਢੋਲਿਮੁ ਢੂਢਿਮੁ ਡਿਠੁ ਮੈ***
***ਨਾਨਕ ਜਗੁ ਧੂਏ ਕਾ ਧਵਲਹਰੁ ॥***

***ਅੰਗ - ੧੩੮***

ਮਹਾਰਾਜ! 10 ਸਾਲ ਦਾ ਇਹ ਬਾਲ ਹੁੰਦਾ ਹੈ, 20 ਸਾਲ ਦਾ ਇਹ ਰੰਗੀਲਾ ਹੋ ਜਾਂਦਾ ਹੈ ਭੋਗਾਂ ਵਿਚ ਪਰਵ੍ਰਿਤ ਹੋ ਜਾਂਦਾ ਹੈ ਇਹਦਾ ਮਨ ਤੇ 30 ਸਾਲ ਤੇ ਜਾ ਕੇ ਪੂਰਾ ਸੁੰਦਰ ਹੁੰਦਾ ਹੈ, ਜਿੰਨੀ ਸੁੰਦਰਤਾ ਇਹਦੇ 'ਚ ਆਉਣੀ ਹੈ ਤੀਹ ਸਾਲ ਤੱਕ ਆ ਜਾਂਦੀ ਹੈ ਤੇ 40 ਵੇਂ ਸਾਲ ਤੱਕ ਪੂਰਾ ਹੋ ਜਾਂਦਾ ਹੈ, ਭਰ ਜਾਂਦਾ ਹੈ ਜਿੰਨਾ ਭਰਨਾ ਸੀ। 41 ਵੇਂ ਸਾਲ 'ਚ ਵਧਦਾ ਨਹੀਂ ਫੇਰ maintain ਕਰਦਾ ਹੈ ਫੇਰ

ਉਸਨੂੰ ਕਾਇਮ ਰੱਖਣ ਦਾ ਯਤਨ ਕਰਦਾ ਹੈ ਕਿ ਮੈਂ ਕਮਜ਼ੋਰ ਨਾ ਹੋ ਜਾਵਾਂ। ਖੁਰਾਕ ਵਧਾ ਦਿੰਦਾ ਹੈ, ਹੋਰ ਗੱਲਾਂ ਕਰਦਾ ਹੈ, ਵਿਟਾਮਿਨ ਖਾਣ ਲਗ ਜਾਂਦਾ ਹੈ, ਦਵਾਈਆਂ ਖਾਂਦਾ ਹੈ ਤੇ ਜਿਸ ਵਕਤ 50 ਦਾ ਹੁੰਦਾ ਹੈ, ਲੱਖ ਦਵਾਈਆਂ ਖਾ ਲੈ, ਲੱਖ ਇਲਾਜ ਕਰਾ ਲੈ, ਪੈਰ ਥਿੜਕ ਜਾਂਦਾ ਹੈ ਉਥੋਂ, ਜਿਹੜੀ ਜਵਾਨੀ ਹੈ ਉਹ ਢਲਣੀ ਸ਼ੁਰੂ ਹੋ ਜਾਂਦੀ ਉਥੋਂ। 10 ਸਾਲ ਇਹ ਢਲਦੀ ਰਹਿੰਦੀ ਹੈ। ਪੈਰ ਜਿਹੜਾ ਹੈ ਖਿਸਕ ਜਾਇਆ ਕਰਦਾ ਹੈ। ਬੁਢੇਪਾ ਆ ਗਿਆ। ਮਹਾਂਪੁਰਸ਼ ਫੇਰ ਆਵਾਜ਼ਾਂ ਦਿੰਦੇ ਨੇ ਕਿ ਪਿਆਰਿਆ! ਕਿਹੜੇ ਸੁਪਨਿਆਂ 'ਚ ਤੂੰ ਪਿਆ ਹੈਂ, ਧਿਆਨ ਦੇਹ –

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥*

*ਅੰਗ – ੧੩੭੮*

ਕਾਲੇ ਜਿਹੜੇ ਸੀਗੇ ਉਹ ਉਡ ਗਏ, ਚਿੱਟੇ ਆ ਗਏ, ਵਾਰਨਿੰਗ ਆ ਗਈ ਕਿ ਤੇਰਾ ਅੱਧ ਮੁੱਕ ਚੁਕਿਆ ਹੈ, ਜਿਹੜਾ ਬਾਕੀ ਦਾ ਅੱਧ ਰਹਿੰਦਾ ਹੈ, ਕੋਈ ਜ਼ਰੂਰੀ ਨਹੀਂ ਕਿ ਤੂੰ ਐਨਾ ਹੀ ਜੀਉਣਾ ਹੈ –

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥ ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥*

*ਅੰਗ – ੨੫੪*

ਫੰਧਾ ਗਲ 'ਚ ਪੈਣਾ ਹੈ, ਤੂੰ ਨਿਸ਼ਚਾ ਤਾਂ ਕਰ।

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥ ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥*

*ਅੰਗ – ੧੩੮੧*

ਇਕ ਦਿਨ ਅਸੀਂ ਦੋਵੇਂ ਜਣੇ ਬੈਠੇ ਸੀ, ਤੁਹਾਡੇ ਬੀਜੀ ਤੇ ਮੈਂ, ਪਿੰਡ ਵਲ ਧਿਆਨ ਚਲਿਆ ਗਿਆ ਸਾਡਾ, ਉਹ ਗਿਣਨ ਲੱਗ ਗਏ ਕਿ ਮੁਹੱਲਾ ਭਰਿਆ ਪਿਆ ਸੀ, ਉਹ ਚਲੇ ਕਿੱਥੇ ਗਏ ਸਾਰੇ? ਕਿੱਥੋਂ ਇਹ ਜੀਵ ਆਉਂਦਾ ਹੈ ਕਿੱਥੇ ਚਲਿਆ ਜਾਂਦਾ ਹੈ। ਥਾਉਂ ਤਾਂ ਖਾਲੀ ਨਹੀਂ ਹੁੰਦੀ, ਘਰ ਤਾਂ ਉਵੇਂ ਹੀ ਭਰੇ ਹੋਏ ਨੇ ਸਾਡੇ। ਪਰ ਜਿਹੜੇ ਨਾਲ ਸੀ ਉਨ੍ਹਾਂ 'ਚੋਂ ਨਜ਼ਰ ਹੀ ਕੋਈ ਨਹੀਂ ਆਉਂਦਾ। ਤਿੰਨ ਸਾਲ ਹੋਏ, ਮੇਰਾ ਇਕ ਬਚਪਨ ਦਾ ਸਕੂਲ ਪੜ੍ਹਨ ਵਾਲਾ ਮਿੱਤਰ ਸੀ ਤੇਜਾ ਸਿੰਘ, ਉਹ ਗੁਰਦੁਆਰੇ ਵਿਚ ਪਿਆ ਮੰਜੇ ਤੇ, ਕਿਉਂਕਿ ਬੁਢਾਪੇ ਦੇ ਵਿਚ ਐਹੋ ਜਿਹਾ ਹੀ ਹਾਲ ਹੋ ਜਾਇਆ ਕਰਦਾ ਹੈ, ਘਰ 'ਚ ਪੈਣ ਨਹੀਂ ਦਿੰਦੇ, ਗੁਰਦੁਆਰਿਆਂ 'ਚ ਬੰਦੋਬਸਤ ਹੁੰਦਾ ਹੈ, ਦਰਖਤਾਂ ਥੱਲੇ ਮੰਜੇ ਡਾਹ ਕੇ ਪੈ ਜਾਂਦੇ ਨੇ। ਮੈਂ ਗਿਆ, ਮੇਰੇ ਮੱਥੇ ਤੇ ਹੱਥ ਰੱਖਿਆ ਤੇ ਦੇਖਣ ਲਗ ਗਿਆ। ਕਹਿੰਦਾ, ਤੂੰ ਵਰਿਆਮ ਸਿਉਂ ਹੈਂ? ਮੈਂ ਕਿਹਾ ਹਾਂ। ਮੈਂ ਐਵੇਂ ਉਹਨੂੰ ਪੁੱਛ ਲਿਆ ਕਿ ਗੁਰਦੇਵ ਸਿੰਘ ਹੁੰਦਾ ਸੀ ਆਪਣੇ ਨਾਲ, ਸੂਬੇਦਾਰ ਹੋ ਗਿਆ ਸੀ ਬਾਅਦ 'ਚ, ਉਹ ਹੈਗੇ? ਇਕ ਦੋ ਦੇ ਮੈਂ ਹੋਰ ਨਾਉਂ ਲਏ। ਕਹਿਣ ਲੱਗਿਆ ਕਿ ਲੈ ਮੈਂ ਤੈਨੂੰ ਸਾਰੀ ਗੱਲ ਦਸਦਾ ਹਾਂ। ਜਿਹੜੇ ਤਾਂ ਆਪਣੇ ਤੋਂ ਪਹਿਲਾਂ ਵਸਦੇ ਸੀ ਉਹ ਤਾਂ ਸਾਰੇ ਹੀ ਗਿਣ ਲੈ। ਜਿਹੜੇ ਆਪਣੇ ਤੋਂ ਦੋ ਕੁ ਸਾਲ ਪਿੱਛੇ ਸੀ ਉਹ ਵੀ ਸਾਰੇ ਗਿਣ ਲੈ। ਇਕ ਦੋ ਨਾਉਂ ਲਏ ਉਹਨੇ, ਕਹਿਣ ਲੱਗਿਆ ਕਿ ਐਉਂ ਸਮਝ ਲੈ ਕਿ ਇਨ੍ਹਾਂ ਤੋਂ ਬਿਨਾਂ ਸਾਰੇ ਹੀ ਪਿੰਡ 'ਚੋਂ ਪ੍ਰਲੋਕ ਗਮਨ ਕਰ ਗਏ ਹਨ।

ਸੰਸਾਰ ਚਲਿਆ ਜਾ ਰਿਹਾ ਹੈ, ਨਜ਼ਰ ਆ ਰਿਹਾ ਹੈ ਲੇਕਿਨ ਮਨ ਨਹੀਂ ਮੰਨ ਰਿਹਾ ਕਿ ਮੈਂ ਵੀ ਜਾਣਾ ਹੈ? ਮਹਾਰਾਜ ਬਾਰ-ਬਾਰ ਵਾਰਨਿੰਗ ਦੇਈ ਜਾਂਦੇ ਨੇ ਕਿ ਪਿਆਰਿਆ, ਤੇਰਾ ਕੁਛ ਨਹੀਂ ਵਿਗੜਿਆ, ਜੇ ਬੁਢਾਪਾ ਵੀ ਆ ਗਿਆ, ਵਿਗੜਿਆ ਨਾ ਸਮਝ ਤੂੰ। ਜੇ ਤੈਨੂੰ ਕੋਈ ਰੋਗ ਵੀ ਆ ਗਿਆ, ਉਸ ਤੋਂ ਪਹਿਲਾਂ-ਪਹਿਲਾਂ ਤੂੰ ਸਾਵਧਾਨ ਹੋ।

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥੧॥*

*ਅੰਗ – ੧੧੫੯*

ਜਿਹੜਾ ਕੰਮ ਤੈਨੂੰ ਕਿਹਾ ਸੀ ਉਹ ਤੂੰ ਭੁੱਲ ਗਿਆ, ਮਹਾਤਮਾ ਹਾਕਾਂ ਮਾਰ-ਮਾਰ ਕੇ ਕਹਿੰਦੇ ਨੇ।

*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ਅੰਗ – ੧੧੫੯*

ਇਹੀ ਲਾਹਾ ਤੂੰ ਲੈਣ ਵਾਸਤੇ ਆਇਆ ਹੈਂ, ਉਹ ਲਾਹਾ ਤੇਰੇ ਤੋਂ ਲਿਆ ਨਹੀਂ ਜਾ ਰਿਹਾ।

***ਧਾਰਨਾ – ਆਇਓ ਲਾਹਾ ਲੈਣ ਪ੍ਰਾਣੀ***
***ਆਇਓ ਲਾਹਾ ਲੈਣ।***

*ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥*

*ਅੰਗ – ੪੩*

ਕਿਹੜੇ ਕੰਮਾਂ 'ਚ ਪੈ ਗਿਆ, ਮਾੜੀਆਂ ਗੱਲਾਂ 'ਚ ਪੈ ਗਿਆ, ਇਹ ਤਾਂ ਤੇਰੀ ਧੁਰ ਦਰਗਾਹ ਤੋਂ ਲਿਖੀਆਂ ਹੋਈਆਂ ਸੀ, ਤੂੰ ਇਨ੍ਹਾਂ ਗੱਲਾਂ ਵਿਚ ਆਪਣਾ ਸਮਾਂ ਕਿਉਂ ਨਸ਼ਟ ਕਰ ਰਿਹਾ ਹੈਂ, ਜਿਸ ਕੰਮ ਨੂੰ ਕਰਨ ਵਾਸਤੇ ਆਇਆ ਹੈਂ, ਉਹ ਕਰ। ਉਹ ਤਾਂ ਸਮਾਂ ਤੇਰਾ ਲੰਘਦਾ ਜਾਂਦਾ ਹੈ –

*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ਅੰਗ – ੧੧੫੯*

ਦੱਸੀ ਜਾਂਦੇ ਨੇ ਮਹਾਰਾਜ ਜੀ, ਆਹੀ ਲਾਹਾ ਹੈ ਜਿਨ੍ਹਾਂ ਤੇ ਤੂੰ ਆਸ ਰੱਖੀਂ ਬੈਠਾ ਹੈਂ, ਉਹ ਉਥੇ ਨਹੀਂ ਪਹੁੰਚ ਸਕਦੇ, ਉਥੇ ਇਕ ਸੱਜਣ ਨੇ ਤੇਰੇ ਨਾਲ ਜਾਣਾ ਹੈ –

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥*

*ਅੰਗ – ੭੨੯*

ਉਹ ਸੱਜਣ ਹੈ ਸ਼ੁਭ ਕਰਮ, ਵਾਹਿਗੁਰੂ ਦਾ ਨਾਮ। ਇਹਨੇ ਤੇਰੀ ਸਹਾਇਤਾ ਕਰਨੀ ਹੈ।

***ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ,***
***ਔਖੀ ਵੇਲਾ।***

ਉਥੇ ਹੋਰ ਕੋਈ ਨਹੀਂ ਪਹੁੰਚਦਾ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥*
*ਅਨਿਕ ਪੁਨਹਚਰਨ ਕਰਤ ਨਹੀ ਤਰੈ ॥*
*ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥*
*ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥*
*ਨਾਨਕ ਪਾਵਹੁ ਸੁਖ ਘਨੇਰੇ ॥ ਅੰਗ - ੨੬੪*

ਹਦ ਤੋਂ ਜ਼ਿਆਦਾ ਮੁਸ਼ਕਲਾਂ ਤਾਂ ਅਸੀਂ ਦੇਖੀਆਂ ਹੀ ਨਹੀਂ ਹੈਂ। ਮਹਾਰਾਜ ਕਹਿੰਦੇ ਨੇ 'ਅਤੀ' ਜਿਸ ਤੋਂ ਜ਼ਿਆਦਾ ਹੋਰ ਕੋਈ ਮੁਸ਼ਕਲ ਨਾ ਹੋਵੇ। ਉਥੇ ਵੀ ਪ੍ਰਮੇਸ਼ਰ ਦਾ ਨਾਮ ਇਕ ਛਿਨ ਦੇ ਵਿਚ ਤੇਰਾ ਉਧਾਰ ਕਰ ਦੇਵੇਗਾ। ਕਿੰਨੀਓਂ ਮੁਸ਼ਕਲ ਕਿਉਂ ਨਾ ਹੋਵੇ। ਬੰਦਿਆਂ ਦਾ ਤਾਂ ਕਰੇਗਾ, ਜਾਨਵਰਾਂ ਦਾ ਵੀ ਕਰ ਦਿੰਦਾ ਹੈ।

ਇਕ ਸਾਖੀ ਆਉਂਦੀ ਹੈ ਮਹਾਰਾਜ ਕਹਿੰਦੇ ਨੇ-

*ਜਬ ਹੀ ਸਰਨਿ ਗਹੀ ਕਿਰਪਾ ਨਿਧਿ*
*ਗਜ ਗਰਾਹ ਤੇ ਛੂਟਾ ॥*
*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ ॥ ਅੰਗ - ੬੩੨*

ਹਾਥੀ ਜਿਹੜਾ ਸੀ ਸਵਰਗ 'ਚੋਂ ਗਿਰਿਆ ਹੋਇਆ ਦੇਵਤਾ ਸੀ, ਸਰਾਪ ਮਿਲਿਆ ਹੋਇਆ ਸੀ ਉਹਨੂੰ। ਹਾਥੀ ਬਣ ਗਿਆ, ਵਣ ਵਿਚ ਰਹਿਣ ਲਗ ਗਿਆ, ਤਾਕਤ ਬੇਅੰਤ ਸੀ, ਘੁਮੰਡ ਵਿਚ ਰਿਹਾ ਕਰਦਾ ਸੀ। ਇਕ ਵਾਰੀ ਉਹ ਦਰਿਆ 'ਚ ਨਾਹੁੰਣ ਚਲਿਆ ਗਿਆ, ਗਹਿਰਾ ਪਾਣੀ ਸੀ, ਉਥੋਂ ਤੰਦੂਆ ਨਿਕਲਿਆ ਉਹਨੇ ਫੜ ਲਿਆ ਆ ਕੇ। ਇਹ ਬਾਹਰ ਨੂੰ ਖਿਚਦਾ ਹੈ, ਉਹ ਅੰਦਰ ਨੂੰ ਖਿਚਦਾ ਹੈ, ਅਖੀਰ ਪਾਣੀ ਦੇ ਵਿਚ ਕਿੱਡਾ ਹੀ ਕੋਈ ਤਕੜਾ ਕਿਉਂ ਨਾ ਹੋਵੇ, ਉਹਦਾ ਬਲ ਨਹੀਂ ਕੰਮ ਕਰਿਆ ਕਰਦਾ। ਉਹਨੇ ਪਾਣੀ ਦੇ ਵਿਚ ਖਿਚ ਲਿਆ ਇਹਨੂੰ, ਇਹ ਡੁੱਬਣ ਲੱਗਿਆ, ਪਿਛਲਾ ਦੇਵ ਲੋਕ ਵਿਚ ਹੋਣ ਕਰਕੇ ਉਹਦੇ ਯਾਦ ਸੀ ਕਿ ਮਾਤ ਲੋਕ ਦੇ ਵਿਚ ਜੇ ਇਕ ਵਾਰੀ ਪ੍ਰਮੇਸ਼ਰ ਨੂੰ ਯਾਦ ਕਰ ਲਵੇ, ਉਥੇ ਪ੍ਰਮੇਸ਼ਰ ਨੂੰ ਜਾਣਾ ਹੀ ਪੈਂਦਾ ਹੈ ਓਸ ਵੇਲੇ। ਡੁਬਦੇ-ਡੁਬਦੇ ਨੇ ਉਹਨੇ ਕਿਹਾ ਕਿ 'ਰਾਮ' ਆਵਾਜ਼ ਆਈ ਇਕ ਵਾਰੀ ਸਿਰਫ ਇਕ ਵਾਰੀ। ਉਸੇ ਵੇਲੇ ਮਹਾਰਾਜ ਕਹਿੰਦੇ ਚੱਕਰਾਂ ਦੇ ਨਾਲ ਉਸੇ ਵੇਲੇ ਤੰਦੂਏ ਦੇ ਤੰਦ ਕੱਟ ਦਿਤੇ ਤੇ ਉਹਨੂੰ ਆਜ਼ਾਦ ਕਰ ਦਿਤਾ।

*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ ॥ ਅੰਗ - ੬੩੨*

ਇਕ ਵਾਰੀ ਰਾਮ ਕਹਿਣ ਦਾ ਫਲ ਕਿੰਨਾ ਹੈ -

*ਨਾਮੁ ਸੁਣਤ ਜਮੁ ਦੂਰਹੁ ਭਾਗੈ ॥ ਅੰਗ - ੧੧੫੦*

ਜਮ ਦੀ ਤਾਕਤ ਨਹੀਂ ਹੈ ਜਿੱਥੇ ਪ੍ਰਮੇਸ਼ਰ ਦਾ ਨਾਮ ਆ ਜਾਵੇ। ਉਥੋਂ ਨੱਠ ਜਾਂਦਾ ਹੈ ਪਰ ਉਹਦੇ ਅਸੂਲ ਨੇ ਇਕ ਤਾਂ ਗੈਰਹਾਜ਼ਰੀ 'ਚ ਪ੍ਰਮੇਸ਼ਰ ਦਾ ਨਾਮ ਲਿਆ ਜਾਂਦਾ ਹੈ, ਇਕ ਜਿਵੇਂ ਤੁਸੀਂ ਤੇ ਮੈਂ ਮੈਨੂੰ ਆਪਣੇ ਆਹਮੋ ਸਾਹਮਣੇ ਹਾਕ ਮਾਰੋਂ। ਹਾਜ਼ਰੀ ਦੇ ਵਿਚ ਕਿਹਾ ਹੋਇਆ ਰਾਮ ਪੂਰਾ ਫਲ ਦਿੰਦਾ ਹੈ ਇਕ ਵਾਰੀ ਦਾ ਵੀ ਕਿਹਾ ਹੋਇਆ।

ਇਕ ਮਹਾਂਪੁਰਸ਼ ਦੀ ਸਾਖੀ ਚਲਦੀ ਹੈ। ਕਿਉਂਕਿ ਮਹਾਂਪੁਰਸ਼ਾਂ ਦੇ ਬਚਨ ਜੋ ਹੁੰਦੇ ਨੇ ਅਨੁਭਵੀ ਹੁੰਦੇ ਨੇ। ਜੇ ਕੋਈ ਕਹੇ ਕਿ ਸਾਬਤ ਕਰਕੇ ਦਿਖਾਓ, ਤਾਂ ਉਹ ਕਹਿੰਦੇ ਨੇ ਕਿ ਇਹ ਤਾਂ ਵਾਦ-ਵਿਵਾਦ ਹੈ, ਤੂੰ ਆਰਾਮ ਕਰ, ਅਧਿਕਾਰੀ ਹੀ ਨਹੀਂ ਤੂੰ ਗੱਲ ਸੁਣਨ ਦਾ। ਸੋ ਉਨ੍ਹਾਂ ਨੇ ਪ੍ਰਮੇਸ਼ਰ ਵਲ ਲਾਉਣਾ ਹੈ ਸੰਸਾਰ ਨੂੰ। ਤਰਕਾਂ ਵਿਤਰਕਾਂ ਗਿਆਨੀਆਂ ਕੋਲ ਹੁੰਦੀਆਂ ਨੇ, ਸੰਤਾਂ ਕੋਲ ਨਹੀਂ। ਸੰਤਾਂ ਕੋਲ ਹੁੰਦਾ ਹੈ ਪਿਆਰ। ਪਿਆਰ ਦੇ ਵਿਚ ਕੋਈ ਤਰਕ ਹੀ ਨਹੀਂ ਹੁੰਦੀ। ਜੇ ਤਰਕ ਆ ਗਈ ਪਿਆਰ ਦੇ ਵਿਚ ਤਾਂ ਪਿਆਰ ਖਤਮ ਹੋ ਜਾਂਦਾ ਹੈ। ਸੋ ਸਤਿਸੰਗ ਵਿਚ ਮਹਾਂਪੁਰਸ਼ਾਂ ਨੇ ਕਿਹਾ ਕਿ ਅਤਿਥੀ ਨੂੰ ਪ੍ਰਸ਼ਾਦਾ ਛਕਾਉਣ ਦਾ ਬਹੁਤ ਵੱਡਾ ਫਲ ਹੁੰਦਾ ਹੈ। ਅਤਿਥੀ ਨੂੰ ਜਾਣਦੇ ਨਾ ਹੋਈਏ, ਮੁੜ ਕੇ ਉਹਨੂੰ ਮਿਲਣਾ ਨਾ ਹੋਵੇ, ਤੇ ਉਹ ਭੁੱਖਾ ਹੋਵੇ ਉਸ ਵੇਲੇ ਉਹਨੂੰ ਪ੍ਰਸ਼ਾਦਾ ਛਕਾ ਦੇਣਾ ਬੜਾ ਭਾਰੀ ਪੁੰਨ ਹੁੰਦਾ ਹੈ। ਵੱਡੇ-ਵੱਡੇ ਪੁੰਨ ਆਉਂਦੇ ਨੇ, ਧਾਰਮਿਕ ਇਤਿਹਾਸਾਂ 'ਚ।

ਇਕ ਵਾਰੀ ਬਿਕਰਮਾਜੀਤ ਨੇ ਰਾਜ ਪੰਡਤ ਨੂੰ ਪੁਛਿਆ ਕਿ ਤੂੰ ਜੋਤਿਸ਼ ਲਾ ਕੇ ਦੱਸ ਕਿ ਮੈਨੂੰ ਕਿ ਮੈਂ ਕਿਹੜਾ ਪੁੰਨ ਕਰਿਆ ਸੀ ਜਿਹਦੇ ਬਦਲੇ ਮੈਨੂੰ ਇਹ ਤਖਤ ਮਿਲਿਆ ਹੈ। ਜੋਤਸ਼ੀਆਂ ਨੂੰ ਬੁਲਾ ਲਿਆ, ਨਹੀਂ ਤਾਂ ਮੈਂ ਦੰਡ ਦੇਵਾਂਗਾ। ਸੱਤ ਦਿਨਾਂ ਦੀ ਮੋਹਲਤ ਦੇ ਦਿਤੀ, ਸੱਤਾਂ ਦਿਨਾਂ ਬਾਅਦ ਕੋਈ ਜਵਾਬ ਨਾ ਆਇਆ, ਅਖੀਰ ਰਾਜ ਪੰਡਤ ਦੀ ਲੜਕੀ ਨੇ ਦੇਖਿਆ ਤਾਂ ਉਸ ਨੇ ਪੁਛਿਆ ਕਿ ਪਿਤਾ ਜੀ! ਤੁਸੀਂ ਨਿਰਾਸ਼ ਕਿਉਂ ਹੋ? ਤਾਂ ਉਸਨੇ ਕਿਹਾ ਕਿ ਰਾਜੇ ਨੇ ਸਵਾਲ ਕੀਤਾ ਹੈ ਉਸ ਦਾ ਜਵਾਬ ਨਾ ਦਿਤਾ ਤਾਂ ਦੰਡ ਮਿਲਣਾ ਹੈ, ਜੇ ਮੈਂ ਕੱਲ੍ਹ ਤੱਕ ਨਾ ਦੇ ਸਕਿਆ।

ਉਸ ਨੇ ਪੁਛਿਆ ਕਿ ਪ੍ਰਸ਼ਨ ਕੀ ਹੈ ਤਾਂ ਰਾਜ ਪੰਡਤ ਨੇ ਦੱਸਿਆ ਕਿ ਮੈਂ ਕਿਹੜਾ ਪੁੰਨ ਕਰਿਆ ਹੈ ਜਿਹਦੇ ਕਰਕੇ ਮੈਨੂੰ ਐਡਾ ਭਾਰਤ ਵਰਸ਼ ਦਾ ਰਾਜ ਮਿਲਿਆ ਹੈ। ਦੱਖਣ ਦਾ ਰਾਜ ਉਸ ਕੋਲ ਨਹੀਂ ਸੀ। ਕਹਿਣ ਲੱਗੀ ਇਹਦੇ ਵਿਚ ਕੀ ਔਖਾ ਹੈ। ਇਹ ਗੱਲ ਤੁਸੀਂ ਮੈਨੂੰ ਪਹਿਲਾਂ ਹੀ ਦੱਸ ਦਿੰਦੇ। ਮੈਨੂੰ ਨਾਲ ਲੈ ਚੱਲਿਓ ਮੈਂ ਜਵਾਬ ਦੇਵਾਂਗੀ।

ਦੂਸਰੇ ਦਿਨ ਉਹਨੂੰ ਨਾਲ ਲੈ ਗਿਆ, ਜਦੋਂ ਸਵਾਲ

ਕਰਿਆ ਬਿਕਰਮਾਜੀਤ ਨੇ ਤਾਂ ਕਹਿਣ ਲੱਗਿਆ ਮਹਾਰਾਜ! ਗੁਸਤਾਖੀ ਮਾਫ, ਮੇਰੀ ਲੜਕੀ ਜਵਾਬ ਦੇਵੇਗੀ। ਕਹਿਣ ਲੱਗਿਆ ਮੈਂ ਤਾਂ ਜਵਾਬ ਚਾਹੁੰਦਾ ਹਾਂ ਚਾਹੇ ਕੋਈ ਦੇਵੇ।

ਲੜਕੀ ਕਹਿਣ ਲੱਗੀ ਕਿ ਮਹਾਰਾਜ ਮੈਂ ਜਵਾਬ ਤਾਂ ਦੇ ਦਿੰਦੀ ਹਾਂ, ਪਰ ਆਦਮੀ ਦਾ ਮਨ ਪਰਤੱਖ ਦੇਖੇ ਬਿਨਾਂ ਮੰਨਦਾ ਨਹੀਂ ਹੈ। ਰੱਬ ਸਾਰੇ ਪਰੀਪੂਰਨ ਹੈ ਕੋਈ ਥਾਂ ਐਸਾ ਨਹੀਂ ਹੈ, ਜਿਥੇ ਉਹ ਨਹੀਂ। ਅੰਦਰ ਵੀ ਬਾਹਰ ਵੀ ਸਭ ਤਾਂ ਹੈ।

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥*

*ਅੰਗ - ੨੯੪*

ਕੋਈ ਐਸਾ ਥਾਉਂ ਨਹੀਂ ਜਿੱਥੇ ਉਹ ਨਹੀਂ ਹੈ। ਪਰ ਇਹ ਦੱਸੋ ਕਿ ਕੋਈ ਮੰਨਦਾ ਵੀ ਹੈ ਏਸ ਚੀਜ਼ ਨੂੰ? ਜੇ ਤਾਂ ਮੰਨ ਗਿਆ ਮਹਾਰਾਜ ਕਹਿੰਦੇ ਨੇ -

*ਮੰਨੇ ਕੀ ਗਤਿ ਕਹੀ ਨ ਜਾਇ ॥*
*ਜੇ ਕੋ ਕਹੈ ਪਿਛੈ ਪਛੁਤਾਇ ॥*
*ਕਾਗਦਿ ਕਲਮ ਨ ਲਿਖਣਹਾਰੁ ॥*
*ਮੰਨੇ ਕਾ ਬਹਿ ਕਰਨਿ ਵੀਚਾਰੁ ॥*
*ਐਸਾ ਨਾਮੁ ਨਿਰੰਜਨੁ ਹੋਇ ॥*
*ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੨ ॥*
*ਮੰਨੈ ਸੁਰਤਿ ਹੋਵੈ ਮਨਿ ਬੁਧਿ ॥*
*ਮੰਨੈ ਸਗਲ ਭਵਣ ਕੀ ਸੁਧਿ ॥*
*ਮੰਨੈ ਮੁਹਿ ਚੋਟਾ ਨਾ ਖਾਇ ॥*
*ਮੰਨੈ ਜਮ ਕੈ ਸਾਥਿ ਨ ਜਾਇ ॥*
*ਐਸਾ ਨਾਮੁ ਨਿਰੰਜਨੁ ਹੋਇ ॥*
*ਜੇ ਕੋ ਮੰਨਿ ਜਾਣੈ ਮਨਿ ਕੋਇ ॥ ਅੰਗ - ੩*

ਇਹ ਜੋ ਅਨੁਭਵ ਹੈ ਵਾਹਿਗੁਰੂ ਦੀ ਪਰੀਪੂਰਨਤਾ, ਇਹਨੂੰ ਨਾਮ ਦੀ ਪ੍ਰਾਪਤੀ ਕਹਿੰਦੇ ਨੇ, ਆਖਰੀ ਅਵਸਥਾ ਹੈ ਇਹ ਬ੍ਰਹਮਗਿਆਨੀਆਂ ਦੇ ਅੰਦਰ ਜਾਗਦੀ ਹੈ, ਏਸ ਕਰਕੇ ਨਾਮ ਦੀ ਕੋਈ ਕੀਮਤ ਨਹੀਂ ਹੈ।

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*

*ਅੰਗ - ੮੧*

ਕੋਈ ਮੰਨਦਾ ਹੈ? ਕਰੋੜ ਬੰਦਾ ਲੈ ਆਓ, ਕਰੋੜ 'ਚੋਂ ਇਕ ਵੀ ਨਹੀਂ ਮੰਨਦਾ। ਕੋਈ ਮਹਾਂਪੁਰਸ਼ ਜਿਹਦੇ ਨੇਤਰ ਖੁਲ੍ਹ ਗਏ ਉਹ ਮੰਨ ਲੈਂਦਾ ਹੈ ਹਰ ਕੋਈ ਨਹੀਂ ਮੰਨਦਾ। ਮਹਾਰਾਜ ਨੇ ਚਾਰ ਪਉੜੀਆਂ ਲਿਖੀਆਂ ਨੇ 'ਮੰਨਣ' ਦੀਆਂ ਜਪੁਜੀ ਸਾਹਿਬ ਵਿਚ। ਪਰ ਨਹੀਂ ਮੰਨਦਾ। ਕਹਿਣ ਲੱਗੀ ਮਹਾਰਾਜ! ਦੇਖੇ ਬਗੈਰ ਬੰਦਾ ਮੰਨਦਾ ਨਹੀਂ, ਕਈ ਵਾਰੀ ਦੇਖਣ ਤੋਂ ਵੀ ਨਹੀਂ ਮੰਨਦਾ। ਤੁਹਾਨੂੰ ਮੈਂ ਪ੍ਰਤੱਖ ਦਿਖਾਉਣਾ ਚਾਹੁੰਦੀ ਹਾਂ। ਕਹਿਣ ਲੱਗਿਆ ਦੱਸ। ਕਹਿੰਦੀ ਇਥੋਂ 35 ਮੀਲ ਦੇ ਉਤੇ ਇਕ ਮਹਾਤਮਾ ਨੇ ਉਹ ਸੁਆਹ ਘੋਲ ਕੇ ਪੀਂਦੇ ਨੇ, ਉਹ ਦੱਸਣਗੇ ਤੁਹਾਨੂੰ।

ਅਤਾ ਪਤਾ ਸੁਣ ਲਿਆ ਸਾਰਾ, ਉਥੇ ਚਲਿਆ ਗਿਆ। ਜਾ ਕੇ ਪੁਛਿਆ ਤਾਂ ਉਹਨੇ ਕਿਹਾ ਕਿ ਮੈਂ ਤੈਨੂੰ ਦੱਸ ਦਿੰਦਾ ਹਾਂ ਤੇਰਾ ਮਨ ਨਹੀਂ ਮੰਨਣਾ। ਤੂੰ ਐਉਂ ਕਰ, ਇਥੇ ਇਕ ਹੋਰ ਮਹਾਤਮਾ ਨੇ 40 ਮੀਲ ਤੇ ਉਹ ਕੋਲੇ ਮੂੰਹ ਵਿਚ ਪਾਉਂਦੇ ਨੇ, ਜਲਦਾ-ਜਲਦਾ ਕੋਲਾ ਮੂੰਹ ਵਿਚ ਪਾ ਲੈਂਦੇ ਨੇ ਤੇ ਦੰਦਾਂ ਨਾਲ ਚੱਬ ਦਿੰਦੇ ਨੇ। ਉਥੇ ਚਲਿਆ ਗਿਆ। ਉਹਨੇ ਵੀ ਕਿਹਾ ਕਿ ਦੱਸ ਤਾਂ ਮੈਂ ਤੈਨੂੰ ਦੇਵਾਂ ਪਰ ਐਸੀਓ ਗੱਲ ਹੋਈ ਹੋਈ ਹੈ ਕਿ ਮੈਂ ਦੱਸ ਨਹੀਂ ਸਕਦਾ। ਜੇ ਤੂੰ ਪੁੱਛਣਾ ਹੈ ਤਾਂ ਫਲਾਣੇ ਥਾਂ ਕੱਲ੍ਹ ਨੂੰ ਇਕ ਬਾਲਕ ਨੇ ਜਨਮ ਲੈਣਾ ਹੈ, ਉਹ ਕਈ ਵਾਰੀ ਜੰਮਿਆ ਹੈ ਤੇ ਕਈ ਵਾਰੀ ਮਰਿਆ ਹੈ। ਉਹ ਤੇਰਾ ਇੰਤਜ਼ਾਰ ਕਰਦਾ ਹੈ, ਜਦੋਂ ਉਹ ਤੈਨੂੰ ਮਿਲੇਗਾ ਤਾਂ ਉਹਦਾ ਜਿਹੜਾ ਸਰਾਪ ਹੈ ਉਹ ਫੇਰ ਲਹਿਣਾ ਹੈ।

ਉਥੇ ਚਲਿਆ ਗਿਆ, ਬੱਚਾ ਜਦੋਂ ਪੈਦਾ ਹੋਇਆ, ਕੋਲ ਬੁਲਾਇਆ। ਕਹਿਣ ਲੱਗਿਆ, ਮੈਂ ਤੇਰੇ ਕੋਲ ਆਇਆ ਹਾਂ ਆਹ ਗੱਲ ਪੁੱਛਣ। ਉਸ ਵੇਲੇ ਉਹ ਬੋਲ ਪਿਆ। ਕਹਿਣ ਲੱਗਿਆ ਕਿ ਰਾਜਨ! ਮੈਂ ਤੇਰਾ ਹੀ ਇੰਤਜ਼ਾਰ ਕਰਦਾ ਸੀ, ਕਿੰਨੇ ਜਨਮਾਂ ਤੋਂ ਮੈਂ ਜੰਮਦਾ ਮਰਦਾ ਰਿਹਾ ਹਾਂ। ਆਪਾਂ ਚਾਰੋ ਜਣੇ ਤੂੰ, ਮੈਂ, ਜਿਹੜਾ ਕੋਲੇ ਖਾਂਦਾ ਹੈ ਉਹ ਮਹਾਤਮਾ ਤੇ ਜਿਹੜਾ ਸੁਆਹ ਘੋਲ ਕੇ ਪੀਂਦਾ ਹੈ ਉਹ; ਘੋਰ ਤਪ ਕਰ ਰਹੇ ਸੀ। ਸਾਡੀ ਤਪਸਿਆ ਦਾ ਇਮਤਿਹਾਨ ਲੈਣ ਵਾਸਤੇ ਭਗਵਾਨ ਆ ਗਏ, ਬਿਰਧ ਰੂਪ ਧਾਰ ਕੇ। ਇਹ ਜਿਹੜੀ ਲੜਕੀ ਨੇ ਤੈਨੂੰ ਭੇਜਿਆ ਹੈ, ਰਾਜ ਪੰਡਤ ਦੀ ਨੇ ਉਹ ਆਪਾਂ ਚਾਰਾਂ ਨੂੰ ਦੋ-ਦੋ ਪ੍ਰਸ਼ਾਦੇ ਲਿਆਇਆ ਕਰਦੀ ਸੀ ਤੇ ਜਿਸ ਵਕਤ ਭਗਵਾਨ ਅਤਿਥੀ ਬਣ ਕੇ, ਬੁੱਢੇ ਬ੍ਰਾਹਮਣ ਦਾ ਰੂਪ ਧਾਰ ਕੇ ਆਇਆ ਤਾਂ ਆਉਂਦਾ ਹੀ ਕਹਿਣ ਲੱਗਿਆ ਕਿ ਮੈਂ ਬੜਾ ਭੁੱਖਾ ਹਾਂ ਮੈਨੂੰ ਕੁਛ ਖਾਣ ਨੂੰ ਦਿਓ ਤੇ ਪਹਿਲੇ ਨੇ ਕਿਹਾ ਕਿ ਇਕ ਰੋਟੀ ਤੂੰ ਲੈ ਲੈ, ਇਕ ਮੈਂ ਲੈ ਲੈਂਦਾ ਹਾਂ। ਰੋਟੀ ਖਾ ਲਈ। ਅਸੂਲ ਇਹ ਹੈ ਕਿ ਜੇ ਕੋਈ ਅਤਿਥੀ ਆ ਜਾਵੇ ਤਾਂ ਉਦੋਂ ਤੱਕ ਆਪ ਪ੍ਰਸ਼ਾਦਾ ਨਹੀਂ ਛਕੀਦਾ ਜਦੋਂ ਤਕ ਉਹ ਰੱਜ ਨਹੀਂ ਜਾਂਦਾ। ਪਹਿਲਾਂ ਉਹਨੂੰ ਛਕਾਉਣਾ ਫੇਰ ਪਿਛੋਂ ਆਪ ਛਕਣਾ। ਹੁਣ ਅੱਜਕਲ੍ਹ ਤਾਂ ਇਹ ਗੱਲ ਕਰਦੇ ਹੀ ਨਹੀਂ ਕਹਿੰਦੇ ਨੇ ਸਾਰੇ ਇਕੱਠੇ ਹੀ ਬੈਠ ਕੇ ਖਾ ਲੈਂਦੇ ਹਾਂ।

ਸੋ ਉਹ ਕਹਿਣ ਲੱਗਿਆ ਕਿ ਮੈਂ ਨਹੀਂ ਰੱਜਿਆ ਤਾਂ ਉਹਨੇ ਅੱਧੀ ਰੋਟੀ ਹੋਰ ਤੋੜ ਕੇ ਦੇ ਦਿਤੀ। ਜਦੋਂ ਉਹਨੇ ਕਿਹਾ ਕਿ ਮੈਂ ਨਹੀਂ ਰੱਜਿਆ ਆਹ ਵੀ ਅੱਧੀ ਦੇ ਦੇ ਤਾਂ ਉਹਨੇ ਕਿਹਾ ਕਿ ਮੈਂ ਸੁਆਹ ਖਾਊਂਗਾ, ਕਹਿੰਦੇ ਤਥਾਅਸਤੂ। ਅਗਲੇ ਕੋਲ ਆ ਗਏ, ਉਹਨੇ ਵੀ ਇਸੇ ਤਰ੍ਹਾਂ ਜਦੋਂ ਆਖਰੀ ਅੱਧੀ ਰੋਟੀ ਮੰਗੀ ਤਾਂ ਉਹ ਕਹਿਣ ਲੱਗਿਆ ਕਿ ਮੈਂ ਅੰਗਿਆਰ ਖਾਊਂ। ਉਹ ਕਹਿੰਦੇ ਤਥਾ ਅਸਤੂ। ਜਦੋਂ ਮੇਰੇ ਕੋਲ ਆਏ ਤਾਂ ਮੈਂ ਕਿਹਾ ਕਿ ਮਰਨਾ ਹੈ ਨਾ ਰੋਟੀ ਖਾ ਕੇ। ਉਹ ਜਦੋਂ ਤੇਰੇ ਕੋਲ ਆਏ ਤਾਂ ਤੂੰ ਪ੍ਰਸ਼ਾਦਾ ਖੁਸ਼ੀ ਨਾਲ ਦੇ ਦਿਤਾ। ਨਾਲ ਇਹ ਕਿਹਾ ਕਿ ਮਹਾਂਪੁਰਸ਼ੋ! ਅਸੀਂ ਕਦੇ ਪ੍ਰਸ਼ਾਦਾ ਲੈਣ ਤਾਂ ਨਹੀਂ ਜਾਂਦੇ, ਪਰ ਤੁਸੀਂ ਹੁਣ ਅਤਿਥੀ ਆਏ ਹੋਂ, ਅਤਿਥੀ ਸੇਵਾ ਦੇ ਵਿਚ ਜੇ ਮੈਂ ਜਾ ਕੇ ਮੰਗ ਵੀ ਲਿਆਵਾਂ ਕੋਈ ਦੋਸ਼ ਨਹੀਂ ਹੈ। ਜਿਸ ਵਕਤ ਤੂੰ ਤੁਰਿਆ ਉਸ ਵਕਤ ਤੂੰ ਤੁਰਿਆ, ਉਸ ਵੇਲੇ ਉਨ੍ਹਾਂ ਨੇ ਆਪਣਾ ਸਰੂਪ ਦਿਖਾ ਦਿਤਾ। ਅਸੀਂ ਤਿੰਨੋਂ ਜਣੇ ਹੈਰਾਨ ਹੋ ਗਏ ਕਿ ਭਗਵਾਨ ਨੇ ਸਾਡਾ ਟੈਸਟ ਲਿਆ ਸੀ ਅਸੀਂ ਫੇਲ੍ਹ ਹੋ ਗਏ। ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਆਹ ਜਿਹੜਾ ਤੂੰ ਪ੍ਰਸ਼ਾਦਾ ਛਕਾਇਆ ਹੈ ਨਾ ਹਰਜ਼ਾਨੇ ਦੇ ਵਿਚ ਤੂੰ ਅਗਲੇ ਜਨਮ ਦੇ ਵਿਚ ਬਾਦਸ਼ਾਹ ਬਣੇਂਗਾ, ਅਤਿਥੀ ਸੇਵਾ ਦਾ ਫਲ। ਅਸੀਂ ਚਰਨ ਫੜ ਲਏ, ਅਸੀਂ ਕਿਹਾ ਕਿ ਸਾਡਾ ਕੀ ਹਾਲ ਹੋਏਗਾ, ਇਹ ਬਚਨ ਤਾਂ ਜਾਣਾ ਨਹੀਂ ਹੈ। ਕਹਿੰਦੇ, ਜਦੋਂ ਤੱਕ ਇਹ ਰਾਜਾ ਹੋ ਕੇ ਸਵਾਲ ਨਹੀਂ ਪੁੱਛੇਗਾ ਕਿ ਮੈਂ ਕਿਹੜਾ ਕੰਮ ਕਰਿਆ ਜਿਸ ਕਰਕੇ ਮੈਨੂੰ ਐਨਾ ਰਾਜ ਮਿਲਿਆ ਹੈ ਉਸ ਵੇਲੇ ਜਿਹੜੀ ਲੜਕੀ ਤੁਹਾਡੀ ਸੇਵਾ ਕਰਦੀ ਹੈ, ਉਹ ਰਾਜ ਪੰਡਤ ਦੀ ਲੜਕੀ ਹੋਏਗੀ ਅਗਲੇ ਜਨਮ ਵਿਚ। ਅਸੀਂ ਪੁਛਿਆ ਕਿ ਮਹਾਰਾਜ! ਅਸੀਂ ਬਖਸ਼ੇ ਕਦੋਂ ਜਾਵਾਂਗੇ? ਉਹ ਕਹਿੰਦੇ, ਜਦੋਂ ਇਹ ਪੁੱਛੇਗਾ ਕਿ ਮੈਂ ਕਿਹੜਾ ਕਰਮ ਕੀਤਾ ਜਿਹਦੇ ਕਰਕੇ ਮੈਨੂੰ ਰਾਜ ਮਿਲਿਆ। ਰਾਜ ਪੰਡਤ ਦੀ ਲੜਕੀ ਜਿਹੜੀ ਤੁਹਾਡੀ ਸੇਵਾ ਕਰਦੀ ਹੈ ਉਹਨੂੰ ਵੀ ਗਿਆਨ ਹੋਏਗਾ, ਤੁਹਾਨੂੰ ਵੀ ਗਿਆਨ ਹੋਏਗਾ ਤਦ ਤੁਸੀਂ ਇਹਨੂੰ ਇਸ ਕੋਲ ਭੇਜੋਗੇ ਜਿਹੜਾ ਜੰਮਦਾ ਮਰਦਾ ਰਹਿੰਦਾ ਹੈ। ਫੇਰ ਸਾਡੇ ਬਚਨ ਦਾ ਅੰਤ ਹੋਏਗਾ। ਸੋ ਇਸ ਤਰ੍ਹਾਂ ਐਨਾ ਵੀ ਫਲ ਬਹੁਤ ਹੋ ਜਾਂਦਾ ਹੈ, ਜਿਹੜਾ ਨਾਮ ਹੈ ਉਹਦਾ ਤਾਂ ਕਹਿਣਾ ਹੀ ਕੀ ਹੈ। ਇਹ ਕਥਾ ਸੁਣ ਕੇ ਸੇਠ ਨੇ ਕਿਹਾ ਕਿ ਮੈਂ ਅਤਿਥੀ ਸੇਵਾ ਕਰਨੀ ਹੈ, ਉਹ ਰੋਜ਼ ਪ੍ਰਸ਼ਾਦਾ ਛਕਾਇਆ ਕਰੇ, ਪਹਿਲੇ ਜ਼ਮਾਨਿਆਂ 'ਚ ਨੇਕ ਬੰਦੇ ਸੀ, ਉਹ ਰਸਤਿਆਂ ਤੇ ਖੜ੍ਹ ਜਾਂਦੇ ਸੀ, ਪੈਦਲ ਜਾਂਦੇ ਹੁੰਦੇ ਸੀ ਜਿਹੜੇ ਉਨ੍ਹਾਂ ਨੂੰ ਕਹਿਣਾ ਕਿ ਭਾਈ ਹੁਣ ਜਾਹ ਨਾ, ਅੱਗੇ ਚੋਰਾਂ ਚਕਾਰਾਂ ਦਾ ਡਰ ਹੈ, ਸਾਡੇ ਰਾਤ ਵੀ ਕੱਟ ਤੇ ਪ੍ਰਸ਼ਾਦਾ ਵੀ ਛਕ, ਸਾਨੂੰ ਸੇਵਾ ਕਰਨ ਦਾ ਮੌਕਾ ਦਿਓ।

ਸਾਡੇ ਬਾਬਾ ਜੀ ਸੀ ਉਨ੍ਹਾਂ ਨੇ ਆਥਣੇ ਹੀ ਚਲੇ ਜਾਣਾ ਬਾਹਰ। ਉਨ੍ਹਾਂ ਨੇ ਕੋਈ ਨਾ ਕੋਈ ਰੋਜ਼ ਹੀ ਲੈ ਆਉਣਾ। ਕੋਈ ਗੱਡਿਆਂ ਵਾਲਾ ਹੋਣਾ, ਬਾਹਰ ਘਰ ਸੀਗਾ ਉਥੇ ਉਹ ਰਹਿੰਦੇ ਤੇ ਪ੍ਰਸ਼ਾਦਾ ਛਕਾਉਂਦੇ ਹੁੰਦੇ। ਇਹ ਆਮ ਹੀ ਪੁਰਾਣੇ ਬਜ਼ੁਰਗਾਂ 'ਚ ਰੀਤ ਸੀ। ਸੋ ਇਸ ਤਰ੍ਹਾਂ ਨਾਲ ਉਹਨੇ ਕਿਹਾ ਕਿ ਮੈਂ ਅਤਿਥੀ ਨੂੰ ਪ੍ਰਸ਼ਾਦਾ ਛਕਾਉਣਾ ਹੈ। ਉਹਦਾ ਨੇਮ ਨਿਭਦਾ ਗਿਆ, ਅਖੀਰ ਕਸਵੱਟੀ ਲਗ ਗਈ ਉਸ 'ਤੇ। ਪੰਜ ਦਿਨ ਮੀਂਹ ਪੈਂਦਾ ਰਿਹਾ, ਕੋਈ ਅਤਿਥੀ ਨਾ ਆਇਆ, ਉਹਨੇ ਕਿਹਾ ਕਿ ਮੈਂ ਪ੍ਰਸ਼ਾਦਾ ਕਿਵੇਂ ਛਕ ਲਵਾਂ, ਮੈਂ ਤਾਂ ਅਤਿਥੀ ਨੂੰ ਛਕਾ ਕੇ ਛਕਾਂਗਾ। ਕਹਿਣ ਲੱਗੇ ਕਿ ਅੱਜ ਜੇ ਕੋਈ ਅਤਿਥੀ ਨਾ ਆਇਆ ਤਾਂ ਅੱਗ ਵਿਚ ਚਿਖਾ ਜਲਾ ਕੇ ਮਰ ਜਾਣਾ ਹੈ। ਸਾਰਿਆਂ ਨੂੰ ਫਿਕਰ ਪੈ ਗਿਆ। ਭਰਾ ਉਹਦਾ ਨਾਸਤਕ ਸੀ, ਰੱਬ ਨੂੰ ਨਹੀਂ ਸੀ ਮੰਨਦਾ, ਨਾ ਕਿਸੇ ਗੱਲ ਨੂੰ ਮੰਨਦਾ ਸੀ, ਕਹਿਣ ਲੱਗਿਆ ਦੇਖਿਆ, ਸਵਾਦ ਲੈ ਲਿਆ ਭਗਤੀ ਕਰਕੇ। ਅਸੀਂ ਦੇਖੋ ਸ਼ਰਾਬਾਂ ਕਬਾਬਾਂ ਸਭ ਖਾਂਦੇ ਪੀਂਦੇ ਹਾਂ। ਆਰਾਮ ਨਾਲ ਰਹਿੰਦੇ ਹਾਂ, ਕਹਿੰਦੇ ਹੁਣ ਦੇਖੋ ਜਲ ਜਾਏਗਾ ਇਹ, ਅਤੇ ਆਪਣੇ ਸਿਰੜ ਦਾ ਬਹੁਤ ਪੱਕਾ ਹੈ। ਪਿੰਡ ਦੇ ਨੌਜਵਾਨ ਟੋਲ੍ਹਦੇ ਫਿਰਦੇ ਨੇ, ਉਤੋਂ ਮਕਾਨ ਤੋਂ ਦੇਖਿਆ ਕਿ ਇਕ ਬਿਰਦ ਆ ਰਿਹਾ ਹੈ, ਸੂਰਜ ਛਿਪਣ ਵਾਲਾ ਹੈ, ਦੌੜ ਗਏ ਕਹਿਣ ਲੱਗੇ ਕਿ ਬਾਬਾ ਜਲਦੀ ਚਲ। ਉਹ ਕਹਿਣ ਲੱਗਿਆ ਕਿ ਮੈਂ ਕਿਵੇਂ ਜਲਦੀ ਚਲਾਂ, ਮੈਨੂੰ ਪੰਜ ਦਿਨ ਹੋ ਗਏ ਪ੍ਰਸ਼ਾਦਾ ਛਕੇ ਨੂੰ। ਉਹ ਲੈ ਆਉਂਦੇ ਨੇ, ਤੇ ਉਸ ਨੇ ਪ੍ਰਸ਼ਾਦਾ ਛਕਿਆ। ਸੇਠ ਬਚ ਗਿਆ ਤੇ ਜਿਹੜੇ ਬੈਠੇ ਨੇ ਉਹ ਕਹਿਣ ਲੱਗੇ ਕਿ ਦੇਖੋ ਇਹਦਾ ਸਿਰੜ। ਇਹ ਜਿਹੜਾ ਨੇਮ ਹੈ ਇਹ ਆਦਮੀ ਨੂੰ ਲੰਘਾ ਦਿਆ ਕਰਦਾ ਹੈ, ਕੋਈ ਵੀ ਨੇਮ ਕਰ ਲਓ ਚਾਹੇ। ਉਹਨੂੰ ਕਿਹਾ ਕਿ ਪ੍ਰੇਮੀਆ! ਤੂੰ ਵੀ ਰਾਮ ਦਾ ਨਾਮ ਜਪਿਆ ਕਰ। ਕਹਿਣ ਲੱਗਿਆ ਕਿ ਮੈਂ ਸਾਲੇ ਰਾਮ ਦਾ ਕੋਈ ਨਾਮ ਨਹੀਂ ਜਪਦਾ। ਉਹ ਕਹਿੰਦੇ ਕਿ ਤੇਰੇ ਮੂੰਹ 'ਚੋਂ ਤਾਂ ਹੁਣ ਨਿਕਲ ਗਿਆ ਰਾਮ। ਰਿਸ਼ਤੇਦਾਰ ਬਣਾ ਕੇ ਤੂੰ ਨਾਮ ਲਿਆ ਹੈ ਚਲੋ ਠੀਕ ਹੈ। ਕਹਿੰਦੇ ਜਾਹ ਹੁਣ ਐਉਂ ਕਰੀਂ ਤੇਰੀ ਅੱਜ ਮੌਤ ਹੋ ਜਾਣੀ ਹੈ ਦੱਸ ਵਜੇ ਰਾਤ ਨੂੰ। ਸਾਰੀ ਜ਼ਿੰਦਗੀ ਤੂੰ ਪਾਪ ਕੀਤੇ ਨੇ, ਪਾਪ ਕਰਨ ਦਾ ਨਤੀਜਾ ਇਹ ਹੋਏਗਾ ਕਿ ਜਮਦੂਤਾਂ ਨੇ ਆ ਕੇ ਬੁਰਾ ਹਾਲ ਤੇਰਾ ਕਰ ਦੇਣਾ ਹੈ, ਮਾਰਦੇ ਕੁਟਦੇ ਤੈਨੂੰ ਲੈ ਕੇ ਜਾਣਗੇ। ਧਰਮਰਾਜ ਦੇ ਜਾ ਕੇ ਤੈਨੂੰ ਨਰਕਾਂ ਵਿਚ ਸੁੱਟਣਗੇ, ਹੁਣ ਮੰਨ ਚਾਹੇ ਨਾ ਮੰਨ। ਸਾਮ੍ਹਣੇ ਹੀ ਆ ਜਾਣਾ ਹੈ, ਫੇਰ ਮੰਨੇਂਗਾ। ਫੇਰ ਪਛਤਾਉਣ ਦਾ ਕੀ ਫਾਇਦਾ। ਉਥੇ ਚਲਿਆ ਜਾਂਦਾ ਹੈ, ਜਾ ਕੇ ਕੁੱਟ ਮਾਰ ਬਹੁਤ ਹੋਈ ਹੋਈ ਹੈ, ਚਿਤਰਗੁਪਤ ਨੂੰ ਕਿਹਾ ਕਿ ਕੀ ਹਾਲ ਹੈ ਇਹਦੇ ਕਰਮਾਂ ਦਾ। ਕਹਿੰਦਾ ਕਰਮ ਇਹਦੇ ਸਭ ਕਾਲੇ ਨੇ। ਕਹਿੰਦੇ, ਕਿਉਂ ਬਈ ਕੁਛ ਕਹਿਣਾ ਚਾਹੁੰਦਾ ਹੈਂ। ਕਹਿੰਦਾ ਮਹਾਰਾਜ! ਇਕ ਵਾਰੀ ਮੇਰੇ ਮੂੰਹ 'ਚੋਂ ਰਾਮ ਨਿਕਲਿਆ ਹੈ ਜ਼ਿੰਦਗੀ 'ਚ, ਚਿਤਰਗੁਪਤਾਂ ਨੇ ਕਿਹਾ ਕਿ ਲਿਖਿਆ ਤਾਂ ਹੈ ਅਸੀਂ ਪਰ ਇਹਨੇ ਗਾਲ੍ਹ ਕੱਢ ਕੇ ਰਾਮ ਕਿਹਾ ਸੀ। ਧਰਮਰਾਜ ਜਿਹੜਾ ਹੈ ਉਹ ਪੂਰਾ ਨਿਆਂ ਕਰਦਾ ਹੈ, ਉਹਨੇ ਕਿਹਾ ਕਿ ਰਾਮ ਤਾਂ ਕਿਹਾ ਹੈ ਨਾ ਇਹਨੇ, ਇਹਦਾ ਫਲ ਦੋ ਘੜੀ ਸਵਰਗ 'ਚ ਦੇ ਦਿੰਦੇ ਹਾਂ। ਕਹਿੰਦੇ, ਸਵਰਗ 'ਚ ਭੇਜ ਦੇਈਏ ਤੈਨੂੰ? ਕਹਿੰਦਾ, ਨਹੀਂ ਮੈਂ ਤਾਂ ਮੁੱਲ ਲੈਣਾ ਹੈ ਇਹਦਾ। ਮੁੱਲ

ਲੈਣ ਵਾਸਤੇ ਧਰਮਰਾਜ ਹੈਰਾਨ ਹੋ ਗਿਆ। ਬ੍ਰਹਮਾ ਜੀ ਕੋਲ ਗਿਆ ਕਿ ਤੁਸੀਂ ਜੀਵਾਂ ਨੂੰ ਪੈਦਾ ਕਰਦੇ ਓਂ, ਰਾਮ ਦੇ ਨਾਮ ਦਾ ਕੋਈ ਮੁੱਲ ਦੱਸੋ। ਕਹਿਣ ਲੱਗੇ ਕਿ ਮੈਂ ਤਾਂ ਬੇਵਸ ਹਾਂ ਦੱਸਣ ਤੋਂ ਸ਼ਿਵ ਜੀ ਤੋਂ ਪੁੱਛੋ, ਉਹ ਵੀ ਕਹਿਣ ਲੱਗੇ ਕਿ ਵਿਸ਼ਨੂੰ ਜੀ ਨੂੰ ਪੁੱਛੋ, ਉਹ ਮਹਾਂਦੇਵਤਾ ਨੇ। ਉਥੇ ਚਲੇ ਗਏ ਸਾਰੇ, ਜੀਵ ਨਾਲ ਹੈ। ਕਹਿਣ ਲੱਗੇ ਕਿ ਮਹਾਰਾਜ! ਆਹ ਸਮੱਸਿਆ ਆ ਗਈ। ਉਨ੍ਹਾਂ ਨੇ ਉਸੇ ਵੇਲੇ ਦੇਵ ਗਣ ਬੁਲਾ ਕੇ ਕਹਿਣ ਲੱਗੇ ਕਿ ਇਹਨੂੰ ਬੈਕੁੰਠ 'ਚ ਲੈ ਜਾਓ। ਉਸ ਵੇਲੇ ਸਾਰਿਆਂ ਦਾ ਖਹਿੜਾ ਛੁਟ ਗਿਆ, ਥੋੜ੍ਹੀ ਦੇਰ ਬਾਅਦ ਫੇਰ ਮੁੜ ਆਏ ਦੁਬਾਰਾ। ਕਹਿਣ ਲੱਗੇ, ਕੀ ਗੱਲ ਤੁਸੀਂ ਮੁੜ ਆਏ। ਉਹ ਕਹਿਣ ਲੱਗੇ ਕਿ ਮਹਾਰਾਜ! ਅਸੀਂ ਤਾਂ ਮੁੜ ਆਏ, ਅੱਜ ਇਹਨੇ ਰਾਮ ਕਿਹਾ ਹੈ ਤੇ ਸਾਨੂੰ ਦੇਖੋ ਕਿੱਡੇ ਚੱਕਰ 'ਚ ਪਾ ਦਿਤਾ। ਕੱਲ੍ਹ ਕੋਈ ਹੋਰ ਇਹੀ ਗੱਲ ਕਹੇਗਾ। ਸਾਨੂੰ ਇਹਦਾ ਮੁੱਲ ਤਾਂ ਦੱਸ ਦਿਓ। ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਇਹਦਾ ਮੁੱਲ ਨਹੀਂ ਹੈ ਕੋਈ ਵੀ -

***ਧਾਰਨਾ - ਨਾਮ ਅਮੋਲਾ ਜੀ ਮੇਰੇ ਸਾਹਿਬ ਦਾ।***

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥ ਅੰਗ - ੮੧*

ਵਿਸ਼ਨੂੰ ਜੀ ਕਹਿਣ ਲੱਗੇ ਕਿ ਦੇਵ ਗਣੋਂ ਪ੍ਰਮੇਸ਼ਰ ਦੇ ਨਾਮ ਦਾ ਕੋਈ ਮੁੱਲ ਨਹੀਂ। ਜੇ ਇਕ ਵਾਰੀ ਵੀ ਸਾਰੀ ਜ਼ਿੰਦਗੀ ਪ੍ਰਮੇਸ਼ਰ ਨੂੰ ਸਾਵਧਾਨ ਕਹਿ ਕੇ ਕਹਿ ਦਿਤਾ ਜਾਵੇ, ਵਾਹਿਗੁਰੂ, ਰਾਮ, ਅੱਲਾਹ, ਗੋਬਿੰਦ ਕਹਿੰਦੇ ਉਹਦਾ ਐਨਾ ਫਲ ਹੈ ਕਿ ਵੱਡੇ-ਵੱਡੇ ਰਿਸ਼ੀ ਮੁਨੀ ਜਿਹੜੇ ਤਪਸਿਆ ਕਰਦੇ ਨੇ ਉਨ੍ਹਾਂ ਤੋਂ ਵੀ ਅੱਗੇ ਲੰਘ ਜਾਂਦਾ ਹੈ।

*ਅਜਾਮਲ ਕਉ ਅੰਤ ਕਾਲ ਮਹਿ*
*ਨਾਰਾਇਨ ਸੁਧਿ ਆਈ ॥*
*ਜਾਂ ਗਤਿ ਕਉ ਜੋਗੀਸੁਰ ਬਾਛਤ*
*ਸੋ ਗਤਿ ਛਿਨ ਮਹਿ ਪਾਈ ॥ ਅੰਗ - ੯੦੨*

ਸੋ ਇਹ ਨਾਮ ਅਮੁੱਲ ਹੈ ਜਿਹਦੇ ਬਾਰੇ ਸਾਨੂੰ ਬਾਰ-ਬਾਰ ਤਾਕੀਦ ਕੀਤੀ ਗਈ ਤੇ ਸਾਡਾ ਜਨਮ ਬਿਰਥਾ ਚਲਿਆ ਜਾਂਦਾ ਹੈ।

ਸੋ ਚੰਨਾ ਕਹਿਣ ਲੱਗਿਆ ਹਜ਼ੂਰ! ਬੰਦਾ ਤਿੰਨ ਅਵਸਥਾਵਾਂ 'ਚੋਂ ਲੰਘਦਾ ਹੈ ਤੇ ਆਖਰੀ ਅਵਸਥਾ 'ਚ ਇਹ ਆਇਆ ਹੋਇਆ ਹੈ, ਬੁੱਢਾ ਹੈ ਤੁਰ ਨਹੀਂ ਹੁੰਦਾ, ਸਰੀਰ ਕੰਬ ਰਿਹਾ ਹੈ, ਅੱਖਾਂ ਤੋਂ ਦੇਖ ਰਿਹਾ ਹੈ, ਜ਼ੁਬਾਨ ਤੋਂ ਬੋਲ ਨਹੀਂ ਹੋ ਰਿਹਾ ਇਹਨੇ ਉਹ ਕੰਮ ਨਹੀਂ ਕਰਿਆ ਜਿਹੜਾ ਕਰਨ ਵਾਸਤੇ ਆਇਆ ਸੀ।

*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥*
*ਅਬ ਨ ਭਜਸਿ ਭਜਸਿ ਕਬ ਭਾਈ ॥*
*ਆਵੈ ਅੰਤੁ ਨ ਭਜਿਆ ਜਾਈ ॥ ਅੰਗ - ੧੧੫੯*

ਸੋ ਮਹਾਰਾਜ ਇਹ ਬਿਰਧ ਹੋ ਗਿਆ, ਕਹਿੰਦੇ ਚੰਨਿਆ! ਮੈਂ ਵੀ ਬਿਰਧ ਹੋ ਜਾਵਾਂਗਾ। ਕਹਿੰਦੇ ਹਾਂ ਹਜ਼ੂਰ। ਕਹਿੰਦੇ ਬੜਾ ਮਾੜਾ ਕੰਮ ਹੈ। ਤੀਸਰੀ ਵਾਰ ਜਦੋਂ ਫੇਰ ਗਏ ਤਾਂ ਉਸ ਦਿਨ ਇਕ ਅਰਥੀ ਮਿਲ ਗਈ, ਬੜਾ ਭਾਰਾ ਝਟਕਾ ਲੱਗਿਆ। ਕਹਿਣ ਲੱਗੇ, ਇਥੋਂ ਦੀ ਮਰ ਜਾਣਾ ਹੈ। ਕਹਿੰਦੇ, ਹਾਂ ਮਹਾਰਾਜ! ਨਾਮ ਨਿਸ਼ਾਨ ਮਿਟ ਜਾਣਾ ਹੈ। ਫੇਰ ਸਭ ਦੁਖੀ ਨੇ, ਗੁਰੂ ਨਾਨਕ ਪਾਤਸ਼ਾਹ ਐਉਂ ਫੁਰਮਾਨ ਕਰਦੇ ਨੇ -

***ਧਾਰਨਾ - ਦੁਖੀਆ ਸਭ ਸੰਸਾਰ, ਨਾਨਕ ਦੁਖੀਆ।***

*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ - ੯੫੪*

ਮਹਾਤਮਾ ਬੁੱਧ ਨੇ ਵੀ ਇਹੀ ਕਿਹਾ ਜਿਹਦੀ ਆਪਾਂ ਗੱਲ ਕਰ ਰਹੇ ਹਾਂ, ਸਿਧਾਰਥ ਦੀ। ਲੇਕਿਨ ਗੁਰੂ ਨਾਨਕ ਪਾਤਸ਼ਾਹ ਨੇ ਨਾਲ ਦੀ ਨਾਲ ਹੱਲ ਦੇ ਦਿਤਾ।

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ਅੰਗ - ੯੫੪*

ਜੇ ਖਿਆਲ ਹੋ ਜਾਵੇ ਪ੍ਰਮੇਸ਼ਰ ਪਰੀਪੂਰਨ ਦਾ ਨਿਸ਼ਚਾ ਆ ਜਾਵੇ ਕਿ ਹਰ ਥਾਂ ਦੇ ਉਤੇ ਹੈ, ਆਤਮਾ ਸਾਖਸ਼ਾਤਕਾਰ ਹੋ ਜਾਵੇ, ਆਤਮਾ ਪ੍ਰਮਾਤਮਾ ਇਕ ਹੋ ਜਾਏ ਮਹਾਰਾਜ ਕਹਿੰਦੇ ਫੇਰ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ।

ਅੱਗੇ ਗਿਆ ਤਾਂ ਇਕ ਮਹਾਤਮਾ ਬੈਠੇ ਨੇ, ਚਿਹਰਾ ਦੇਖਿਆ, ਖਿੱਚ ਖਾ ਗਿਆ। ਬੱਗੀ ਤੋਂ ਉਤਰਿਆ ਜਾ ਕੇ ਨਮਸਕਾਰ ਕਰੀ ਤੇ ਉਸ ਵੇਲੇ ਇਸਨੇ ਕਿਹਾ ਕਿ ਮਹਾਰਾਜ! ਸਾਰਾ ਸੰਸਾਰ ਦੁੱਖਾਂ ਦਾ ਭਰਿਆ ਹੋਇਆ ਹੈ, ਕੀ ਇਸ ਸੰਸਾਰ 'ਚ ਸੁਖ ਵੀ ਹੈ? ਮਹਾਤਮਾ ਕਹਿਣ ਲੱਗੇ ਬੇਟਾ! ਆਤਮਾ ਜੋ ਤੇਰਾ ਅਸਲੀ ਸਰੂਪ ਹੈ, ਉਹ ਸਦਾ ਸੁਖੀ ਹੈ ਉਹਦੇ 'ਚ ਦੁਖ ਦਾ ਕੋਈ ਨਾਉਂ ਲੇਸ ਮਾਤਰ ਨਹੀਂ। ਉਹ ਸਾਰੇ ਪਰੀਪੂਰਨ ਹੈ, ਤੂੰ ਸਰੀਰ ਨਹੀਂ ਹੈਂ, ਸਰੀਰ ਤੋਂ ਪਰ੍ਹੇ ਆਤਮਾ ਹੈਂ। ਆਪਣੇ ਸਰੂਪ ਨੂੰ ਪਛਾਣ ਲੈ ਜਿੱਥੇ ਕੋਈ ਦੁਖ ਹੀ ਨਹੀਂ ਹੈ, ਖਾਤਮਾ ਹੋ ਜਾਂਦਾ ਹੈ ਉਥੇ ਦੁਖਾਂ ਦਾ।

ਉਸ ਵੇਲੇ ਵਾਪਸ ਆ ਗਿਆ, ਆ ਕੇ ਸੋਚਦਾ ਰਿਹਾ। ਇਕ ਵਾਰੀ ਰਾਤ ਨੂੰ ਉਠਿਆ, ਚੋਰੀ ਚਲਿਆ ਗਿਆ। ਕਿੰਨੀ ਤਪਸਿਆ ਕਰੀ, ਤੇ ਕਿੱਡਾ ਵੱਡਾ ਮਹਾਤਮਾ ਹੋਇਆ, 'ਮਹਾਤਮਾ ਬੁੱਧ'।

ਸੋ ਮੈਂ ਬੇਨਤੀ ਇਹ ਕਰਦਾ ਸੀ ਕਿ ਜਿਸ ਕੰਮ ਨੂੰ ਅਸੀਂ ਕਰਨ ਵਾਸਤੇ ਆਏ ਹਾਂ ਉਹਦੀ ਇਕ ਪਉੜੀ ਵੀ ਨਹੀਂ ਹਾਸਲ ਕੀਤੀ। ਸਤਿਸੰਗ ਕਰਦਿਆਂ ਨੂੰ ਮੁਦਤਾਂ ਹੋ

ਗਈਆਂ। ਜਿਹੜੇ ਪ੍ਰੇਮੀਆਂ ਨੇ ਨਹੀਂ ਸ਼ੁਰੂ ਕਰਿਆ ਉਹ ਕਰ ਲਓ। ਢਾਈ ਘੰਟੇ ਘੱਟ ਤੋਂ ਘੱਟ ਬੈਠ ਕੇ ਪ੍ਰਮੇਸ਼ਰ ਦਾ ਨਾਮ ਜਪੋ, ਬਾਣੀ ਪੜ੍ਹਨੀ ਹੋਰ ਚੀਜ਼ ਹੈ ਨਾਮ ਜਪਣਾ ਹੋਰ ਚੀਜ਼ ਹੈ। ਬਾਣੀ ਹੈ ਖੇਤ ਤਿਆਰ ਕਰਨਾ। ਗੁਰੂ ਦਸ਼ਮੇਸ਼ ਪਿਤਾ ਕਹਿੰਦੇ ਨੇ ਕਿ ਜੋ ਬਾਣੀ ਹੈ ਇਹ ਧਰਤੀ ਹੈ, ਮਨ ਹਾਲੀ ਨੇ ਕਿਰਸਾਣੀ ਕਰਨੀ ਹੈ –

*ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥*
*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥*
*ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥*

*ਅੰਗ – ੫੯੫*

ਹੁਣ ਵਾਹ ਕੇ ਸਾਰਾ ਤਿਆਰ ਕਰਕੇ ਜੇ ਖਾਦ ਵੀ ਪਾ ਦਿਤੀ ਤੇ ਬੀਜ ਨਾ ਪਾਇਆ ਫੇਰ ਕੀ ਹੋਏਗਾ। ਮਹਾਰਾਜ ਕਹਿੰਦੇ ਇਹਦੇ ਵਿਚ ਬੀਜ ਪਾ ਲੈ ਸੱਚੇ ਨਾਮ ਦਾ। ਨਾਮ ਬੀਜ ਤੇ ਇੰਦਰੀਆਂ ਦਾ ਸੰਤੋਖ ਧਾਰਨ ਕਰਕੇ, ਸੁਹਾਗਾ ਦੇ ਦੇ। ਇਹਦੀ ਜਿਹੜੀ ਰਾਖੀ ਕਰਨੀ ਹੈ ਉਹ ਨਿਮਰਤਾ 'ਚ ਆ ਕੇ, ਆਪਣਾ ਆਪ ਦਿਖਾ ਨਾ ਨਿਮਰਤਾ ਧਾਰਨ ਕਰਕੇ। ਫੇਰ ਨਦੀਣ ਕੱਢਣੇ ਪੈਣੇ ਨੇ, 'ਭਾਉ ਕਰਮ ਕਰ ਜੰਮਸੀ' ਬੰਦਗੀ ਕਰਨੀ ਪੈਣੀ ਹੈ, ਨੌਂ ਤਰ੍ਹਾਂ ਦੀ ਭਗਤੀ ਹੈ। 'ਭਾਉ ਕਰਮ' ਜਿਨ੍ਹਾਂ ਨੂੰ ਕਹਿੰਦੇ ਨੇ –

*ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥*

*ਅੰਗ – ੭੧*

ਭਗਤੀ ਕਰਨੀ ਹੈ ਉਹਦੇ ਵਿਚ ਸਿਮਰਨ ਹੈ, ਕੀਰਤਨ ਹੈ, ਹਰੀ ਦਾ ਜਸ ਕਰਨਾ, ਸਰਵਣ ਕਰਨਾ, ਧਿਆਨ ਹੈ, ਨਮਸਕਾਰ ਹੈ, ਨੌਂ ਕਿਸਮ ਦੀ ਭਗਤੀ ਦੱਸੀ ਹੈ, ਮਹਾਰਾਜ ਕਹਿੰਦੇ ਜੇ ਇਹ ਕਰਮ ਕਰੇਂਗਾ ਤਾਂ ਫਸਲ ਤੇਰੀ ਜੰਮੇਗੀ।

*ਭਾਉ ਕਰਮ ਕਰਿ ਜੰਮਸੀ*
*ਸੇ ਘਰ ਭਾਗਠ ਦੇਖੁ॥ ੧ ॥* *ਅੰਗ – ੫੯੫*

ਭਾਗਾਂ ਵਾਲੇ ਘਰ ਹੋਣਗੇ ਜਿਨ੍ਹਾਂ ਦੇ ਅੰਦਰ ਨਾਮ ਦੀ ਖੇਤੀ ਲੱਗੇਗੀ।

*ਬਾਬਾ ਮਾਇਆ ਸਾਥਿ ਨ ਹੋਇ ॥*
*ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥* *ਅੰਗ – ੫੯੫*

ਸੋ ਜੋ ਮੈਂ ਬੇਨਤੀ ਕੀਤੀ ਹੈ, ਨਾਮ ਦਾ ਬੀਜ ਪਾ ਕੇ ਖੇਤੀ ਕਰਨੀ। ਮਾੜਾ ਜਿਹਾ ਨਿਤਨੇਮ ਕਰ ਲੈਂਦਾ ਹੈ। ਬਾਕੀ ਸਮੇਂ ਦਾ ਦਸਵੰਧ ਕਿਵੇਂ ਦੇਵੇਂਗਾ, ਅਕਾਲਪੁਰਖ ਨੂੰ ਕਿਹਾ ਸੀ ਕਿ ਮੈਂ 24 ਘੰਟੇ ਨਾਮ ਜਪਾਂਗਾ, ਮੈਨੂੰ ਆਹ ਨਰਕ ਵਿਚੋਂ ਕੱਢ ਦੇ, ਪੁੱਠੇ ਲਟਕਦੇ ਨੂੰ ਛੁਡਾ ਦੇ। ਉਹ ਕਹਿੰਦੇ ਤੇਰੇ ਤੋਂ ਜਪ ਨਹੀਂ ਹੋਣਾ, ਕਹਿੰਦੇ ਜੇ ਤੂੰ ਜਪ ਲਿਆ ਤਾਂ ਮੈਂ ਤੈਨੂੰ ਸਾਰੀ ਸ੍ਰਿਸ਼ਟੀ ਦਾ ਬਾਦਸ਼ਾਹ ਬਣਾ ਦੇਵਾਂਗਾ, ਰੂਹਾਨੀਅਤ ਵਿਚ। ਪਾਉਣ, ਪਾਣੀ, ਬੈਸੰਤਰ, ਚੰਦਰਮਾ, ਸੂਰਜ ਸਭ ਤੇਰੇ ਆਖੇ ਲੱਗਣਗੇ।

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥ ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥*

*ਅੰਗ – ੭੦੭*

ਇਹ ਕੰਮ ਆਪਾਂ ਕਰਨ ਆਏ ਹਾਂ, ਸਤਿਸੰਗ ਕਰੋ ਜੀਅ ਭਰ ਕੇ। ਖੇਤੀ ਕਰੋ, ਨੌਕਰੀ ਕਰੋ, ਵਣਜ ਕਰੋ, ਵਿਹਾਰ ਕਰੋ ਪਰ ਇਹ ਨਿਸ਼ਾਨਾ ਰੱਖੋ, ਪਾਰਦਰਸ਼ਕ ਨਿਗ੍ਹਾ ਰੱਖੋ।

*ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥*

*ਅੰਗ – ੪੭੪*

ਕੁੱਤਾ ਬਿਰਤੀ ਨਾ ਧਾਰਨ ਕਰੋ। ਕੁੱਤੇ ਦੇ ਜੇ ਕੋਈ ਡੰਡਾ ਮਾਰਦਾ ਹੈ ਤਾਂ ਉਹ ਡੰਡੇ ਨੂੰ ਚੱਕ ਮਾਰਦਾ ਹੈ। ਸ਼ੇਰ ਬਿਰਤੀ ਹੈ ਉਹ ਡੰਡੇ ਤੋਂ ਅੱਗੇ ਦੇਖਦਾ ਹੈ ਕਿ ਕਿੱਥੋਂ ਆਇਆ ਹੈ, ਕਿੱਥੋਂ ਆਇਆ ਹੈ ਤੀਰ, ਕਿੱਥੋਂ ਆਈ ਹੈ ਗੋਲੀ। ਮਹਾਰਾਜ ਕਹਿੰਦੇ ਨੇ ਪਾਰਦਰਸ਼ਕ ਦ੍ਰਿਸ਼ਟੀ ਰੱਖੋ। ਲੰਮੀ ਨਦਰਿ ਕਰੋ।

ਜੇ ਸਿੱਖੀ ਧਾਰਨ ਕਰ ਲਓ, ਗੁਰੂ ਧਾਰਨ ਕਰ ਲਓ, ਗੁਰੂ ਲੋਕ ਵਿਚ ਜਾਂਦਾ ਹੈ ਉਹ ਧਰਮਰਾਜ ਦੇ ਨਹੀਂ ਜਾਂਦਾ। ਨਿਗੁਰੇ, ਮਨਮੁਖ, ਬੇਈਮਾਨ, ਚੋਰ ਚੱਕੇ, ਸਮਗਲਰ ਇਹ ਸਭ ਨਰਕ ਵਿਚ ਜਾਂਦੇ ਨੇ ਧਰਮਰਾਜ ਦੇ। ਜਿਹੜੇ ਬੰਦਗੀ ਕਰਦੇ ਨੇ ਉਹ ਕਿੱਥੇ ਜਾਂਦੇ ਨੇ, ਉਹ ਜੇ ਧਰਮਰਾਜ ਦੇ ਚਲੇ ਜਾਣ –

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ*
*ਓਹੁ ਤੇਰੀ ਸਰਕਾਰ ॥*
*ਅਧਿਆਤਮੀ ਹਰਿ ਗੁਣ ਤਾਸੁ*
*ਮਨਿ ਜਪਹਿ ਏਕੁ ਮੁਰਾਰਿ ॥*
*ਤਿਨ ਕੀ ਸੇਵਾ ਧਰਮ ਰਾਇ ਕਰੈ*
*ਧੰਨੁ ਸਵਾਰਣਹਾਰੁ ॥* *ਅੰਗ – ੩੮*

ਗੁਰੂ ਦੀ ਦਰਗਾਹ 'ਚ ਜਾਣ ਦਾ ਤਰੀਕਾ –

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥ ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥ ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥ ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ॥*
*ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥*

*ਅੰਗ – ੫੧੭*

ਜਿਹੜਾ ਗੁਰੂ ਦੇ ਪਿਆਰ ਵਿਚ ਹੈ ਉਹਨੂੰ ਦਰਗਾਹ ਵਿਚ ਥਾਂਉਂ ਮਿਲਦਾ ਹੈ –

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* *ਅੰਗ – ੨੬*

ਇਹਦੇ ਉਤੇ ਨਿਗ੍ਹਾ ਰੱਖੋ ਕਿ ਇਨ੍ਹਾਂ ਸੁਆਸਾਂ ਨੇ ਤਾਂ ਮੁੱਕ ਜਾਣਾ ਹੈ ਕਿ ਉਹ ਥਾਉਂ ਲੈਣਾ ਹੈ ਅਸੀਂ। ਇਥੇ ਸਾਡੀ

ਕੋਈ ਦਿਲਚਸਪੀ ਨਹੀਂ ਹੈ। ਇਥੇ ਮਾਇਆ ਹੈ, ਮਾਇਆ ਨੇ ਫੜ ਲਿਆ, ਆਇਆ ਤਾਂ ਨਾਮ ਜਪਣ ਸੀ, ਲੇਕਿਨ ਮੋਹ ਲਿਆ ਮਾਇਆ ਨੇ, ਮਾਇਆ ਦਾ ਗਿਆਨ ਸੰਤਾਂ ਤੋਂ ਸੰਗਤ 'ਚ ਆ ਕੇ ਹੁੰਦਾ ਹੈ ਤੇ ਸਤਿਸੰਗ ਕਰਦੇ ਹੋਏ ਜਿਹੜੀ ਮੈਂ ਬੇਨਤੀ ਕਰੀ ਹੈ, ਠੀਕ ਹੈ ਮਜ਼ਬੂਰੀਆਂ ਐਨੀਆਂ ਨੇ, ਐਨੇ ਰੁਝੇਵੇਂ ਨੇ, ਪਰੇਸ਼ਾਨੀਆਂ ਨੇ ਸਾਡੇ ਯਾਦ ਨਹੀਂ ਰਹਿੰਦਾ ਕਿ ਅਸੀਂ ਨਾਮ ਜਪੀਏ। ਪਰ ਕੋਈ ਨਾ ਕੋਈ ਤਰੀਕਾ ਸੋਚ ਲਓ ਕਿ ਮੈਂ ਅੰਮ੍ਰਿਤ ਵੇਲੇ ਉਠ ਕੇ ਪਹਿਲਾਂ ਨਾਮ ਜਪਣਾ ਹੈ।

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*

*ਅੰਗ - ੩੦੫*

ਜਿਹੜਾ ਪੰਜ ਪਿਆਰਿਆ ਨੇ ਉਪਦੇਸ਼ ਦਿਤਾ ਹੈ, ਵਾਹਿਗੁਰੂ ਮੰਤਰ, ਚਾਹੇ ਕੋਈ ਮੰਤਰ ਹੈ ਕਿਸੇ ਸਮਰੱਥ ਪੁਰਸ਼ ਨੇ ਦਿਤਾ ਹੋਇਆ ਉਸ ਦਾ ਜਾਪ ਕਰੋ। ਉਹਦੇ ਨਾਲ ਹੋਏਗਾ ਕੀ? ਜਨਮਾਂ-ਜਨਮਾਂਤਰਾਂ ਦੀ ਲੱਗੀ ਹੋਈ ਮੈਲ ਲਹਿ ਜਾਏਗੀ। ਬਾਣੀ ਦਾ ਦਰਜਾ ਦੂਜੇ ਨੰਬਰ ਤੇ ਆਉਂਦਾ ਹੈ।

ਗੁਰੂ ਸਤਵੇਂ ਪਾਤਸ਼ਾਹ ਨੂੰ ਪੁੱਛਿਆ ਕਿ ਮਹਾਰਾਜ ਜੇ ਬਾਣੀ ਹੀ ਪੜ੍ਹੀ ਜਾਵੇ। ਕਹਿੰਦੇ, ਉਹ ਤਾਂ ਧਰਤੀ ਵਾਹੁਣੀ ਹੈ। ਕਹਿੰਦੇ ਫੇਰ ਮਹਾਰਾਜ ਕੀ ਕਰਿਆ ਜਾਵੇ? ਮਹਾਰਾਜ ਨੇ ਕਿਹਾ ਕਿ ਇਹਦੇ 'ਚ ਬੀਜ ਪਾਉਣਾ ਚਾਹੀਦਾ ਹੈ ਨਾਮ ਦਾ। ਗੁਰੂ ਨੇ ਨਾਮ ਦਿਤਾ ਹੈ ਉਹਦਾ ਬੀਜ ਪਾਓ। ਜੇ ਧਰਤੀ ਵਾਹੀ ਜਾਂਦੇ ਓਂ, ਫਲ ਤਾਂ ਹੱਥ ਵਿਚ ਆਇਆ ਨਾ, ਬਾਣੀ ਗਾਈਡ ਕਰਦੀ ਹੈ ਕਿ ਤੂੰ ਨਾਮ ਜਪ।

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥ ਅੰਗ - ੨੬੨*

ਬਿਮਾਰ ਹੈ ਕੋਈ, ਬੁਖਾਰ ਹੋਇਆ ਹੋਇਆ ਹੈ ਬਹੁਤ। ਕਿਤਾਬ ਵਿਚ ਦਵਾਈ ਲਿਖੀ ਹੈ ਆਹ ਦਵਾਈ ਐਨੇ ਵਜੇ ਦੇਣੀ ਹੈ, ਫਲਾਣੀ ਐਨੇ ਵਜੇ ਦੇਣੀ ਹੈ, ਇਹਦੀ ਆਹ ਦਵਾਈ ਹੈ। ਸੌ ਸਾਲ ਪੜ੍ਹੀ ਜਾਹ, ਕਦੇ ਨਹੀਂ ਰਾਜ਼ੀ ਹੁੰਦਾ। ਜਿਹੜੀ ਦਵਾਈ ਹੈ ਉਹ ਲੈਣੀ ਹੈ, ਦਵਾਈ ਹੈ ਨਾਮ ਕਿ ਨਾਮ ਜਪੋ। ਜਿੰਨਾ ਚਿਰ ਤੁਸੀਂ ਅੰਦਰਲੀ ਖੋਜ ਨਹੀਂ ਕਰਦੇ, ਅੰਦਰ ਦਾਖਲ ਨਹੀਂ ਹੁੰਦੇ, ਵਾਹਿਗੁਰੂ ਦੇ ਮੰਦਰ ਤੱਕ ਪਹੁੰਚ ਨਹੀਂ ਸਕਣਾ। ਅੰਦਰ ਬੈਠਾ ਹੈ ਵਾਹਿਗੁਰੂ ਇੰਤਜ਼ਾਰ ਕਰ ਰਿਹਾ ਹੈ।

ਅਸੀਂ ਕਹਿੰਦੇ ਹਾਂ ਕਿ ਗੁਰੂ ਦਸਵੇਂ ਪਾਤਸ਼ਾਹ ਇੰਤਜ਼ਾਰ ਕਰ ਰਹੇ ਨੇ ਕਿ ਮੇਰਾ ਸਿੱਖ ਆਏਗਾ। ਗੁਰੂ ਮਹਾਰਾਜ ਤਾਂ ਤੁਹਾਡੇ ਸਾਰਿਆਂ ਦੇ ਅੰਦਰ ਬੈਠੇ ਨੇ। ਬਾਹਰ ਨਾ ਟੋਲ।

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ*
*ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*

*ਅੰਗ - ੧੩੭੮*

ਨਾਮ ਜਪੋ। ਚਿੱਤ ਨਹੀਂ ਲੱਗਣਾ ਪਹਿਲਾਂ-ਪਹਿਲਾਂ। ਹੱਠ ਧਾਰੋ ਕਿ ਕਰਨਾ ਹੀ ਹੈ। ਐਨਾ ਤਾਂ ਮੈਂ ਕਰ ਹੀ ਲੈਣਾ ਹੈ ਉਠਣਾ ਹੀ ਨਹੀਂ। ਹੌਲੀ-ਹੌਲੀ ਸੰਗਤ 'ਚ ਆਉਂਦੇ ਹੋਏ ਰੁਚੀ ਲਗ ਜਾਂਦੀ ਹੈ। ਫੇਰ ਨਾਮ ਦੇ ਵਿਚ ਰਸ ਆ ਜਾਂਦਾ ਹੈ, ਨਾਮ ਦੇ ਵਿਚ ਪ੍ਰਕਾਸ਼ ਆ ਜਾਂਦਾ ਹੈ, ਇਹ ਚੀਜ਼ਾਂ ਅੰਦਰ ਨੂੰ ਖਿਚਦੀਆਂ ਨੇ, ਜਿੱਥੇ ਨਾਮ ਦਾ ਵਾਸਾ ਹੈ ਨਾ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*

*ਅੰਗ - ੨੯੩*

ਵਾਹਿਗੁਰੂ ਤੇ ਨਾਮ ਵਿਚ ਕੋਈ ਭੇਦ ਨਹੀਂ। ਨਾਮ ਤੇ ਨਾਮੀ ਦੋਵੇਂ ਇਕ ਨੇ। ਏਕੰਕਾਰ ਵੀ ਓਹੀ, ਓਅੰਕਾਰ ਵੀ ਓਹੀ ਹੈ, ਸਤਿ ਵੀ ਓਹੀ, ਨਾਮ ਸ਼ਕਤੀ ਵੀ ਓਹੀ ਹੈ। ਚਾਰੋਂ ਮਹਾਰਾਜ ਨੇ ਇਕੱਠੇ ਕਰ ਦਿਤੇ, ਸਾਨੂੰ ਕਿਹਾ ਹੈ ਕਿ ਤੁਸੀਂ ਚਾਰ ਵਲ ਨਾ ਧਿਆਨ ਦਿਓ, ਤੁਹਾਨੂੰ ਮੰਤਰ ਦਿੰਦੇ ਹਾਂ -

***ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥***

ਸਾਰਿਆਂ ਤੋਂ ਸੁਖਾਲਾ ਤਰੀਕਾ ਇਹ ਹੈ ਕਿ ਜਦੋਂ ਤੁਸੀਂ ਬੋਲਦੇ ਹੋਂ ਨਾ, ਬੋਲਿਆ ਹੋਇਆ ਅੰਦਰ ਸੁਣ ਲਓ ਰਸਨਾ ਹਿਲਦੀ ਹੈ ਕਿ ਨਹੀਂ ਹਿਲਦੀ। ਸੁਆਸ ਦੇ ਉਤੇ ਨਾਮ ਤੁਸੀਂ lord ਕਰ ਦਿਤਾ, ਓਸ ਨਾਮ ਨੂੰ ਸੁਣੋ। ਅੰਦਰੋਂ ਧੁਨ ਉਠਦੀ ਹੈ ਨਾਮ ਦੀ ਉਹਨੂੰ ਸੁਣੋ।

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯*

ਸੁਖਾਲਾ ਜਿਹਾ ਕੰਮ ਹੈ ਇਹ। ਖੇਤੀ ਕਰੋ, ਵਣਜ ਕਰੋ, ਕੋਈ ਕੰਮ ਚਾਹੇ ਕਰ ਰਹੇ ਹੋਵੋਂ, ਪ੍ਰਮੇਸ਼ਰ ਦਾ ਨਾਮ ਹਿਰਦੇ 'ਚ ਵਸਾਓ ਤੇ ਜੀਵਨ ਸਫਲਾ ਕਰੋ।

**********

# ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧ ॥ਰਹਾਉ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥*
*ਅੰਗ - ੮੨੭*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂਆਂ ਤੋਂ ਜੋ ਗੁਰਸਿੱਖ ਵਰੋਸਾਏ ਗਏ, ਜਿਨ੍ਹਾਂ ਨੂੰ ਡਿਗਰੀ ਮਿਲ ਗਈ, ਸਾਧੂ ਦੀ, ਸੰਤ ਦੀ, ਉਨ੍ਹਾਂ ਦੇ ਜੀਵਨ ਆਪਾਂ ਵਿਚਾਰ ਰਹੇ ਹਾਂ। ਵੱਡੀ ਤੋਂ ਵੱਡੀ ਡਿਗਰੀ ਜੋ ਗੁਰੂ ਘਰ ਦੇ ਅੰਦਰ ਹੈ, ਗੁਰਮੁਖ ਦੀ, ਸਾਧੂ ਦੀ, ਸੰਤ ਦੀ, ਬ੍ਰਹਮਗਿਆਨੀ ਦੀ ਇਕੋ ਹੀ ਹੋਇਆ ਕਰਦੀ ਹੈ ਕਿਉਂਕਿ ਸਾਧੂ, ਸੰਤ ਓਹੀ ਹੁੰਦਾ ਹੈ ਜਿਹਨੂੰ ਕਦੇ ਵਾਹਿਗੁਰੂ ਭੁੱਲੇ ਹੀ ਨਾ, ਅਗਿਆਨ ਦਾ ਪੂਰੀ ਤਰ੍ਹਾਂ ਨਾਸ਼ ਹੋ ਜਾਵੇ। ਪੰਜੇ ਭਰਮਾਂ ਦਾ ਨਾਸ਼ ਹੋ ਜਾਵੇ, ਜਿਹੜੀ ਮੇਰੀ ਮੈਂ ਹੈ ਇਹਦਾ ਹਨ੍ਹੇਰਾ ਦੂਰ ਹੋ ਕੇ ਅਸਲੀ ਜਿਹੜੀ ਚੀਜ਼ ਹੈ ਉਹ ਪ੍ਰਤੱਖ ਹੋ ਜਾਵੇ ਫੇਰ ਓਸ ਸਰੀਰ ਨੂੰ ਸੰਤ ਸਾਧੂ ਕਹਿਣ ਲਗ ਜਾਂਦੇ ਨੇ। ਕਿਤੋਂ ਡਿਗਰੀ ਨਹੀਂ ਮਿਲਦੀ ਇਹਦੀ ਕਿ ਫਲਾਣੀ ਯੂਨੀਵਰਸਿਟੀ 'ਚ ਸੰਤਾਂ ਦੀ ਡਿਗਰੀ ਮਿਲਦੀ ਹੈ। ਨਾ ਚੋਲੇ ਪਾ ਕੇ ਮਿਲਦੀ ਹੈ, ਨਾ ਘਰ ਛੱਡ ਕੇ ਮਿਲਦੀ ਹੈ, ਇਹ ਤਾਂ ਇਕ ਸਥਿਤੀ ਹੈ ਜਿਸ ਥਾਂ ਤੇ ਜਾ ਕੇ ਕਦੇ ਵੀ ਵਾਹਿਗੁਰੂ ਨਾ ਭੁੱਲੇ, ਓਨ੍ਹਾਂ ਨੂੰ ਕਹਿ ਦਿੰਦੇ ਨੇ।

ਗੁਰੂ ਮਹਾਰਾਜ ਨੇ ਜੋ ਬਚਨ ਕਿਹਾ ਕਿ ਉਨ੍ਹਾਂ ਵਿਚ ਓਹਪੁਣਾ ਨਹੀਂ ਰਹਿੰਦਾ। ਸਾਨੂੰ ਭੁਲੇਖਾ ਪੈ ਜਾਂਦਾ ਹੈ ਕਿ ਕੋਈ ਬੰਦਾ ਹੈ ਐਸਾ ਜਿਹਨੂੰ ਪ੍ਰਮੇਸ਼ਰ ਕਦੇ ਨਹੀਂ ਭੁੱਲਦਾ? ਇਹ ਦੋ ਹੁੰਦੇ ਨੇ। ਪਰ ਦੋ ਨਹੀਂ ਹੋਇਆ ਕਰਦੇ, ਜਿਹੜਾ ਦੂਜਾ ਹੁੰਦਾ ਹੈ ਉਹ ਖਤਮ ਹੋ ਜਾਇਆ ਕਰਦਾ ਹੈ। ਜਦੋਂ ਦੂਜਾ ਖਤਮ ਹੋ ਜਾਂਦਾ ਹੈ, ਓਸ ਵੇਲੇ ਅਸਲੀ ਜਿਹੜਾ ਹੈ, ਉਹ ਪ੍ਰਗਟ ਹੋ ਜਾਇਆ ਕਰਦਾ, ਸਰੀਰ ਨੂੰ ਸੰਬੋਧਨ ਕਰਦੇ ਨੇ, ਨਾਮ ਜਿਹੜਾ ਹੈ ਰੱਖਿਆ ਹੋਇਆ, ਉਹ ਲੈ ਕੇ ਸੰਬੋਧਨ ਕਰਦੇ ਨੇ। ਦਰਅਸਲ ਸੰਤ ਨੂੰ ਸਮਝਣਾ ਵੇਦ ਦੀ ਤਾਕਤ ਨਹੀਂ ਹੈ। ਵੇਦ ਤਿੰਨਾਂ ਗੁਣਾਂ 'ਚ ਹੈ। ਨਾ ਮਨੁੱਖ ਦੇ ਮਨ ਵਿਚ ਇਹ ਸ਼ਕਤੀ ਹੈ ਕਿ ਸੰਤ ਨੂੰ ਸਮਝ ਜਾਵੇ ਕਿ ਸੰਤ ਕੀ ਹੁੰਦਾ ਹੈ। ਗੁਰੂ ਸਾਹਿਬ ਇਸ਼ਾਰਾ ਕਰੀ ਜਾਂਦੇ ਨੇ। ਕਹੀ ਜਾਂਦੇ ਨੇ ਕਿ ਉਨ੍ਹਾਂ 'ਚ ਭੇਦ ਕੋਈ ਨਹੀਂ ਹੈ। ਪ੍ਰਭੂ ਤੇ ਸੰਤ ਵਿਚ ਭੇਦ ਨਹੀਂ ਹੈ। ਸਮੁੰਦਰ ਵਿਚ ਜਦੋਂ ਪਾਣੀ ਚਲਿਆ ਗਿਆ ਤਾਂ ਭੇਦ ਨਹੀਂ ਰਹਿੰਦਾ।

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ - ੨੭੮*

ਜਿਹਦੇ ਅੰਦਰੋਂ ਪੂਰਨ ਤੌਰ ਤੇ ਉਤੇ ਮੈਂ ਦਾ ਪੂਰਨ ਤੌਰ ਦੇ ਉਤੇ ਅਭਾਵ ਹੋ ਗਿਆ, ਮੈਂ ਰਿਹਾ ਹੀ ਨਹੀਂ ਹੈ। ਓਹ ਸਾਧੂ ਹੋਇਆ ਕਰਦਾ ਹੈ, ਸੰਤ ਹੋਇਆ ਕਰਦਾ ਹੈ, ਉਹਦੇ ਸਰੀਰ ਨੂੰ, ਉਹਦੇ ਕੌਤਕਾਂ ਨੂੰ ਜਿਹੜੇ ਕਿ ਸਰੀਰ ਵਿਚ ਰਹਿ ਕੇ ਓਸ ਨੇ ਸਾਡੇ ਵਾਸਤੇ, ਸਾਡੇ ਵਾਂਗੂੰ ਖਾ ਕੇ, ਪੀ ਕੇ, ਸਾਡੇ ਵਾਲੀਆਂ ਤਕਲੀਫਾਂ ਸਹਿ ਕੇ, ਓਸ ਨੇ ਕੀਤੇ, ਉਹ ਰੌਸ਼ਨੀ ਦੇ ਕੌਤਕ ਹੋਇਆ ਕਰਦੇ ਨੇ। ਉਨ੍ਹਾਂ 'ਚ ਹਨ੍ਹੇਰਾ ਨਹੀਂ ਹੋਇਆ ਕਰਦਾ, ਸਦੀਆਂ ਤੱਕ, ਯੁੱਗਾਂ ਤੱਕ ਉਨ੍ਹਾਂ ਤੋਂ ਸੇਧ ਮਿਲਦੀ ਰਹਿੰਦੀ ਹੈ।

ਕ੍ਰਿਸ਼ਨ ਮਹਾਰਾਜ ਨੇ ਜੋ ਮੈਦਾਨੇ ਜੰਗ ਦੇ ਵਿਚ ਜਾ ਕੇ ਅਰਜਨ ਨੂੰ ਉਪਦੇਸ਼ ਦਿਤਾ, ਉਹ ਇਕੱਲੇ ਅਰਜਨ ਵਾਸਤੇ ਨਹੀਂ ਹੈ, ਉਹ ਜਦੋਂ ਤਕ ਸੰਸਾਰ ਨੇ ਰਹਿਣਾ ਹੈ ਸਾਰੇ ਸਰੀਰਧਾਰੀਆਂ ਨੂੰ ਓਨਾ ਹੀ ਚਾਨਣਾ ਦੇਵੇਗਾ ਜਿੰਨਾ ਓਸ ਵੇਲੇ ਅਰਜਨ ਨੂੰ ਦਿਤਾ। ਸੋ ਸਾਂਝਾ ਉਪਦੇਸ਼ ਜੀਵਾਂ ਦੇ ਕਲਿਆਣ ਵਾਸਤੇ ਮਹਾਂਪੁਰਸ਼ਾਂ ਦੇ ਮੁਖ ਤੋਂ ਹੋਇਆ ਕਰਦਾ ਹੈ। ਉਨ੍ਹਾਂ ਦੀ ਯਾਦ ਜਦੋਂ ਅਸੀਂ ਮਨਾਉਂਦੇ ਹਾਂ ਓਸ ਵੇਲੇ ਇਕ ਭੁਲੇਖਾ ਸਾਨੂੰ ਪੈ ਜਾਂਦਾ ਹੈ ਜਿਹੜਾ ਬੜਾ ਜ਼ਬਰਦਸਤ ਹੈ ਕਿ ਫਲਾਣੇ ਸੰਤ ਚੜ੍ਹਾਈ ਨਹੀਂ ਕਰੇ, ਉਹ ਗਏ ਨਹੀਂ ਹੈਗੇ ਇਹ ਸਾਡੇ ਮਨ ਵਿਚ ਬੜਾ ਭਾਰਾ ਭੁਲੇਖਾ ਹੈ ਜਿਹੜਾ ਸਾਨੂੰ ਅੱਗੇ ਨਹੀਂ ਵਧਣ ਦਿੰਦਾ। ਸੰਤ ਇਕੋ ਹੀ ਹੁੰਦਾ ਹੈ ਦੋ ਨਹੀਂ ਹੋਏ ਕਦੇ, ਚਾਹੇ ਨਾਉਂ ਕੋਈ ਲਈ ਜਾਓ, ਉਹ ਬ੍ਰਹਮ ਦੇ ਵਿਚੋਂ ਰੂਪ ਪ੍ਰਗਟ ਹੁੰਦੇ ਨਜ਼ਰ ਆਉਂਦੇ ਨੇ, ਕਿਉਂਕਿ ਬ੍ਰਹਮ ਦੇ ਅਨੇਕਾਂ ਹੀ ਰੂਪ ਨੇ -

*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥ ਅੰਗ - ੭੩੬*

ਬੇਅੰਤ ਰੂਪ ਦਿਖਾਉਂਦਾ ਹੈ, ਉਹ ਵੀ ਠੀਕ ਨੇ ਜਿਹੜੇ ਇਹ ਗੱਲ ਕਹਿ ਰਹੇ ਨੇ ਕਿ ਗੁਰੂ ਨਾਨਕ ਦੀ ਦਰਗਾਹ 'ਚ ਜਾਵਾਂਗੇ। ਗੁਰੂ ਦਸਵੇਂ ਪਾਤਸ਼ਾਹ, ਧੰਨ ਗੁਰੂ ਰਾਮਦਾਸ ਮਹਾਰਾਜ ਕਿੰਨੇ ਹੀ ਨਾਉਂ ਲਈ ਜਾਓ, ਹੁੰਦਾ ਉਹ ਵਾਹਿਗੁਰੂ

ਹੀ ਹੈ। ਜਿਨ੍ਹਾਂ ਦਾ ਭਰਮ ਟੁੱਟ ਗਿਆ, ਜਿਨ੍ਹਾਂ ਦੇ ਹਿਰਦੇ ਵਿਚ ਜੋਤ ਪ੍ਰਗਟ ਹੋ ਗਈ। ਉਨ੍ਹਾਂ ਨੂੰ ਪਤਾ ਲਗ ਗਿਆ ਕਿ ਮੈਂ ਕੁਛ ਨਹੀਂ ਹੈਗਾ ਇਹ ਤਾਂ ਇਕੋ ਹੀ ਪ੍ਰਮੇਸ਼ਰ ਸਾਰੇ ਸਰੀਰਾਂ ਦੇ ਅੰਦਰ ਆਪਣੀ ਮੌਜ ਨਾਲ ਕੌਤਕ ਕਰ ਰਿਹਾ ਹੈ।

*ਪਾਰਬ੍ਰਹਮ ਕੇ ਸਗਲੇ ਠਾਉ ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥*
*ਆਪੇ ਕਰਨ ਕਰਾਵਨ ਜੋਗੁ ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ ॥*
*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥*

*ਅੰਗ - ੨੭੫*

ਇਹ ਤਾਂ ਵਾਹਿਗੁਰੂ ਦੇ ਸਰੀਰ ਨੇ ਸਾਰੇ ਇਕ ਖੇਲ੍ਹ ਕਰਿਆ ਹੋਇਆ ਹੈ, ਮਾਇਆ ਪਾਈ ਹੋਈ ਹੈ, ਮਾਇਆ ਦੇ ਵਿਚ ਦੂਜਾ ਨਜ਼ਰ ਆਉਣ ਲਗ ਗਿਆ। ਮਾਇਆ ਵੀ ਉਹਦੀ ਹੀ ਸ਼ਕਤੀ ਹੈ ਕਿਤੋਂ ਬਾਹਰੋਂ ਤਾਂ ਨਹੀਂ ਨਾ ਆਈ। ਗੁਰੂ ਨਾਨਕ ਨੇ ਇਹ ਭੁਲੇਖਾ ਦੂਰ ਕਰ ਦਿਤਾ ਕਿ ਮਾਇਆ ਨੂੰ ਅਨਰਬਚਨੀ ਨਾ ਕਹੋ। ਮਾਇਆ ਦੀ ਕੋਈ ਵਿਆਖਿਆ ਨਹੀਂ, ਮਾਇਆ ਦਾ ਕੋਈ ਆਦਿ ਨਹੀਂ ਹੈ। ਮਾਇਆ ਤਾਂ ਪ੍ਰਮੇਸ਼ਰ ਨੇ ਆਪਣੀ ਮੌਜ ਨਾਲ ਪਾਈ ਹੋਈ ਹੈ। ਇਕ ਓਹਦੀਓ ਸ਼ਕਤੀ ਹੈ ਇਹ ਅਨਾਦੀ ਸ਼ਕਤੀ ਨਹੀਂ ਹੈ ਕਿ ਇਹ ਸਦਾ ਵਾਸਤੇ ਹੀ ਮਾਇਆ ਜੀਵ ਨੂੰ ਘੇਰ ਲੈਂਦੀ ਹੈ। ਜੀਵ ਨੇ ਤਾਂ ਕੋਈ ਕਰਮ ਹੀ ਨਹੀਂ ਸੀ ਕਰਿਆ ਪਹਿਲੇ ਦਿਨ। ਜਦੋਂ ਸ੍ਰਿਸ਼ਟੀ ਰਚੀ ਹੈ ਜੀਵ ਕਰਮਾਂ ਦਾ ਬੰਨ੍ਹਿਆ ਹੋਇਆ ਹੈ ਹੀ ਨਹੀਂ ਸੀ, ਉਹ ਤਾਂ ਸੁਤੰਤਰ ਸੀ। ਜੇ ਭਲਾ ਮੰਨ ਲਓ ਕਿ ਕੋਈ ਸਮਾਂ ਤਾਂ ਸੀਗਾ ਹੀ ਜਦੋਂ ਜੀਵ ਨੇ ਕੋਈ ਕਰਮ ਵੀ ਨਹੀਂ ਸੀ ਕਰਿਆ। ਜਦੋਂ ਆਦਿ ਹੋਇਆ ਹੈ। ਜੇ ਵਾਹਿਗੁਰੂ ਅਨਾਦਿ ਹੈ ਤਾਂ ਜੀਵ ਵੀ ਅਨਾਦੀ ਹੈ। ਮਾਇਆ ਵੀ ਅਨਾਦੀ ਹੈ, ਲੇਕਿਨ ਗੁਰੂ ਮਹਾਰਾਜ ਕਹਿੰਦੇ ਇਨ੍ਹਾਂ ਗੱਲਾਂ 'ਚ ਨਾ ਪਓ, ਮਾਇਆ ਜਿਹੜੀ ਹੈ ਉਹ ਵੀ ਵਾਹਿਗੁਰੂ ਨੇ ਪਸਾਰੀ ਹੈ -

*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥*

*ਅੰਗ - ੫੩੭*

ਫੇਰ ਜੀਵ ਕੀ ਹੈ? ਜੀਵ ਕੁਛ ਵੀ ਨਹੀਂ ਹੈ -

*ਹੁਕਮੀ ਹੋਵਨਿ ਜੀਅ............॥ ਅੰਗ - ੧*

ਹੁਕਮ ਦੀ ਕ੍ਰਿਆ ਦੇ ਵਿਚ ਇਕ ਕ੍ਰਿਆ ਹੋ ਗਈ ਤੇ ਜਿਹੜੀ ਇਹਦੇ ਵਿਚ consiousness ਨੀਵੇਂ ਪੱਧਰ ਤੇ ਆ ਗਈ, ਹੇਠਾਂ ਨੂੰ ਆ ਗਈ, ਮਾਇਆ ਦੇ ਮੰਡਲ 'ਚ ਆ ਗਈ, ਹਉਮੈ ਦੇ ਮੰਡਲ 'ਚ ਆ ਗਈ, ਉਹ ਸੁਰਤ ਜੀਵ ਆਤਮਾ ਬਣ ਜਾਂਦੀ ਹੈ। ਉਹਨੂੰ ਉਪਾਧੀ ਮਿਲ ਜਾਂਦੀ ਹੈ, ਉਹਦਾ ਕੋਈ ਵਜੂਦ ਨਹੀਂ ਹੈ ਕੇਵਲ ਅਗਿਆਨ ਕਰਕੇ ਵਜੂਦ ਨਜ਼ਰ ਆਉਂਦਾ ਹੈ, ਹੈ ਇਕੋ ਹੀ ਆਤਮਾ, ਜਿਹਨੇ ਏਸ ਖੇਲ੍ਹ ਨੂੰ ਪਛਾਣ ਲਿਆ ਕਿ ਇਹ ਤਾਂ ਇਕ ਖੇਲ੍ਹ ਹੋ ਰਹੀ ਹੈ, ਐਸ ਤਰ੍ਹਾਂ ਹੋ ਰਹੀ ਹੈ। ਗੁਰੂ ਮਹਾਰਾਜ ਕਹਿੰਦੇ -

*ਗੁਰਿ ਪੂਰੈ ਹਉਮੈ ਮਲੁ ਧੋਈ ॥*
*ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥*

*ਅੰਗ - ੭੩੬*

ਜਦੋਂ ਹਉਮੈ ਦੀ ਮੈਲ ਧੋ ਦਿਤੀ, ਹਉਮੈ ਦੀ ਕੰਧ ਟੁੱਟ ਗਈ ਤਾਂ ਚੁਬੱਚੇ ਦਾ ਪਾਣੀ ਝੀਲ ਦੇ ਪਾਣੀ ਨਾਲ ਰਲ ਗਿਆ। ਪਹਿਲਾਂ ਚੁਬੱਚਾ ਬਣਾ ਕੇ ਝੀਲ ਦੇ ਪਾਣੀ ਨਾਲੋਂ ਅੱਡ ਕਰਿਆ ਹੋਇਆ ਸੀ। ਜਦੋਂ ਕੰਧ ਟੁੱਟ ਗਏ, ਉਹਦੇ ਵਿਚ ਰਲ ਗਿਆ, ਦੋਵੇਂ ਇਕੋ ਹੋ ਗਏ।

ਸੋ ਇਸ ਤਰ੍ਹਾਂ ਇਕ ਖੇਲ੍ਹ ਹੋ ਰਹੀ ਹੈ। ਸਾਧੂ, ਮਹਾਂਪੁਰਸ਼ ਜਦੋਂ ਅਸੀਂ ਕਹਿੰਦੇ ਹਾਂ ਕਿ ਬਾਬਾ ਦਇਆ ਸਿੰਘ ਜੀ, ਮਹਾਰਾਜ ਜੀ, ਠੀਕ ਹੈ ਸਾਡੀ ਸ਼ਰਧਾ ਹੈ ਅਸੀਂ ਬ੍ਰਹਮ ਨੂੰ ਉਸੇ ਰੂਪ ਵਿਚ ਦੇਖਦੇ ਹਾਂ। ਜਦੋਂ ਅਸੀਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਾਂ ਓਸ ਪ੍ਰਮੇਸ਼ਰ ਨੂੰ ਗੁਰੂ ਨਾਨਕ ਲਿਖ ਰਹੇ ਹਾਂ। ਜਦੋਂ ਅਸੀਂ ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਹਾਂ ਉਸੇ ਬ੍ਰਹਮ ਨੂੰ, ਉਸੇ ਪ੍ਰਮੇਸ਼ਰ ਨੂੰ ਗੁਰੂ ਦਸਵੇਂ ਪਾਤਸ਼ਾਹ 'ਚ ਦੇਖ ਰਹੇ ਹਾਂ, ਇਹ ਵੱਖ-ਵੱਖ ਨਹੀਂ ਹੈਗੇ। ਇਹ ਇਕੋ ਹੀ ਪ੍ਰਮੇਸ਼ਰ ਹੈ, ਇਕੋ ਹੀ ਜੋਤ ਹੈ। ਇਥੇ ਦੋ ਦੀ ਗੁਜਾਇੰਸ਼ ਨਹੀਂ ਹੈ। ਦੋ ਹੋ ਨਹੀਂ ਸਕਦੇ, ਆਪੇ ਹੀ ਹੈ ਉਹ। ਪਰ ਜਦੋਂ ਅਸੀਂ ਮਹਿਮਾ ਕਰਦੇ ਹਾਂ ਮਹਾਂਪੁਰਸ਼ਾਂ ਦੀ ਤਾਂ ਉਹ ਪ੍ਰਮੇਸ਼ਰ ਦੀ ਹੀ ਕਰ ਰਹੇ ਹੁੰਦੇ ਹਾਂ ਕਿਉਂਕਿ ਓਸ ਪ੍ਰਮੇਸ਼ਰ ਨੇ ਐਸਾ ਰੂਪ ਧਾਰ ਕੇ ਕ੍ਰਿਆ ਕੀਤੀ ਜਿਸ ਤੋਂ ਸਾਨੂੰ ਚਾਨਣਾ ਮਿਲਿਆ।

ਸੰਤ ਮਹਾਰਾਜ ਜੀ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ) ਰਾੜਾ ਸਾਹਿਬ ਵਾਲੇ, ਮੈਂ ਕਦੇ ਨਾਉਂ ਨਹੀਂ ਲਿਆ, ਮਾਫ ਕਰਨਾ ਇਸ ਗੱਲ ਦਾ, ਮੇਰੇ ਅੰਦਰੋਂ ਨਹੀਂ ਨਿਕਲਦਾ। ਕਈ ਤਾਂ ਕਹਿੰਦੇ ਨੇ ਕਿ ਵਾਹਿਗੁਰੂ ਵੀ ਤਾਂ ਅਸੀਂ ਕਹਿੰਦੇ ਹਾਂ, ਗੁਰੂ ਨਾਨਕ ਸਾਹਿਬ ਉਹ ਠੀਕ ਹੈ, ਪਰ ਭਾਵਨਾ ਐਨੀ ਪ੍ਰਬਲ ਹੋ ਗਈ ਸੀ ਕਿ ਸ਼ਕਲ ਤਾਂ ਸਾਮ੍ਹਣੇ ਆ ਜਾਂਦੀ ਹੈ ਪਰ ਨਾਉਂ ਨਹੀਂ ਆਉਂਦਾ। ਨਾਉਂ ਲੈਣ ਤੇ ੨ਮੇਰੇ ਅੰਦਰ ਹੀ ਕੁਛ ਹੋਣ ਲਗ ਜਾਂਦਾ ਹੈ, ਜਿਵੇਂ ਕਿਤੇ ਮੈਂ ਬੜੀ ਭਾਰੀ ਬੇਅਦਬੀ ਕਰ ਦਿਤੀ ਹੁੰਦੀ ਹੈ। ਸੋ ਉਨ੍ਹਾਂ ਦਾ ਅਸੀਂ ਜ਼ਿਕਰ ਕਰ ਰਹੇ ਹਾਂ, ਉਨ੍ਹਾਂ ਦੀਆਂ ਸਾਰੀਆਂ ਹੀ ਕਥਾਵਾਂ ਜਿਹੜੀਆਂ ਸੀ, ਜੀਵਨ ਦੇ ਨਾਟ ਦੀ ਉਹਨੂੰ ਕੋਈ ਸਮਝ ਨਹੀਂ ਸਕਿਆ। ਜਿਹੋ ਜਿਹੇ angle ਤੋਂ ਕਿਸੇ ਨੇ ਦੇਖਿਆ ਓਹੀ ਜਿਹੀ ਗੱਲ ਕਰ ਦਿਤੀ। ਸਮੁੱਚੇ ਤੌਰ ਤੇ ਕੋਈ ਨਹੀਂ ਸਮਝਿਆ ਕਿ ਉਹ ਸੀਗੇ ਕੀ? ਕਿਸੇ ਨੇ ਉਨ੍ਹਾਂ ਦੇ ਸੋਹਣੇ ਕੱਪੜੇ ਦੇਖ ਕੇ ਕਿਹਾ ਕਿ ਇਹ ਬਹੁਤ ਸੋਹਣੇ ਕੱਪੜੇ ਪਹਿਨਦੇ ਨੇ, ਜੇ ਜੋੜੇ ਦੇਖ ਲਏ ਤਾਂ ਉਹ ਜੋੜਿਆਂ ਨੂੰ ਕਹੀ ਜਾਂਦਾ ਹੈ ਕਿ ਜੋੜੇ ਬੜੇ ਸੀ ਉਨ੍ਹਾਂ ਦੇ ਕੋਲ। ਬੇਅੰਤ ਚੀਜ਼ਾਂ ਨੇ ਲੇਕਿਨ ਉਨ੍ਹਾਂ ਨੂੰ ਕੋਈ ਨਹੀਂ ਸਮਝ ਸਕਿਆ, ਉਹ ਤਾਂ ਪਰਾਲਬਧ ਸੀ ਉਨ੍ਹਾਂ ਦੀ, ਸਰੀਰਕ ਭੋਗ ਸੀ, ਪਰਾਲਬਧ ਦੇ ਮੁਤਾਬਿਕ ਮਿਲਿਆ, ਆਪ ਉਹ ਜੁੱਤੀ ਰਬੜ ਦੀ ਲੈ ਕੇ ਪਾਉਂਦੇ ਹੁੰਦੇ। ਸ਼ਰਧਾ ਵਾਲੇ ਨਵੀਆਂ ਤੋਂ ਨਵੀਆਂ ਲਿਆ ਕੇ, ਇਕ ਦਿਨ ਪਹਿਨਣ ਵਾਸਤੇ ਬੇਨਤੀ ਕਰਦੇ ਸੀ।

ਅਸੀਂ ਸਿੰਧ ਵਿਚ ਚਲੇ ਗਏ, ਮੈਂ ਚਲਿਆ ਗਿਆ ਕਰਾਚੀ, ਪੈਸੇ ਵਗੈਰਾ ਤਾਂ ਹੁੰਦੇ ਨਹੀਂ ਸੀ ਉਨ੍ਹਾਂ ਦਿਨਾਂ ਵਿਚ, ਇਕ ਰੁਪਿਆ ਕਿਸੇ ਕੋਲ ਹੋਵੇ, ਬਹੁਤ ਵੱਡੀ ਰਕਮ ਹੁੰਦੀ ਸੀ, ਮੇਲੇ ਜਾਣਾ ਤਾਂ ਮਾਂ ਬਾਪ ਨੇ ਇਕ ਆਨਾ ਦੇਣਾ। ਇਕ ਆਨੇ ਦੇ ਗਟੇ ਵੀ ਖਾ ਲੈਣੇ, ਉਥੇ ਰਿਓੜੀਆਂ ਲੈ ਕੇ ਵੀ ਖਾ ਲੈਣੀਆਂ, ਦੋ ਪੈਸੇ ਦਾ ਘਰ ਨੂੰ ਲੈ ਆਉਣਾ, ਸਾਰੇ ਘਰ ਵਾਲਿਆਂ ਨੇ ਰੱਜ ਜਾਣਾ। ਇਕ ਆਨੇ ਦੇ ਇਕ ਸੇਰ ਪੱਕੇ ਛੋਲੇ ਆਉਂਦੇ ਹੁੰਦੇ ਸੀ। ਉਥੇ ਮੈਨੂੰ ਦੋ ਚੀਜ਼ਾਂ ਚੰਗੀਆਂ ਲੱਗੀਆਂ ਦੋਵੇਂ ਮੈਂ ਖਰੀਦ ਲਈਆਂ। ਇਕ ਚਾਦਰ ਸੀ ਜਿਹੜੀ ਕਸ਼ਮੀਰੀ ਸ਼ਾਲ ਕਹਾਉਂਦੀ ਹੈ, ਇਕ ਬੈਡ ਕਵਰ ਸੀ ਜਿਹੜਾ ਪਲੱਛ ਦਾ ਸੀ, ਬਹੁਤ ਸੋਹਣਾ ਬਣਾਇਆ ਹੋਇਆ, ਉਹ ਮੈਂ ਲੈ ਕੇ ਆ ਗਿਆ, ਨਵਾਬ ਨਗਰ ਦੇ ਕੋਲ, ਨਵਾਬਸ਼ਾਹ ਦੇ ਕੋਲ ਜੰਗਲ ਸੀ ਇਕ, ਜੰਗਲ ਦੇ ਵਿਚ ਅਸੀਂ ਰਹਿੰਦੇ ਹੁੰਦੇ, ਸਰਦਾਰ ਚੰਦਾ ਸਿੰਘ ਜੀ, ਉਥੇ ਅਸੀਂ ਰਹਿੰਦੇ ਹੁੰਦੇ। ਜਦੋਂ ਮੈਂ ਬੀਬੀ ਜੀ ਨੂੰ ਦਿਖਾਈਆਂ, ਇਹ ਮੇਰੇ ਤੋਂ ਵੀ ਉਪਰ ਦੀ ਸੀ, ਇਹ ਕਹਿੰਦੀ ਨਾ ਇਹ ਤਾਂ ਨਹੀਂ ਆਪਾਂ ਵਰਤਣੀਆਂ। ਮੈਂ ਕਿਹਾ ਕੀ ਗੱਲ, ਮੈਂ ਤਾਂ ਬਹੁਤ ਸੋਹਣੀਆਂ ਦੇਖ ਕੇ ਲੈ ਕੇ ਆਇਆ ਹਾਂ। ਕਹਿੰਦੀ, ਨਾ ਇਹ ਤਾਂ ਮਹਾਰਾਜ ਜੀ ਲਈ ਰੱਖ ਦਿਓ, ਐਵੇਂ ਜਿਵੇਂ ਰੱਖ ਦਿਓ, ਜਦੋਂ ਆਪਾਂ ਪੰਜਾਬ ਕਿਤੇ ਗਏ, ਉਸ ਵੇਲੇ ਮਹਾਰਾਜ ਜੀ ਦੇ ਅਰਪਣ ਕਰ ਦੇਵਾਂਗੇ। ਇਥੇ ਜਦੋਂ ਮੈਂ ਆਇਆ ਤਾਂ ਮਹਾਰਾਜ ਜੀ ਨੂੰ ਜਦੋਂ ਅਰਪਣ ਕਰੀਆਂ ਤਾਂ ਮੇਰੇ ਮਨ ਵਿਚ ਆਇਆ ਕਿ ਮਹਾਰਾਜ ਜੀ ਉਪਰ ਲੈ ਲੈਣ ਤੇ ਇਹਨੂੰ ਵਿਛਾ ਲੈਣ ਹੇਠਾਂ। ਕੁਦਰਤੀ ਹੁੰਦਾ ਹੈ, ਗਰੀਬ ਆਦਮੀ ਸੀ।

ਮਹਾਰਾਜ ਜੀ ਉਸੇ ਵੇਲੇ ਪਾਸੇ ਹੋ ਗਏ, ਕਹਿਣ ਲੱਗੇ, ਆਹ ਤਾਂ ਮੰਜੇ ਤੇ ਵਿਛਾ ਦਿਓ ਸਾਡੇ। ਆਹ ਮੈਨੂੰ ਦੇ ਦਿਓ, ਆਹ ਜਿਹੜੀ ਚਾਦਰ ਸਾਡੇ ਉਤੇ ਹੈ ਇਹਨੂੰ ਰੱਖ ਦਿਓ। ਪੂਰਾ ਹੀ ਸਿਆਲ ਉਹ ਗਰਮ ਚਾਦਰ ਉਨ੍ਹਾਂ ਨੇ ਉਤੇ ਰੱਖੀ, ਉਹਨੂੰ ਦੇਖ ਕੇ ਓਸ ਤੋਂ ਵੀ ਵਧੀਆ-ਵਧੀਆ ਅਮੀਰਾਂ ਨੇ ਕਸ਼ਮੀਰੀ ਸ਼ਾਲਾਂ ਲਿਆ ਕੇ ਦੇ ਦਿਤੀਆਂ। ਸਾਡੇ ਨਾਲੋਂ ਕਿਤੇ ਵਧੀਆ-ਵਧੀਆ ਪਲੱਛ ਦੇ ਬੈਡ ਕਵਰ ਲਿਆ ਕੇ ਦੇ ਦਿਤੇ, ਪਰ ਉਹ ਸਾਡੀ ਭਾਵਨਾ ਜਿਹੜੀ ਸੀ ਐਨੀ ਜੁੜੀ ਹੋਈ ਸੀ ਕਿ ਛੇ ਮਹੀਨੇ ਮਹਾਰਾਜ ਜੀ ਨੇ ਉਹ ਚਾਦਰ ਹੀ ਨਹੀਂ ਬਦਲੀ, ਸਰਦੀ-ਸਰਦੀ, ਓਹੀ ਰੱਖਿਆ ਕਰਨ ਉਤੇ। ਢੇਰ ਲੱਗੇ ਪਏ ਸੀ ਚਾਦਰਾਂ ਤੇ ਸਾਲਾਂ ਦੇ ਉਨ੍ਹਾਂ ਕੋਲ। ਮੇਰਾ ਕਹਿਣ ਤੋਂ ਭਾਵ ਹੈ ਕਿ ਉਨ੍ਹਾਂ ਨੂੰ ਸਮਝ ਨਹੀਂ ਸਕਿਆ, ਕੋਈ ਕੁਛ ਕਹੀ ਜਾਂਦਾ ਸੀ, ਕੋਈ ਕੁਛ ਕਹੀ ਜਾਂਦਾ ਸੀ। ਜਿਹੜਾ ਕੁਛ ਸਮਝਿਆ ਹੈ ਕਿਸੇ ਨੇ ਉਹਨੂੰ ਪਤਾ ਹੈ ਕੀ ਸੀਗੇ।

ਆਪ ਜੀ ਦੇ ਜੀਵਨ ਤੇ ਜਦੋਂ ਅਸੀਂ ਝਾਕੀ ਮਾਰਦੇ ਹਾਂ ਤਾਂ ਹੈਰਾਨ ਹੋ ਜਾਈਦਾ ਹੈ ਕਿ ਬੜੀ ਵਾਹਿਗੁਰੂ ਜੀ ਦੀ ਮਿਹਰ ਸੀ ਕਿ ਸੰਸਾਰ ਦੇ ਉਧਾਰ ਵਾਸਤੇ ਧੁਰ ਤੋਂ ਹੀ ਭੇਜੇ ਗਏ ਸੀ। ਚਾਰ ਅਗਸਤ 1905 ਨੂੰ ਆਲੋਵਾਲ ਪਿੰਡ ਵਿਚ ਆਪ ਜੀ ਪ੍ਰਕਾਸ਼ ਹੋਇਆ। ਬਚਪਨ ਤੋਂ ਹੀ ਆਪ ਦਾ ਸਾਧੂਆਂ ਨਾਲ ਪਿਆਰ ਸੀ, ਚਾਰ ਸਾਲ ਦੇ ਸੀ ਜਿਸ ਵਕਤ ਮਾਤਾ ਬੀਰਮਦਾਸ ਇਕ ਸੰਤ ਹੋਏ ਨੇ, ਰਾਜਪੁਰੇ ਦੇ ਕੋਲ ਜਿਹੜੇ ਪੁਰਾਣੇ ਲੋਕ ਰਹਿੰਦੇ ਨੇ, ਸਰਹੰਦ ਕੋਲ ਉਹ ਜਾਣਦੇ ਨੇ। ਬਿਦੋਸ਼ੀ ਦੇ ਰਹਿਣ ਵਾਲੇ ਸੀ, ਉਹ ਨੇੜੇ ਨਹੀਂ ਸੀ ਕਿਸੇ ਨੂੰ ਆਉਣ ਦਿੰਦੇ, ਲੋਕ ਗਰਜਾਂ ਵਾਲੇ ਬਹੁਤੇ ਜਾਂਦੇ ਸੀ। ਸਾਧੂਆਂ ਕੋਲੋਂ ਸਾਧੂਆਂ ਵਾਲਾ ਕੰਮ ਨਹੀਂ ਲੈਂਦੇ ਹੋਰ ਹੀ ਕੰਮ ਪਾ ਲੈਂਦੇ ਨੇ ਸੰਤਾਂ ਨੂੰ।

ਮੇਰੇ ਕੋਲ ਵੀ ਆਉਂਦੇ ਨੇ ਜੀ ਪੁੱਤਰ ਨਹੀਂ ਹੋਇਆ। ਅਸੀਂ ਕਹਿੰਦੇ ਹਾਂ ਕਿ ਜੋ ਤੇਰੇ ਭਾਗ ਵਿਚ ਹੈ ਉਹ ਹੈਗਾ। ਲੜਕੇ ਵੀ ਓਹੋ ਜਿਹੇ ਨੇ ਤੇ ਲੜਕੀਆਂ ਵੀ ਓਹੋ ਜਿਹੀਆਂ ਨੇ। ਸੰਤਾਂ ਨੂੰ ਐਸ ਤਰ੍ਹਾਂ ਤੰਗ ਕਰਦੇ ਸੀ, ਸੰਤਾਂ ਨੇ ਡੰਡਾ ਫੜ ਲਿਆ, ਜਦੋਂ ਕਿਸੇ ਨੇ ਆਉਣਾ ਨੱਠ ਕੇ ਮਗਰ ਪੈ ਜਾਣਾ ਜਾਂ ਇੱਟਾਂ ਰੱਖ ਲੈਣੀਆਂ ਸਵੇਰੇ ਹੀ, ਜਦੋਂ ਕਿਸੇ ਨੇ ਆਉਣਾ ਇੱਟਾਂ ਹੀ ਮਾਰਨੀਆਂ, ਉਨ੍ਹਾਂ ਤੋਂ ਸੱਟੇ ਦਾ ਨੰਬਰ ਪੁੱਛਣ ਜਾਂਦੇ ਹੁੰਦੇ ਸੀ ਬਾਣੀਏ।

ਮਹਾਰਾਜ ਪਟਿਆਲੇ ਨੂੰ ਕਿਸੇ ਨੇ ਦੱਸ ਦਿਤਾ ਭੁਪਿੰਦਰ ਸਿੰਘ ਨੂੰ। ਇਹ ਵੀ ਚਲਿਆ ਬਿਦੋਸ਼ੀ ਤੇ ਦੂਰ ਹੀ ਕਾਰ ਖੜ੍ਹੀ ਕਰ ਦਿਤੀ। ਉਧਰੋਂ ਉਹ ਡਲ੍ਹਿਆਂ 'ਚ ਬੈਠੇ ਸੀਗੇ, ਛੋਲਿਆਂ ਦੇ ਵਾਹਣ 'ਚ, ਇਸ ਇਲਾਕੇ ਦੇ ਡਲ੍ਹੇ ਬੜੇ ਸਖਤ ਨੇ। ਉਥੇ ਬੈਠੇ ਤਾਂ ਉਨ੍ਹਾਂ ਨੇ ਇਕ ਬਾਂਸ ਮੰਗਾ ਲਿਆ ਕਹਿੰਦੇ ਸੋਟੀ ਤਾਂ ਛੋਟੀ ਹੈ, ਭਾਈ ਇਕ ਬਾਂਸ ਲਿਆਓ। ਮਹਾਰਾਜ ਪਟਿਆਲਾ ਪੈਦਲ ਕਦੇ ਡਲ੍ਹਿਆਂ ਦੇ ਉਤੇ ਤੁਰਿਆ ਨਾ, ਕਦੇ ਟੇਢੀ ਹੋ ਜਾਂਦੀ ਹੈ ਲੱਤ, ਕਦੇ ਕਿਵੇਂ-ਕਦੇ ਕਿਵੇਂ, ਮਸਾਂ ਉਥੇ ਪਹੁੰਚਿਆ। ਕਹਿਣ ਲੱਗਿਆ ਮਹਾਰਾਜ! ਉਹ ਸਾਧੂ ਬੇਪਰਵਾਹ ਹੈ, ਉਹਨੇ ਡਲ੍ਹੇ ਮਾਰਨੇ ਨੇ, ਜੇ ਤਾਂ ਤੁਸੀਂ ਸਹਿ ਗਏ ਤਾਂ ਤੁਹਾਨੂੰ ਸਭ ਕੁਛ ਮਿਲ ਜਾਏਗਾ। ਜੇ ਨਾ ਸਹੇ ਤਾਂ ਫੇਰ ਕੁਛ ਵੀ ਨਹੀਂ ਮਿਲਣਾ। ਤੁਸੀਂ ਹੋਂ ਰਾਜੇ, ਰਾਜਿਆਂ ਦਾ ਬਹੁਤ ਵੱਡਾ ਅਖਤਿਆਰ ਹੁੰਦਾ ਸੀ, ਹਉਮੈ ਦੀ ਸਿਖਰ ਤੇ ਪਹੁੰਚੇ ਹੁੰਦੇ ਸੀ। ਜਦੋਂ ਇਸ ਨੇ ਜਾ ਕੇ ਨਮਸਕਾਰ ਕਰੀ ਉਨ੍ਹਾਂ ਨੇ ਬਾਂਸ ਲੈ ਲਿਆ, 13 ਬਾਂਸ ਮਾਰੇ ਇਹਦੀ ਪਿੱਠ ਤੇ, ਉਵੇਂ ਜਿਵੇਂ ਪਿਆ ਰਿਹਾ, ਗਾਲ੍ਹ ਕੱਢੀ ਕਹਿੰਦੇ ਓਏ ਤੂੰ ਰੱਜਦਾ ਹੀ ਨਹੀਂ ਪੁੱਤਰਾਂ ਨਾਲ ਅਜੇ, ਉਠ ਖੜ੍ਹਾ ਹੋ। ਪੁੱਤਰ ਦੀ ਦਾਤ ਲੈਣ ਗਿਆ ਸੀ, ਜਿੰਨੇ ਡੰਡੇ ਮਾਰੇ ਓਨੇ ਹੀ ਪੁੱਤਰ ਬਖਸ਼ ਦਿਤੇ ਉਨ੍ਹਾਂ ਨੇ।

ਸੋ ਐਸੇ ਹੀ ਮਹਾਂਪੁਰਸ਼ ਸੀ, ਮਾਂ-ਬਾਪ ਜਦੋਂ ਮਹਾਰਾਜ ਜੀ ਨੂੰ ਲੈ ਕੇ ਉਨ੍ਹਾਂ ਦੇ ਕੋਲ ਜਾਂਦੇ ਨੇ ਤਾਂ ਇਨ੍ਹਾਂ ਦੇ ਛੋਟਾ ਕਛਹਿਰਾ ਪਾਇਆ ਹੋਇਆ ਸੀ ਤੇ ਅੱਧੀਆਂ ਬਾਹਾਂ ਦਾ ਬੁਨੈਣ ਵਰਗਾ ਕੁੜਤਾ ਸੀ ਤੇ ਇਹਦੇ ਵਿਚ ਐਨੇ ਸੁੰਦਰ ਲਗਦੇ ਸੀ ਕਿ ਮਾਂ-ਬਾਪ ਨੂੰ ਕਾਲਸ ਦਾ ਇਕ ਟਿੱਕਾ ਲਾਉਣਾ ਪੈਂਦਾ ਸੀ ਕਿ ਨਿਗ੍ਹਾ ਕਿਤੇ ਬੁਰੀ ਨਾ ਫੈਲ ਜਾਵੇ ਕਿਸੇ ਦੀ, ਟਿੱਕਾ ਰੋਕ ਲਵੇ, ਪਾੜ ਦੇਵੇ ਉਨ੍ਹਾਂ ਦੀ ਨਿਗ੍ਹਾ। ਉਥੇ ਜਦੋਂ ਬੈਠੇ ਜਿਵੇਂ ਉਹ ਬੈਠਦੇ ਹੁੰਦੇ ਪੈਰਾਂ ਭਾਰ, ਉਨ੍ਹਾਂ ਦੇ ਬਰਾਬਰ ਜਾ ਕੇ ਉਵੇਂ ਜਿਵੇਂ ਬਹਿ ਗਏ, ਚਾਰ ਸਾਲ ਦੀ ਉਮਰ 'ਚ। ਮਾਂ-ਬਾਪ ਡਰ ਗਏ ਕਿ ਸੰਤ ਗੁੱਸੇ ਹੋ ਜਾਣਗੇ ਕਿ ਮੇਰੇ ਬਰਾਬਰ ਆ ਕੇ ਬੱਚਾ ਬੈਠ ਗਿਆ। ਉਨ੍ਹਾਂ ਨੇ

ਨੰਬਰਦਾਰ ਦਾ ਚਿਹਰਾ ਵੀ ਦੇਖਿਆ। ਕਹਿੰਦੇ ਨੰਬਰਦਾਰਾ ਘਬਰਾਇਆ ਕਿਉਂ ਹੈਂ? ਕਹਿੰਦਾ ਬਾਬਾ ਜੀ! ਤੁਹਾਡਾ ਪੁੱਤਰ ਤੁਹਾਡੇ ਵਾਂਗੂੰ ਤੁਹਾਡੇ ਬਰਾਬਰ ਆ ਕੇ ਬੈਠ ਗਿਆ। ਜਿਵੇਂ ਤੁਸੀਂ ਬੈਠੇ ਹੋ। ਕਹਿੰਦੇ ਮੇਰੇ ਵਾਂਗੂੰ, ਮੇਰੇ ਤੋਂ ਤਾਂ ਇਹ ਬੇਅੰਤ ਵੱਡਾ ਹੋਣਾ ਹੈ। ਇਹਦੇ ਦਰ ਤੇ ਰਾਜੇ ਆ ਕੇ ਖੜ੍ਹਿਆ ਕਰਨਗੇ, ਆ ਕੇ ਸਮਾਂ ਮੰਗਿਆ ਕਰਨਗੇ। ਦੁਨੀਆਂ ਲਾਈਨਾਂ ਲਾਇਆ ਕਰੇਗੀ ਦਰਸ਼ਨਾਂ ਵਾਸਤੇ। ਇਹ ਕੋਈ ਐਵੇਂ ਹੀ ਰੂਹ ਨਹੀਂ, ਇਹਨੇ ਮੈਨੂੰ ਦੱਸ ਦਿਤਾ ਕਿ ਅਸੀਂ ਵੀ ਆ ਗਏ ਹਾਂ।

ਸੋ ਇਸ ਤਰ੍ਹਾਂ ਬਚਪਨ ਦੇ ਉਨ੍ਹਾਂ ਦੇ ਜਿਹੜੇ ਕੌਤਕ ਸੀ, ਕਿਤੇ-ਕਿਤੇ ਮਹਾਰਾਜ ਜੀ ਆਪੇ ਵੀ ਦੱਸ ਦਿੰਦੇ ਸੀ ਤੇ ਦੋ ਤਿੰਨ ਸਾਧੂ ਸੀਗੇ ਉਥੇ ਜਿਨ੍ਹਾਂ ਕੋਲ ਆਪ ਬਹੁਤ ਜਾਇਆ ਕਰਦੇ ਸੀ। ਛੇਵੀਂ ਜਮਾਤ ਵਿਚ ਆ ਕੇ ਆਪ ਪਟਿਆਲੇ ਦਾਖਲ ਹੋ ਗਏ, ਉਥੇ ਇਕ ਮਹਾਤਮਾ ਟੀ.ਐਲ ਵਿਸਬਾਨੀ ਸਿੰਧ ਦੇ ਰਹਿਣ ਵਾਲਾ, ਉਹ ਬੱਚਿਆਂ ਨੂੰ ਕਦੇ-ਕਦੇ ਆ ਕੇ ਪੜ੍ਹਾਇਆ ਕਰਦਾ ਸੀ, ਪ੍ਰੋਫੈਸਰ ਸੀ। ਸੀਗਾ ਮਹਾਤਮਾ। ਉਸਨੇ ਇਕ ਦਿਨ ਜ਼ਿਕਰ ਕਰਿਆ ਕਿ ਜਿਹਦੇ ਜਪੁਜੀ ਸਾਹਿਬ ਯਾਦ ਹੋਵੇ, ਉਹ ਸੰਤ ਬਣ ਜਾਂਦਾ ਹੈ। ਉਹਨੇ ਸਹਿਜ-ਸੁਭਾਅ ਗੱਲ ਕਰੀ। ਤੀਸਰੇ ਦਿਨ ਹੀ ਮਹਾਰਾਜ ਜੀ ਨੇ ਜਪੁਜੀ ਸਾਹਿਬ ਉਹਨੂੰ ਸੁਣਾ ਦਿਤਾ।

ਇਕ ਦਿਨ ਬਚਨ ਛੇੜ ਲਏ ਮੈਂ ਕਿਹਾ ਮਹਾਰਾਜ ਜੀ! ਜਦੋਂ ਲਗਨ ਲੱਗੀ ਪਹਿਲਾਂ-ਪਹਿਲਾਂ ਤਾਂ ਕਿਸ ਤਰ੍ਹਾਂ ਸੀ? ਮਹਾਰਾਜ ਕਹਿਣ ਲੱਗੇ ਕਿ ਅਸੀਂ ਸੰਤਾਂ ਦੇ ਕੋਲ ਜਾਇਆ ਕਰਦੇ ਸੀ ਤੇ ਪਟਿਆਲੇ ਆਪਣੇ ਭਰਾ ਦਲੀਪ ਸਿੰਘ ਦੇ ਘਰ ਰਿਹਾ ਕਰਦੇ ਸੀ। ਉਥੇ ਸੰਤਾਂ ਦੇ ਕੋਲ, ਉਹ ਵੀ ਸੰਤ ਸੇਵਾ ਸੀ ਅਸੀਂ ਵੀ ਚਲੇ ਜਾਇਆ ਕਰਦੇ ਸੀ। ਉਥੇ ਇਕ ਸੰਤ ਸੋਹਨਦਾਸ ਸੁਧਾਸਰ ਦੇ ਨੇੜੇ ਰਹਿੰਦੇ ਸੀ, ਬਾਬਾ ਧਿਆਨਾ ਵੀ ਉਥੇ ਹੁੰਦਾ ਹੋਰ ਵੀ ਬੜੇ ਮਹਾਂਪੁਰਸ਼ਾਂ ਦਾ ਆਪ ਨੇ ਨਾਉਂ ਲੈਣਾ।

ਕਹਿਣ ਲੱਗੇ, ਜਦੋਂ ਟੀ.ਐਲ ਬਿਸਵਾਨੀ ਨੇ ਸਾਨੂੰ ਕਿਹਾ ਜਪੁਜੀ ਸਾਹਿਬ ਅਸੀਂ ਯਾਦ ਕਰ ਲਈ, ਥੋੜ੍ਹੇ ਦਿਨਾਂ 'ਚ ਅਸੀਂ ਸੁਖਮਨੀ ਸਾਹਿਬ ਯਾਦ ਕਰ ਲਿਆ। ਖਿਡਾਰੀ ਸੀਗੇ ਅਵਲ ਦਰਜੇ ਦੇ। ਤਿੰਨ ਚਾਰ ਚੀਜ਼ਾਂ ਖੇਡਦੇ ਸੀ, ਕ੍ਰਿਕਟ ਖੇਡਦੇ, ਹਾਕੀ ਖੇਡਦੇ ਸੀ, ਫੁਟਬਾਲ ਖੇਡਦੇ ਸੀ, ਚੁਸਤ ਸਰੀਰ ਸੀ ਆਪ ਦਾ, ਲੇਕਿਨ ਗੰਭੀਰ ਰਹਿੰਦੇ ਸੀ ਹਰਵਕਤ। ਤੇ ਇਕ ਦਿਨ ਮੈਨੂੰ ਦੱਸਣ ਲੱਗੇ ਕਿ ਜਦੋਂ ਅਠਵੀਂ ਜਮਾਤ ਵਿਚ ਜਦੋਂ ਸੀਗੇ, ਸੁਧਾਸਰ ਤੇ ਜਾਇਆ ਕਰਦੇ ਸੀ ਤੇ ਸਾਡੀ ਸ਼ਿਕਾਇਤ ਕਰ ਦਿਤੀ ਭੂਆ ਨੇ ਦਲੀਪ ਸਿੰਘ ਨੂੰ, ਸਾਡੇ ਭਰਾ ਨੂੰ, ਕਿ ਆਹ ਮੁੰਡੇ ਨੇ ਕਿਤੇ ਪੜ੍ਹਨਾ ਹੈ, ਇਹ ਤਾਂ ਦੋ ਵਜੇ ਤੋਂ ਬਾਅਦ ਮੰਜੇ ਤੇ ਨਜ਼ਰ ਨਹੀਂ ਆਉਂਦਾ, ਉਸ ਵੇਲੇ ਸਾਢੇ ਤੇਰ੍ਹਾਂ ਸਾਲ ਦੀ ਆਪ ਦੀ ਉਮਰ ਸੀ। ਕਹਿੰਦੇ ਪਲੰਘ ਤੇ ਨਜ਼ਰ ਨਹੀਂ ਆਉਂਦਾ, ਪਤਾ ਨਹੀਂ ਦਲੀਪ ਸਿੰਆਂ! ਇਹ ਕਿੱਥੇ ਚਲਿਆ ਜਾਂਦਾ ਹੈ, ਸਾਰੀ ਕੋਠੀ ਟੋਲ੍ਹ ਲੈਂਦੇ ਹਾਂ ਕਿਤੇ ਨਜ਼ਰ ਨਹੀਂ ਆਉਂਦਾ। ਪਹਿਰੇਦਾਰਾਂ ਨੂੰ ਪੁਛਿਆ ਕਿ ਦਰਵਾਜ਼ਾ ਖੋਲ੍ਹਦੇ ਹੁੰਦੇ ਓਂ। ਕਹਿੰਦੇ ਹਾਂ ਜੀ, ਦੋ ਵਜੇ ਖੁਲਾਉਂਦਾ ਹੁੰਦੈ। ਕਿੱਥੇ ਜਾਂਦਾ ਹੈ, ਸਾਨੂੰ ਕੋਈ ਪਤਾ ਨਹੀਂ।

ਉਹ ਵੀ ਭਜਨ ਬੰਦਗੀ ਕਰਨ ਵਾਲੇ ਸੀ। ਮਹਾਰਾਜ ਜੀ ਦਸਦੇ ਹੁੰਦੇ ਕਿ ਅਸੀਂ ਉਥੇ ਜਾ ਕੇ ਬੈਠ ਜਾਣਾ, ਸਾਢੇ 13 ਸਾਲ ਉਮਰ, ਪੰਜ ਸੁਖਮਨੀ ਸਾਹਿਬ ਦੇ ਪਾਠ ਸੁਰਤੀ ਨਾਲ ਕਰਨੇ। ਪਹਿਲਾਂ ਸਿਮਰਨ ਕਰਨਾ, ਫੇਰ ਸੁਖਮਨੀ ਸਾਹਿਬ ਦੇ ਪਾਠ ਕਰਨੇ। ਮੈਂ ਕਿਹਾ ਮਹਾਰਾਜ! ਕਿੰਨਾ ਕੁ ਸਮਾਂ ਲਗ ਜਾਂਦਾ ਸੀ?

ਕਹਿੰਦੇ ਆਹੀ 20-22 ਮਿੰਟ ਲਗਦੇ ਹੁੰਦੇ ਸੀ, ਸੁਰਤ ਨਾਲ ਚਾਰ ਗੁਣਾਂ ਵਧ ਜਾਂਦੀ ਸੁਰਤੀ ਦੀ ਚਾਲ। ਜਿਨ੍ਹਾਂ ਦੀ ਸੁਰਤ ਟਿਕਦੀ ਹੈ ਉਨ੍ਹਾਂ ਨੂੰ ਪਤਾ ਹੈ, ਨਾਲੇ ਤਾਂ ਸਭ ਕੁਛ ਸਮਝ 'ਚ ਆਉਂਦਾ ਹੈ, ਅੱਖਰ-ਅੱਖਰ ਸਮਝ 'ਚ ਆਉਂਦਾ ਹੈ ਪਰ ਬੋਲਦਾ ਕੋਈ ਹੋਰ ਹੈ। ਆਪਾਂ ਸੁਣਨਾ ਹੀ ਸੁਣਨਾ ਹੈ। ਸਪੀਡ ਨਾਲ ਚਲਦੀ ਹੈ। ਕਹਿੰਦੇ ਪੰਜ ਪਾਠ ਹੋ ਜਾਂਦੇ ਸੀ ਇਕ ਘੰਟੇ 'ਚ। ਜਦੋਂ ਸਿਮਰਨ ਕਰਨਾ, ਇਸ ਤਰ੍ਹਾਂ ਲਗਣਾ ਜਿਵੇਂ ਪਾਣੀ ਦੇ ਉਤੇ ਫੁੱਲਾਂ ਦੀ ਸੇਜਾ ਬਣਦੀ ਹੈ ਤੇ ਬ੍ਰਹਮਾ ਬੈਠਾ ਹੁੰਦਾ ਹੈ ਨਾ ਫੁੱਲ ਦੇ ਉਤੇ, ਐਸ ਤਰ੍ਹਾਂ ਆਸਣ ਲਗ ਜਾਣਾ, ਸਰੀਰ ਸਾਰਾ ਹੀ ਫੁੱਲ ਵਰਗਾ ਹੌਲਾ ਹੋ ਜਾਣਾ। ਇਸ ਤਰ੍ਹਾਂ ਰੋਜ਼ ਦਾ ਹੀ ਨੇਮ ਸੀਗਾ, ਭਜਨ ਤੋਂ ਬਗੈਰ ਪੰਜ ਘੰਟੇ ਅਸੀਂ ਉਥੇ ਬੈਠਦੇ ਸੀ, ਸੱਤ ਵਜੇ ਵਾਪਸ ਆਉਂਦੇ ਸੀ।

ਸਾਢੇ 13 ਸਾਲ ਦਾ ਲੜਕਾ ਹੁਣ ਵਿਚਾਰ ਲਵੇ ਕਿ ਸਾਢੇ ਪੰਜ ਘੰਟੇ ਭਜਨ ਬੰਦਗੀ 'ਚ ਬੈਠੇਗਾ, ਹੁਣ ਤਾਂ ਸਿਰ ਫੜ ਲੈਂਦੇ ਨੇ। ਜੇ ਮੈਂ ਕਹਿ ਦੇਵਾਂ ਨਾ ਕਿ ਐਨੇ ਪਾਠ ਕਰ ਲੈ, ਤੀਜੇ ਦਿਨ ਮੇਰੇ ਕੋਲ ਆ ਜਾਂਦੇ ਨੇ।

ਮੈਂ ਕਹਿੰਦਾ, ਕੀ ਹੋ ਗਿਆ?

ਕਹਿੰਦੇ ਨੇ ਜੀ, ਮੇਰਾ ਤਾਂ ਸਿਰ ਉਡੀ ਜਾਂਦਾ ਹੈ, ਪਤਾ ਨਹੀਂ ਕੀ ਹੋ ਗਿਆ ਕਿਉਂਕਿ ਤਾਕਤ ਨਹੀਂ ਰੱਖਦੇ, ਵਿਚਾਰ ਨਹੀਂ ਹੈ, ਦ੍ਰਿੜ੍ਹਤਾ ਨਹੀਂ ਅੰਦਰ।

**ਸੀਨੇ ਖਿਚ ਜਿਨਾਂ ਨੇ ਖਾਧੀ**
**ਓਹ ਕਰ ਅਰਮ ਨਾ ਬਹਿੰਦੇ।**
**ਨਿਹੁੰ ਵਾਲੇ ਨੈਣਾ ਕੀ ਨੀਂਦਰ**
**ਓਹ ਦਿਨੇ ਰਾਤ ਪਏ ਬਹਿੰਦੇ।**
**ਏਕੋ ਲਗਨ ਲਗੀ ਲੈ ਜਾਂਦੀ**
**ਟੋਰ ਅਨੰਤ ਜਿਨਾਂ ਦੀ।**
**ਵਸਲੋਂ ਓਰੇ ਮਕਾਮ ਨਾ ਕੋਈ**
**ਟੋਰ ਪਏ ਨਿਤ ਰਹਿੰਦੇ।**

ਓਸ ਵੇਲੇ ਤੱਕ ਆਪ ਭਜਨ ਕਰਦੇ ਸੀ। ਲੇਕਿਨ ਕੋਈ ਮਹਾਂਪੁਰਸ਼ ਨਹੀਂ ਸੀ ਮਿਲਿਆ, ਨਾ ਅਜੇ ਅੰਮ੍ਰਿਤ ਛਕਿਆ ਸੀ। ਸਾਧੂ ਮਿਲਦੇ ਸੀ, ਉਨ੍ਹਾਂ ਦੇ ਉਤੇ ਦਿਲ ਦਾ ਸੌਦਾ ਨਹੀਂ ਸੀ ਹੁੰਦਾ, ਸਤਿਕਾਰ ਪੂਰਾ ਕਰਦੇ ਸੀ ਪਰ ਐਹੋ ਜਿਹਾ ਨਹੀਂ ਸੀ ਕੋਈ ਮਿਲਿਆ ਜਿਹਦੇ ਅੱਗੇ ਆਪਾ ਵੇਚ ਦੇਣ।

ਦਸਵੀਂ ਜਮਾਤ 'ਚ ਜਦੋਂ ਹੋਏ ਓਸ ਵੇਲੇ ਬਾਬਾ ਹੀਰਾ ਸਿੰਘ ਦੇ ਨਾਲ, ਗੱਡੀ ਆਉਂਦੀ ਨਹੀਂ ਸੀ ਹੁੰਦੀ ਸਿੱਧੀ,

ਧੂਰੀ ਵਲ ਦੀ ਹੋ ਕੇ ਲੁਧਿਆਣੇ ਵਲ ਦੀ ਹੋ ਕੇ, ਆਪ ਸਾਹਨੇਵਾਲ ਉਤਰੇ, ਉਥੋਂ ਪੈਦਲ ਚੱਲ ਕੇ ਰੇਰੂ ਸਾਹਿਬ ਪਹੁੰਚਦੇ ਨੇ। ਰੇਰੂ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਕੋਲ ਗਏ ਤਾਂ ਉਨ੍ਹਾਂ ਨੇ ਇਕੋ ਨਦਰ ਨਾਲ ਦੇਖ ਲਿਆ, ਇਕੋ ਹੀ ਨਿਗ੍ਹਾ ਮਾਰੀ ਹੈ। ਇਨ੍ਹਾਂ ਦੀ ਨਿਗ੍ਹਾ ਉਨ੍ਹਾਂ ਨਾਲ ਰਲ ਗਈ, ਉਨ੍ਹਾਂ ਦੀ ਇਨ੍ਹਾਂ ਨਾਲ ਰਲ ਗਈ। ਇਨ੍ਹਾਂ ਨੂੰ ਵੀ ਪਤਾ ਲਗ ਗਿਆ, ਮਹਾਰਾਜ ਜੀ ਕਹਿੰਦੇ ਸਾਨੂੰ ਐਉਂ ਹੋ ਗਿਆ ਜਿਥੇ ਆਉਣਾ ਸੀ ਆ ਗਏ। ਹੁਣ ਇਸ ਤੋਂ ਅੱਗੇ ਤਾਂ ਕੋਈ ਥਾਉਂ ਨਹੀਂ ਹੈ, ਉਨ੍ਹਾਂ ਨੂੰ ਵੀ ਪਤਾ ਲਗ ਗਿਆ ਕਿ ਜਿਹਨੇ ਆਉਣਾ ਸੀ ਆ ਗਿਆ ਹੁਣ ਤੇ ਸਾਨੂੰ ਐਉਂ ਲੱਗਿਆ ਜਿਵੇਂ ਇਨ੍ਹਾਂ ਨੂੰ ਅਸੀਂ ਮੁਦਤਾਂ ਦੇ ਜਾਣਦੇ ਹੁੰਦੇ ਹਾਂ। ਕਿਉਂਕਿ ਇਕ ਜਨਮ ਦਾ ਸਾਧੂਆਂ ਨਾਲ ਸਬੰਧ ਨਹੀਂ ਹੋਇਆ ਕਰਦਾ। ਜਨਮ-ਜਨਮ ਸਾਧੂਆਂ ਨਾਲ ਸਬੰਧ ਪੈਂਦਾ ਹੈ, ਉਹ ਫੇਰ ਸਾਂਭ ਲੈਂਦੇ ਨੇ ਆ ਕੇ। ਜਿਨ੍ਹਾਂ ਨੂੰ ਪਿਛਲੇ ਜਨਮ ਛੱਡ ਕੇ ਗਏ ਹੁੰਦੇ ਨੇ, ਉਨ੍ਹਾਂ ਨੂੰ ਟੋਲ੍ਹ ਲੈਂਦੇ ਨੇ, ਅਨੇਕਾਂ ਕੌਤਕਾਂ ਨਾਲ ਟੋਲ੍ਹ ਲੈਂਦੇ ਨੇ। ਕੋਇਲ ਦਾ ਬੱਚਾ ਜਦੋਂ ਕਾਵਾਂ ਦੇ ਆਲ੍ਹਣੇ 'ਚ ਪਲ ਕੇ ਜਦੋਂ ਕੋਇਲ ਦੀ ਆਵਾਜ਼ ਸੁਣਦਾ ਹੈ, ਉਥੇ ਹੀ ਉਡਾਰੀ ਮਾਰ ਕੇ ਆ ਜਾਂਦਾ ਹੈ ਫੇਰ ਨਹੀਂ ਜਾਂਦਾ। ਇਵੇਂ ਜਿਵੇਂ ਸਾਧੂ ਜਿਹੜੇ ਹੁੰਦੇ ਨੇ, ਜੰਮਦੇ ਮਾਂ-ਬਾਪ ਦੇ ਹੀ ਨੇ, ਗ੍ਰਿਹਸਤੀਆਂ ਦੇ ਹੀ ਜੰਮਦੇ ਨੇ, ਲੇਕਿਨ ਜਦੋਂ ਸਾਧੂ ਆ ਜਾਂਦਾ ਹੈ, ਆਵਾਜ਼ ਮਾਰਦਾ ਹੈ, ਉਸ ਵੇਲੇ ਸਭ ਕੁਛ ਛੱਡ ਛਡਾ ਕੇ ਉਥੇ ਹੀ ਆ ਜਾਂਦੇ ਨੇ, ਜਿਥੇ ਆਉਣਾ ਸੀ ਉਨ੍ਹਾਂ ਨੇ। ਇਹ ਪਿਛਲੇ ਸੰਜੋਗ ਹੋਇਆ ਕਰਦੇ ਨੇ, ਉਹ ਸੰਜੋਗ ਖਿੱਚ ਲੈਂਦੇ ਨੇ। ਸੋ ਉਸ ਵੇਲੇ ਮਹਾਂਪੁਰਸ਼ਾਂ ਨੇ ਅੰਮ੍ਰਿਤ ਛਕਾਇਆ ਤੇ ਨਾਲ ਨਾਮ ਦੀ ਦਾਤ ਦਿਤੀ। ਵਾਹਿਗੁਰੂ ਕਹਿਣਾ ਕੀ ਸੀ।

ਸਾਨੂੰ ਵੀ ਪੰਜ ਪਿਆਰੇ ਨਾਮ ਦਿੰਦੇ ਨੇ, ਅਸੀਂ ਪੂਰੇ ਭਾਂਡੇ ਨਹੀਂ ਹੁੰਦੇ, ਤਿਆਰ ਨਹੀਂ ਹੁੰਦੇ, ਉਹ ਲਗਨ ਨਹੀਂ ਹੁੰਦੀ ਜਿਹੜੀ ਲਗਨ ਮਹਾਂਪੁਰਸ਼ਾਂ ਨੂੰ ਹੁੰਦੀ ਹੈ, ਜਿਹੜਾ ਖੋਜਦਾ ਫਿਰਦਾ ਹੈ ਅੰਮ੍ਰਿਤ ਕਿ ਮੈਨੂੰ ਅੰਮ੍ਰਿਤ ਮਿਲ ਜਾਵੇ। ਜੇ ਕਿਤੇ ਉਸ ਨੂੰ ਅੰਮ੍ਰਿਤ ਮਿਲ ਜਾਵੇ, ਉਥੇ ਅੰਮ੍ਰਿਤ ਅਸਰ ਕਰਦਾ ਹੈ, ਜੇ ਐਵੇਂ ਹੀ ਧੱਕੋ-ਧੱਕੀ ਕਰੋ ਕਿ ਅੱਜ ਅੰਮ੍ਰਿਤ ਛਕਾਉਣਾ ਹੈ ਜੀ, ਤੂੰ ਛੱਕ ਲੈ ਫਲਾਣਿਆਂ, ਤੂੰ ਵੀ ਛਕ ਆ ਜਾ। ਭੇਡਾਂ ਤੇ ਰੰਗ ਪਾਉਣੈ? ਜਗਿਆਸੂ ਤਾਂ ਹੈ ਨਹੀਂ ਇਹ। ਪਹਿਲਾਂ ਤਿਆਰ ਹੋਵੋ, ਬਹੁਤ ਵੱਡੀ ਦਾਤ ਲੈਣ ਵਾਸਤੇ ਮਨ ਨੂੰ ਤਿਆਰ ਕਰੋ। ਕਿਉਂਕਿ ਏਸ ਅੰਮ੍ਰਿਤ ਨੇ, ਪੰਜਾਂ ਪਿਆਰਿਆਂ ਵਾਲੇ ਨੇ ਅੰਦਰੋਂ ਅੰਮ੍ਰਿਤ ਪ੍ਰਗਟ ਕਰ ਦੇਣਾ ਹੈ।

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ ॥***

***ਅੰਗ - ੬੪੪***

ਉਹ ਅੰਮ੍ਰਿਤ ਕਿਹੜਾ ਹੈ?

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***

***ਅੰਗ - ੨੯੩***

ਆਹ ਦੇਹ ਦੇ ਵਿਚ ਨਾਮ ਦਾ ਵਾਸਾ ਹੈ, ਉਹ ਪੰਜ ਪਿਆਰਿਆਂ ਨੇ ਨਾਮ ਸ਼ਬਦ ਦੇ ਕੇ ਅੰਮ੍ਰਿਤ ਛਕਾ ਕੇ, ਓਸ ਨਾਮ ਦੇ ਨਾਲ ਸੰਪਰਕ ਕਰ ਦੇਣਾ ਹੈ। ਓਸ ਉੱਭਲ ਨਾਲ ਅਸੀਂ ਜਾ ਜੁੜਨਾ ਹੈ ਜਿਹਨੇ ਕਦੇ ਨਿਖੁਟਣਾ ਨਹੀਂ ਹੈ, ਕਦੇ ਮੁਕਣਾ ਨਹੀਂ ਹੈ, ਐਡੀ ਵੱਡੀ ਦਾਤ ਪ੍ਰਾਪਤ ਕਰਕੇ ਮੁੜ ਕੇ ਮੌਤ ਨਹੀਂ ਆਉਣੀ।

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ ॥***
***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥***

***ਅੰਗ - ੫੩੮***

ਜਿਸ ਵਕਤ ਮਹਾਂਪੁਰਸ਼ਾਂ ਨੇ ਬਾਬਾ ਅੱਤਰ ਸਿੰਘ ਜੀ ਨੇ ਰੁੱਖ ਕੀਤਾ ਪੂਰਾ, ਨੇਤਰਾਂ 'ਚ ਨੇਤਰ ਰਲਾਏ, ਪੰਜ ਚੂਲੇ ਪਾਏ ਸੀਸ ਵਿਚ, ਪੰਜ ਪਿਲਾਏ ਤੇ ਨੇਤਰਾਂ ਦੇ ਵਿਚ ਨੇਤਰ ਰਲਾ ਕੇ ਜਿਸ ਵਕਤ ਛਿੱਟਾ ਮਾਰਿਆ, ਕਿਹਾ ਪੰਜ ਵਾਰੀ ਬੋਲ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਕੀ ਫਤਹਿ'। ਜੋ ਹਾਲਤ ਹੋਈ ਉਸ ਵਕਤ ਉਨ੍ਹਾਂ ਦੀ ਉਨ੍ਹੂੰ ਇਕੋ ਹੀ ਸ਼ਬਦ ਦੇ ਵਿਚ ਦੱਸਿਆ ਜਾ ਸਕਦਾ ਹੈ ਪਿਆਰ ਨਾਲ ਪੜ੍ਹੋ -

***ਧਾਰਨਾ - ਗੁਰਾਂ ਨੇ ਮੇਰੇ ਓ ਬਾਣ ਮਾਰਿਆ***
***ਮੇਰੇ ਪੈ ਗਿਆ ਕਲੇਜੇ ਛੇਕ।***
***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥***

***ਅੰਗ - ੧੩੭੪***

ਸਾਰਿਆਂ ਦੀ ਇਹ ਅਵਸਥਾ ਨਹੀਂ ਹੋਇਆ ਕਰਦੀ। ਕਬੀਰ ਨੂੰ ਇਕ ਵਾਰੀ ਕਿਹਾ ਸੀ 'ਉਠ ਰਾਮ ਕੇ ਕਹੁ ਰਾਮ' ਟੋਲ੍ਹਦਾ ਫਿਰਦਾ ਸੀ, ਗੁਰੂ ਬਣਦੇ ਨਹੀਂ ਸੀ ਰਾਮਾਨੰਦ ਜੀ। ਡਰ ਲਗਦਾ ਸੀ ਕੱਟੜਾਂ ਤੋਂ ਇਹ ਕੀ ਕਹਿਣਗੇ ਕਿ ਮੁਸਲਮਾਨ ਨੂੰ ਨਾਮ ਦੇ ਦਿਤਾ। ਪਰੇਸ਼ਾਨ ਸੀ ਕਬੀਰ, ਹਰ ਵਕਤ ਨਾਮ ਜਪਦਾ ਸੀ। ਲੇਕਿਨ ਗੁਰੂ ਨਹੀਂ ਅਜੇ ਜੁੜਿਆ। ਪ੍ਰਮੇਸ਼ਰ ਨਾਲ ਸਬੰਧ ਜੁੜਨ ਵਿਚ ਰੁਕਾਵਟ ਸੀ ਅਜੇ ਬੜੀ ਜ਼ਬਰਦਸਤ। ਦੱਸ ਦਿਤਾ ਕਿਸੇ ਨੇ, ਬੜਾ ਰਹਿਮ ਦਿਲ ਹੈ, ਜਿੱਥੇ ਉਹ ਇਸ਼ਨਾਨ ਕਰਦਾ ਹੈ ਤੂੰ ਉਥੇ ਜਾ ਕੇ ਪੌੜਸਾਲ ਤੇ ਪੈ ਜਾ। ਉਹਦੀ ਪੱਕੀ ਜਗ੍ਹਾ ਹੈ। ਅੰਮ੍ਰਿਤ ਵੇਲੇ ਉਠਦੇ ਨੇ ਰਾਮਾਨੰਦ ਜੀ। ਜਿਸ ਵਕਤ ਜਾਂਦੇ ਨੇ ਗੰਗਾ ਦੇ ਕੰਢੇ, ਉਥੇ ਕਬੀਰ ਸਾਹਿਬ ਪਏ ਨੇ, ਸੁਭਾਵਕ ਹੀ ਕਬੀਰ ਸਾਹਿਬ ਨੂੰ ਉਨ੍ਹਾਂ ਦੀ ਖੜ੍ਹਾਵ ਦਾ ਠੁੱਡਾ ਲੱਗਿਆ ਜ਼ੋਰ ਦਾ। ਉਸੇ ਵੇਲੇ ਹੋਇਆ ਕਿ ਕਿਸੇ ਨੂੰ ਮੇਰਾ ਠੁੱਡਾ ਲੱਗਿਆ, ਹੈ ਬੰਦਾ। ਮੋਢੇ ਤੋਂ ਫੜ ਲਿਆ, ਉਠਾਲ ਲਿਆ, ਤਰਸ ਆ ਗਿਆ, ਕਹਿੰਦੇ 'ਉਠ ਰਾਮ ਕੇ ਕਹੁ ਰਾਮ'। ਰਾਮ ਕਹਿਣ ਦੀ ਦੇਰ ਸੀ, ਵਿਸਮਾਦ ਨੂੰ ਵਿਸਮਾਦ ਮਿਲ ਗਿਆ, ਅੰਮ੍ਰਿਤ ਦਾ ਝਰਨਾ ਉਸੇ ਵੇਲੇ ਝਰਨਾ ਸ਼ੁਰੂ ਹੋ ਗਿਆ, ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ।

ਮਨੁੱਖੀ ਮਨ ਹੈ ਸਾਡਾ ਸੋਚਦਾ ਹੈ ਕਿ ਐਉਂ ਵੀ ਹੋ ਸਕਦਾ ਹੈ ਕਦੇ। ਇਸ ਗੱਲ ਦੇ ਸ਼ੰਕੇ ਵਿਚ ਪੈ ਜਾਂਦਾ ਹੈ।

ਬੀਬੀ ਜੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ, ਕਾਰੋਬਾਰੀ ਬੰਦੇ ਸੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲੇ, ਬੜੀ ਕਰਨੀ ਕਮਾਈ ਵਾਲੇ ਮਹਾਂਪੁਰਸ਼ ਹੋਏ ਨੇ, ਆਪ ਲੁਧਿਆਣੇ ਅੰਮ੍ਰਿਤ ਛਕਾ ਰਹੇ ਸੀ ਬੱਚਿਆਂ ਨੂੰ, ਦਸਵੀਂ ਜਮਾਤ ਦੇ ਬੱਚੇ ਸੀ। ਚਾਰ ਪਿਆਰੇ ਤਾਂ ਮਿਲ ਗਏ, ਪੰਜਵਾਂ ਨਾ ਲੱਭੇ, ਉਹ ਵੀ ਅਨੁਭਵੀ ਮਹਾਂਪੁਰਸ਼ ਸੀ ਕਹਿੰਦੇ ਤਿਆਰ ਹੋਵੋ। ਪੰਜਵੇਂ ਨੇ ਆਪੇ ਆ ਜਾਣਾ। ਅਰਦਾਸ ਹੋਣ ਲੱਗ ਗਈ ਕਿ ਮਹਾਰਾਜ ਪੰਜ ਆਪ ਦੇ ਸੇਵਕ ਆਪ ਦੇ ਦਰ ਤੇ ਖੜ੍ਹੇ ਯਾਚਨਾ ਕਰਦੇ ਨੇ ਕਿ ਆਪ ਜੀ ਦੀ ਕਲਾ ਇਨ੍ਹਾਂ ਵਿਚ ਵਰਤ ਜਾਵੇ। ਜਿੰਨਾਂ ਚਿਰ ਗੁਰੂ ਕਲਾ ਪੰਜ ਪਿਆਰਿਆਂ 'ਚ ਨਹੀਂ ਵਰਤਦੀ ਓਨਾ ਚਿਰ ਅਸਰ ਨਹੀਂ ਹੋਇਆ ਕਰਦਾ। ਪਹਿਲਾਂ ਕਲਾ ਵਰਤਾਈ ਜਾਂਦੀ ਹੈ। ਸ਼ਕਤੀ ਆਉਂਦੀ ਹੈ ਪੰਜ ਪਿਆਰਆਂ 'ਚ, ਗੁਰੂ ਕਿਤੇ ਗਿਆ ਹੋਇਆ ਤਾਂ ਨਹੀਂ ਹੈ। ਪਰ ਆਉਂਦੀ ਉਨ੍ਹਾਂ ਵਿਚ ਹੈ ਜਿਹੜੇ ਗੁਰੂ ਨਾਲ ਜੁੜੇ ਹੁੰਦੇ ਨੇ ਜਿਨ੍ਹਾਂ ਦੇ ਰਸੀਵਰ ਸਹੀ ਹੁੰਦੇ ਨੇ। ਜਿਹੜੇ ਮਾਇਆ ਦੇ ਪਿਆਰੇ ਨੇ, ਵਿਕਾਰਾਂ ਦੇ ਪਿਆਰੇ ਨੇ, ਭੇਖ ਧਾਰੀ ਫਿਰਦੇ ਨੇ ਉਨ੍ਹਾਂ ਨੂੰ ਵਿਚ ਨਹੀਂ ਆਉਂਦੀ। ਆਉਂਦੀ ਤਾਂ ਹੈ ਪਰ ਅੱਗੇ ਕਰੰਟ ਪਾਸ ਨਹੀਂ ਹੁੰਦਾ ਤੇ ਜਦੋਂ ਅਰਦਾਸ ਕੀਤੀ, ਨਮਸਕਾਰ ਕਰਕੇ ਪਿੱਛੇ ਨੂੰ ਮੁੜ ਕੇ ਭਾਈ ਸਾਹਿਬ ਨੇ ਦੇਖਿਆ ਤਾਂ ਬਾਪੂ ਜੀ ਪਿਛਲੇ ਪਾਸੇ ਖੜ੍ਹੇ ਨੇ। ਕਹਿਣ ਲੱਗੇ, ਤੁਸੀਂ? ਕਹਿੰਦੇ, ਤੁਸੀਂ ਯਾਦ ਕਰਿਆ ਸੀ।



ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

ਬਹੁਤ ਗੱਲਾਂ ਹੁੰਦੀਆਂ ਨੇ, ਜੋ ਗੁਪਤ ਹੁੰਦੀਆਂ ਨੇ। ਜਦੋਂ ਬਾਪੂ ਜੀ ਨੇ ਸਰੀਰ ਛੱਡਿਆ, ਲਾਹੌਰ। ਆਹ ਬੱਚਿਆਂ ਨੂੰ ਭੇਜ ਦਿਤਾ ਕਿ ਤੁਹਾਡਾ ਸਾਡਾ ਸਾਥ ਹੋ ਗਿਆ ਖਤਮ, ਹੁਣ ਤੁਸੀਂ ਚੱਲੋ, ਇਕ ਮਹਾਂਪੁਰਸ਼ ਦਾ ਇੰਤਜ਼ਾਰ ਕਰਦੇ ਹਾਂ ਅਸੀਂ, ਬਾਬੇ ਲੋਹਗੜੀਏ ਦਾ। ਲੋਹਗੜ੍ਹ ਨਾਰੰਗਵਾਲ ਦੇ ਕੋਲ ਇਕ ਪਿੰਡ ਹੈ। ਬਾਬਾ ਲੋਹਗੜ੍ਹ ਕਿਸ਼ਨ ਸਿੰਘ ਨਾਮ ਸੀ ਉਨ੍ਹਾਂ ਦਾ, ਧੂਪੀਆ ਵੀ ਕਹਿੰਦੇ ਸੀ ਉਨ੍ਹਾਂ ਨੂੰ।

ਹੈਰਾਨ ਹੁੰਦਾ ਹੈ ਜਦੋਂ ਮਹਾਂਪੁਰਸ਼ਾਂ ਦੀਆਂ ਕਮਾਈਆਂ ਨੂੰ ਅਸੀਂ ਸੋਚਦੇ ਹਾਂ, ਪੜ੍ਹਦੇ ਹਾਂ, ਅੱਖਾਂ ਨਾਲ ਦੇਖੀਆਂ ਹੋਈਆਂ ਦੀ ਗੱਲ ਕਰਦੇ ਹਾਂ। ਸੁਣੀ ਹੋਈ ਗੱਲ ਹੋਰ ਹੁੰਦੀ ਹੈ, ਲਿਖੀ ਹੋਈ ਹੋਰ ਹੁੰਦੀ ਹੈ। ਦੇਖੀ ਹੋਈ ਹੋਰ ਹੁੰਦੀ ਹੈ। ਉਹ ਬੀਬੀ ਜੀ ਦੇ ਪਿੰਡ ਜ਼ਿਆਦਾ ਆਇਆ ਕਰਦੇ ਸੀ, ਬਾਪੂ ਜੀ ਨਾਲ ਉਨ੍ਹਾਂ ਦਾ ਬਹੁਤ ਪਿਆਰ ਸੀ। ਉਨ੍ਹਾਂ ਨੂੰ ਕਹਿ ਦੇਣਾ ਬੀਬੀਆਂ ਨੇ ਬਾਬਾ! ਅਸੀਂ ਅਖੰਡਪਾਠ ਕਰਾਉਣਾ ਹੈ, ਉਨ੍ਹਾਂ ਨੇ ਕਹਿਣਾ ਕਿ ਬੀਬੀ ਹੁਣ ਸਾਡੇ ਕੋਲ ਸਮਾਂ ਨਹੀਂ, ਫਲਾਣੇ ਦਿਨ ਆਵਾਂਗੇ, ਉਨ੍ਹਾਂ ਨੇ ਆਪੇ ਆ ਕੇ ਤਾਂ ਸਫਾਈ ਕਰਨੀ ਤੇ ਮਹਾਰਾਜ ਕਿੱਥੇ ਪ੍ਰਕਾਸ਼ ਕਰਨੇ, ਜਿਹੜੀ ਝਲਿਆਨੀ ਬਣੀ ਹੁੰਦੀ ਰੋਟੀਆਂ ਦੀ, ਉਥੇ ਚੁੱਲਾ ਵਗੈਰਾ ਢਾਹ ਕੇ ਕਹਿਣਾ ਕਿ ਲੈ ਐਥੇ ਤਾਂ ਤੁਸੀਂ ਤੁਰਦੇ ਫਿਰਦੇ ਹੋਵੋਂਗੇ, ਆਹ ਠੀਕ ਹੈ ਸਾਨੂੰ। ਪਾਠੀ ਕੋਈ ਵੀ ਨਹੀਂ ਸੀ ਹੁੰਦਾ ਨਾਲ। ਜਪੁਜੀ ਦੇ ਪਾਠੀ ਹੁੰਦੇ, ਗੁਰੂ ਗ੍ਰੰਥ ਸਾਹਿਬ ਦਾ ਕੋਈ ਨਹੀਂ ਸੀ ਹੁੰਦਾ। ਉਨ੍ਹਾਂ ਦਿਨਾਂ ਵਿਚ ਘਿਉ ਦੀਆਂ ਬੱਤੀਆਂ ਜਲਦੀਆਂ ਹੁੰਦੀਆਂ ਸੀ। ਆਪੇ ਹੀ ਕੱਟ ਲੈਣੀਆਂ ਸਭ ਕੁਛ ਕੋਲ ਰੱਖਿਆ ਹੁੰਦਾ। ਪਾਠ ਕਰਨ ਬੈਠ ਜਾਣਾ, ਪੂਰੇ 48 ਘੰਟੇ ਬਾਅਦ ਭੋਗ ਪਾਉਣਾ ਉਨ੍ਹਾਂ ਨੇ। ਕਿਸੇ ਨੂੰ ਦਿਖਾਵਾ ਨਹੀਂ, ਕੋਈ ਲਾਊਡ ਸਪੀਕਰਾਂ ਤੇ ਅਖਬਾਰਾਂ 'ਚ ਗੱਲ ਨਹੀਂ। ਸਹਿਜ ਦੇ ਵਿਚ ਸੀ ਤੇ 25 ਰੁਪਏ ਭੇਟਾ ਉਨ੍ਹਾਂ ਦਿਨਾਂ ਦੀ ਲੈਣੀ। ਉਹ ਭੇਟਾ ਲੈ ਕੇ ਲੰਗਰ 'ਚ ਜਮ੍ਹਾਂ ਕਰਾ ਦੇਣੀ। ਉਥੇ ਇਕ ਵਹੀ ਲੱਗੀ ਹੋਈ ਹੈ ਉਹਦੇ ਵਿਚ ਲਿਖਿਆ ਹੋਇਆ ਹੈ ਕਿ ਬਾਬਾ ਧੂਫੀਏ ਨੇ, 25000 ਰੁਪਿਆ ਅਖੰਡਪਾਠਾਂ ਦਾ ਜਮ੍ਹਾਂ ਕਰਾਇਆ। ਇਕ ਹਜ਼ਾਰ ਅਖੰਡਪਾਠ ਇਕੱਲੇ ਨੇ ਹੀ ਕਰਿਆ। ਜੇ ਹੁਣ ਕੋਈ ਦੋ ਕਰ ਦੇਵੇ, ਰੌਲਾ ਪੈ ਜਾਂਦਾ ਹੈ। ਅਸੀਂ ਤਾਂ ਦਿਖਾਵਾ ਬਹੁਤ ਕਰਦੇ ਹਾਂ।

ਇਕ ਦਿਨ ਮਹਾਰਾਜ ਜੀ ਨੂੰ ਪੁਛਿਆ ਕਿ ਪਿਛਲੇ ਤੇ ਹੁਣ ਵਾਲੇ ਮਹਾਂਪੁਰਸ਼ਾਂ 'ਚ ਕੀ ਫਰਕ ਹੈ? ਆਪ ਨੇ ਸਹਿਜ

ਸੁਭਾਅ ਬਚਨ ਕੀਤਾ ਕਿ ਉਹ ਤਾਂ ਪਤੀਵਰਤਾ, ਜਿਹੜੇ ਹੁਣ ਵਾਲੇ ਨੇ ਇਹ ਨੇ ਕੰਜਰੀਆਂ। ਸਾਰੇ ਹੈਰਾਨ ਹੋ ਗਏ ਕਿ ਆਹ ਕੀ ਗੱਲ ਕਹਿ ਦਿਤੀ ਮਹਾਰਾਜ ਜੀ ਨੇ। ਕਹਿਣ ਲੱਗੇ, ਜਿਹੜੇ ਪਹਿਲੇ ਮਹਾਂਪੁਰਸ਼ ਸੀ ਉਨ੍ਹਾਂ ਦੀ ਮਣਾਂ ਕਮਾਈ ਹੁੰਦੀ ਇਕ ਰਾਈ ਜਿੰਨਾ ਪਤਾ ਲਗਦਾ ਸੀ। ਜਿਹੜੇ ਹੁਣ ਵਾਲੇ ਨੇ ਰਾਈ ਜਿੰਨੀ ਕਮਾਈ ਹੈ ਰੌਲਾ ਪਾਉਂਦੇ ਫਿਰਦੇ ਨੇ, ਵਧੀਆ ਤੋਂ ਵਧੀਆ ਚੋਲੇ, ਵਧੀਆ ਤੋਂ ਵਧੀਆ ਜਥੇ, ਵਧੀਆ ਤੋਂ ਵਧੀਆ ਜਥੇ। ਕਹਿੰਦੇ ਦਿਖਾਵਾ ਵੇਸਵਾਵਾਂ ਵਾਂਗੂੰ ਵਧ ਗਿਆ। ਆਪਣੇ ਭਜਨ ਦਾ ਦਿਖਾਵਾ ਕਰਦੇ ਫਿਰਦੇ ਨੇ। ਪਹਿਲੇ ਮਹਾਂਪੁਰਸ਼ ਨਹੀਂ ਸੀ ਕਰਦੇ। ਇਕ ਹਜ਼ਾਰ ਅਖੰਡਪਾਠ ਕਰਿਆ, ਕੋਈ ਦਿਖਾਵਾ ਨਹੀਂ ਕਿਸੇ ਕਿਤਾਬ 'ਚ ਨਹੀਂ ਆਉਂਦਾ।

ਬਾਪੂ ਜੀ ਜਦੋਂ ਸਰੀਰ ਛੱਡਣ ਲੱਗੇ, ਇਨ੍ਹਾਂ ਨੂੰ ਤੋਰ ਦਿਤਾ, ਕਹਿੰਦੇ ਬਾਬਾ ਲੋਹਗੜ੍ਹੀਆ ਨਹੀਂ ਆਇਆ। ਕਹਿੰਦੇ ਆਇਆ ਨਹੀਂ। ਇਹ ਜਦੋਂ ਹਸਪਤਾਲ ਤੋਂ ਪੌੜੀਆਂ ਤੋਂ ਥੱਲੇ ਉਤਰੇ, ਕੀ ਦੇਖਦੇ ਨੇ ਬਾਬਾ ਆ ਗਿਆ। ਇਹ ਨਾਲ ਹੀ ਮੁੜ ਆਏ, ਬਾਪੂ ਜੀ ਬਾਬਾ ਜੀ! ਆ ਗਏ, ਕੋਈ ਪਤਾ ਨਹੀਂ ਇਹ ਸਰੀਰ ਛੱਡ ਦੇਣ। ਚੰਗੇ ਭਲੇ ਨੇ ਜਾਣ ਕੇ ਇਹ ਕੌਤਕ ਵਰਤਾਇਆ। ਕਹਿੰਦੇ, ਬਾਬਾ! ਤੂੰ ਆਇਆ ਨਹੀਂ ਹੁਣ ਤੱਕ। ਕਹਿੰਦੇ, ਜਦੋਂ ਤੁਸੀਂ ਯਾਦ ਕਰਿਆ ਮੈਂ ਉਦੋਂ ਹੀ ਆ ਗਿਆ। ਮੈਂ ਕਿਹੜੀ ਦੇਰ ਲਾਈ ਹੈ। ਕਹਿੰਦੇ, ਤੁਸੀਂ ਹੁਣ ਕਿੱਥੋਂ ਆਏ ਹੋਂ, ਕਹਿੰਦੇ ਮੈਂ ਤਾਂ ਇਸ ਵੇਲੇ ਲਾਲਾ ਮੂਸੇ ਬੈਠਾ ਸੀ। ਕਿੱਥੇ ਰਾਵਲਪਿੰਡੀ, ਕਿੱਥੇ ਲਾਹੌਰ, ਨਾ ਗੱਡੀ ਕੋਈ ਚੜ੍ਹਨਾ, ਨਾ ਕੋਈ ਸਵਾਰੀ ਤੇ ਚੜ੍ਹਨਾ, ਫੁਰਨਾ ਕਰਿਆ ਉਥੇ ਪਹੁੰਚ ਗਏ।

ਕਲ ਪਰਸੋਂ ਦੀਆਂ ਗੱਲਾਂ ਨੇ ਐਹੋ ਜਿਹੇ ਗੁਰਸਿੱਖਾਂ ਦੇ ਜੀਵਨ ਸੀਗੇ। ਦੇਰ ਨਹੀਂ ਹੋਈ, ਇਹ ਤਾਂ ਹੁਣੇ ਕਲਜੁਗ ਵਿਆਪਿਆ ਹੈ।

ਸੋ ਜਦੋਂ ਭਾਈ ਸਾਹਿਬ ਅੰਮ੍ਰਿਤ ਛਕਾਉਣ ਲੱਗੇ, ਤਾਂ ਬਾਪੂ ਜੀ ਦਾ ਨੰਬਰ ਆ ਗਿਆ ਪਹਿਲਾ, ਇਨ੍ਹਾਂ ਨੇ ਫਲੇਵਾਲ ਦਾ ਲੜਕਾ ਸੀ ਕਰਤਾਰ ਸਿੰਘ, ਓਸ ਨੂੰ ਜਦੋਂ ਅੰਮ੍ਰਿਤ ਛਕਾਇਆ, ਪੰਜ ਚੂਲੇ ਪਾਏ, ਨੇਤਰਾਂ 'ਚ ਨੇਤਰ ਕਰਕੇ ਛਿੱਟਾ ਜਦੋਂ ਪੰਜਵਾਂ ਛਿੱਟਾ ਮਾਰਿਆ, ਉਹਨੂੰ ਕਿਹਾ ਬੋਲ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਵਾਹਿਗੁਰੂ ਕਹਿ ਕੇ ਅੱਗੇ ਗੱਲ ਹੀ ਨਾ ਕਰੀ। ਸਾਰੇ ਹੈਰਾਨ ਹੋ ਗਏ। ਭਾਈ ਸਾਹਿਬ ਕਹਿਣ ਲੱਗੇ ਕਿ ਬੱਚਾ! ਜੜ੍ਹ ਬਣ ਗਿਆ। ਬਾਪੂ ਜੀ ਕਹਿਣ ਲੱਗੇ ਕਿ ਅਸੀਂ ਧਿਆਨ 'ਚ ਨਾ ਰਹੇ, ਜਲਾਲ ਦੇ ਨਾਲ ਅੰਮ੍ਰਿਤ ਛਕਾ ਦਿਤਾ। ਜਲਾਲ ਕਹਿੰਦੇ ਨੇ ਸ਼ਕਤੀ ਨੇ ਨਾਲ। ਪ੍ਰਮੇਸ਼ਰ ਨਾਲ ਸੁਰਤ ਜੁੜੀ ਹੋਈ ਸੀ, ਓਸ ਸੁਰਤ ਦੇ ਨਾਲ ਬੋਲ ਵਿਚ ਐਨੀ ਤਾਕਤ ਸੀ, ਅੱਖਾਂ ਵਿਚ ਐਨੀ ਤਾਕਤ ਸੀ ਉਹ ਬੱਚਾ ਨਾ ਸਹਿ ਸਕਿਆ। ਉਹਦੀ ਸਮਾਧੀ ਲੱਗ ਗਈ।



**ਭਾਈ ਸਹਿਬ ਭਾਈ ਰਣਧੀਰ ਸਿੰਘ ਜੀ**

ਭਾਈ ਸਾਹਿਬ ਕਹਿੰਦੇ ਹੁਣ ਕੀ ਹੋਏਗਾ, ਬਾਕੀ ਬੱਚਿਆਂ ਨੂੰ ਅੰਮ੍ਰਿਤ ਛਕਾਉਣਾ ਹੈ। ਕਹਿੰਦੇ, ਗੁਰਮੁਖੋ! ਐਨਾ ਜਲਾਲ ਦੇ ਵਿਚ ਆ ਕੇ ਅੰਮ੍ਰਿਤ ਨਾ ਛਕਾਇਓ, ਹਲਕਾ, ਥੋੜ੍ਹਾ-ਥੋੜ੍ਹਾ ਜ਼ੋਰ ਲਾਇਓ। ਪਹਿਲੇ ਮਹਾਂਪੁਰਸ਼ ਮਸਤਾਨਾ ਬਣਾ ਦਿੰਦੇ ਸੀ। ਕਰਤਾਰ ਸਿੰਘ ਨੂੰ ਬਾਪੂ ਜੀ ਕਹਿਣ ਲੱਗੇ ਕਿ ਇਹਨੂੰ ਇਕ ਪਾਸੇ ਬਿਠਾ ਦਿਓ, ਅਖੰਡਪਾਠ ਸ਼ੁਰੂ ਕਰ ਲਓ। ਕਿਉਂਕਿ ਅਖੰਡਪਾਠ ਕਰਨਾ ਸੀ ਤੇ ਇਹਨੂੰ ਹੁਣ 56 ਘੰਟੇ ਬਾਅਦ ਸੁਰਤ ਆਏਗੀ। 48 ਘੰਟੇ ਪੂਰਾ ਅਖੰਡ ਪਾਠ ਹੋਇਆ, ਉਸ ਤੋਂ ਬਾਅਦ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋਇਆ ਤੇ ਬੱਚਾ balance ਛੱਡ ਗਿਆ, ਧਰਤੀ ਤੋਂ ਉਚਾ ਉਠ ਗਿਆ। ਸਾਰੀ ਸੰਗਤ ਨੇ ਦੇਖ ਲਿਆ ਕਿ ਉਚਾ ਉਠ ਗਿਆ ਇਹ, ਲੱਤਾਂ ਖੋਲ੍ਹ ਲਈਆਂ ਜਿਵੇਂ ਮੱਛੀ ਤੈਰਦੀ ਹੁੰਦੀ ਹੈ ਪਾਣੀ 'ਚ, ਐਉਂ ਲੰਮਾ ਪੈ ਗਿਆ, ਸਪੇਸ ਵਿਚ।

ਉਸ ਤੋਂ ਬਾਅਦ ਭਾਈ ਸਾਹਿਬ ਲਿਖਦੇ ਨੇ ਕਿ ਸਾਡੇ ਉਤੋਂ ਦੀ ਹੋ ਕੇ, ਵਾਜੇ ਦੇ, ਗੁਰੂ ਗ੍ਰੰਥ ਸਾਹਿਬ ਦੇ ਅੱਗੇ ਪੈ ਗਿਆ ਓਸ ਵੇਲੇ ਬਾਪੂ ਜੀ ਆਏ, ਆ ਕੇ ਕਹਿਣ ਲੱਗੇ ਭਾਈ ਸਾਹਿਬ! ਤੁਸੀਂ ਹੁਣ ਕੀਰਤਨ ਲਾਵਾਂ ਦਾ ਕਰੋ, ਐਸ ਵੇਲੇ ਇਹਦੀ ਰੂਹ ਸੰਜੋਗ ਮੰਗ ਰਹੀ ਹੈ, ਅਕਾਲਪੁਰਖ ਦੇ ਨਾਲ। ਭਾਈ ਸਾਹਿਬ ਕਹਿੰਦੇ ਫੇਰ ਅਸੀਂ ਲਾਵਾਂ ਦਾ ਕੀਰਤਨ

ਕਰਿਆ, ਪੂਰੇ 56 ਘੰਟੇ ਤੋਂ ਬਾਅਦ ਸਾਵਧਾਨ ਹੋ ਕੇ ਸੰਗਤ 'ਚ ਬੈਠਿਆ, ਪਰ ਅਸੀਂ ਹੈਰਾਨ ਰਹਿ ਗਏ, ਜਦੋਂ ਧਰਤੀ ਤੇ ਪੈਰ ਧਰੇ ਪੈਰ ਹੀ ਨਾ ਲੱਗਣ ਉਹਦੇ।

ਕਿੱਥੇ ਪਹੁੰਚਾ ਦਿਤਾ ਅੰਮ੍ਰਿਤ ਨੇ। ਅੰਮ੍ਰਿਤ ਐਵੇਂ ਤਾਂ ਨਹੀਂ ਹੈ ਨਾ ਸਾਧਸੰਗਤ ਜੀ! ਐਵੇਂ ਮਿੱਠਾ ਪਾਣੀ ਨਹੀਂ ਹੈ ਕਿ ਘੋਲ ਲਿਆ ਤੇ ਤੁਹਾਨੂੰ ਪਿਲਾ ਦਿਤਾ। ਇਹਦੇ ਵਿਚ ਬੜੀ ਸ਼ਕਤੀ ਹੁੰਦੀ ਹੈ। ਹੋਵੇ ਸਹੀ ਕੋਈ ਅੰਮ੍ਰਿਤ ਛਕਣ ਵਾਲਾ, ਉਹਦੇ 'ਤੇ ਅਸਰ ਹੁੰਦਾ ਹੈ।

ਸੋ ਮਹਾਰਾਜ ਜੀ ਨੇ ਜਦੋਂ ਅੰਮ੍ਰਿਤ ਛਕਿਆ ਤੇ ਮੰਤਰ ਦਿਤਾ ਜਿਸ ਵਕਤ ਪੰਜ ਪਿਆਰਿਆ ਨੇ, ਉਸ ਵਕਤ ਦਾ ਹਾਲ ਉਹੀ ਜਾਣ ਸਕਦੇ ਨੇ, ਹੋਰ ਕੋਈ ਜਾਣ ਨਹੀਂ ਸਕਦਾ। ਕਿਵੇਂ ਵਰਤੀ, ਸਦਾ ਵਾਸਤੇ ਉਥੇ ਹੀ ਰਹਿ ਗਏ। ਪੜ੍ਹਾਈ ਕਿਧਰੇ ਗਈ। ਬਾਬਾ ਜੀ ਕਹਿਣ ਲੱਗੇ ਕਿ ਇਮਤਿਹਾਨ ਤਾਂ ਦੇ ਆਓ ਤੁਸੀਂ। ਕਹਿੰਦੇ, ਮਹਾਰਾਜ! ਹੁਣ ਇਮਤਿਹਾਨ ਕੀਹਨੇ ਦੇਣਾ ਹੈ, ਰੂਹ ਤਾਂ ਤੁਹਾਡੇ ਚਰਨਾਂ 'ਚ ਰਹਿ ਗਈ, ਸਰੀਰ ਨੂੰ ਹੁਕਮ ਕਰਦੇ ਹੋ ਮੈਂ ਚਲਿਆ ਜਾਂਦਾ ਹਾਂ। ਇਮਤਿਹਾਨ ਦਸਵੀਂ ਦਾ ਲੱਗੇ, ਪਰਚੇ ਆ ਗਏ, ਪੇਪਰ ਮੰਗੀ ਜਾਂਦੇ ਨੇ, ਹੋਰ ਪੇਪਰ, ਨਾਲ ਜੋੜੀ ਜਾਂਦੇ ਨੇ, ਲਿਖਦੇ ਕੀ ਨੇ ਸਾਰੇ ਹੀ ਪੇਪਰਾਂ ਤੇ ਵਾਹਿਗੁਰੂ-ਵਾਹਿਗੁਰੂ। ਉਨ੍ਹਾਂ ਦੇ ਪੜ੍ਹਾਉਣ ਵਾਲਾ ਟੀਚਰ ਆਇਆ ਕਹਿਣ ਲੱਗਿਆ, ਗੁਲਾਬ ਸਿੰਘ! (ਈਸ਼ਰ ਸਿੰਘ ਮਹਾਰਾਜ ਜੀ ਨੇ ਨਾਮ ਰੱਖ ਦਿਤਾ ਸੀ, 'ੲ' ਅੱਖਰ ਨਿਕਲਿਆ ਸੀ) ਤੂੰ ਕੋਈ ਪੇਪਰ ਕਰ ਲੈ, ਫਸਟ ਆਉਂਦਾ ਹੈਂ, ਹੁਸ਼ਿਆਰ ਹੈਂ। ਕਹਿਣ ਲੱਗੇ, ਮਾਸਟਰ ਜੀ! ਹੁਣ ਮੈਨੂੰ ਨਾ ਕੋਈ ਪੜ੍ਹਾਈ ਚੰਗੀ ਲਗਦੀ ਹੈ ਵਾਹਿਗੁਰੂ ਤੋਂ ਬਗੈਰ, ਨਾ ਕੋਈ ਮੈਨੂੰ ਪੇਪਰ ਚੰਗਾ ਲਗਦਾ ਹੈ, ਨਾ ਕੋਈ ਸੌਣ ਨੂੰ, ਨਾ ਬੋਲਣ ਨੂੰ, ਜੇ ਬੋਲਣਾ ਹੈ ਤਾਂ ਵਾਹਿਗੁਰੂ। ਐਸੀ ਹਾਲਤ 16 ਸਾਲ ਦੀ ਉਮਰ ਦੇ ਵਿਚ ਆਪ ਦੀ ਹੋਈ। ਉਸ ਤੋਂ ਬਾਅਦ ਮਹਾਰਾਜ ਜੀ ਦੀ ਚਰਨ ਸ਼ਰਨ ਆਪ ਆ ਜਾਂਦੇ ਨੇ ਤੇ ਉਸ ਵੇਲੇ ਆ ਕੇ ਆਪ ਨੇ ਪੁਛਿਆ ਕਿ ਮਹਾਰਾਜ! ਮਹਾਂਪੁਰਸ਼ਾਂ ਦੇ ਕੋਲ ਇਕ ਵੱਡਾ ਭੇਤ ਲੁਕਿਆ ਹੋਇਆ ਹੈ, ਉਹ ਦਾਸ ਦੇ ਉਤੇ ਕ੍ਰਿਪਾ ਕਰੋ। ਉਸ ਵੇਲੇ ਮਹਾਂਪੁਰਸ਼ ਬੜੇ ਪ੍ਰਸੰਨ ਹੋਏ, ਕਹਿਣ ਲੱਗੇ ਈਸ਼ਰ ਸਿੰਘ ਅਸੀਂ ਵੀ ਸਾਂਭੀ ਫਿਰਦੇ ਹਾਂ ਦੌਲਤ ਬਾਬਾ ਦਇਆ ਸਿੰਘ ਜੀ ਦੀ ਸਾਡੇ ਤੱਕ ਇਹ ਪਹੁੰਚਦੀ ਹੈ ਬਾਬਾ ਕਰਮ ਸਿੰਘ ਜੀ ਤੋਂ ਤੇ ਅਸੀਂ ਸੋਚਦੇ ਸੀ ਕਿ ਅੱਗੇ ਕੋਈ ਆਵੇ ਲੈਣ ਵਾਲਾ ਅਸੀਂ ਕਰਜ਼ਾ ਦੇ ਦੇਈਏ, ਭਾਈ ਤੂੰ ਲਹਿਣੇਦਾਰ ਆ ਗਿਆ। ਬਹਿ ਜਾ, ਉਸ ਵੇਲੇ ਬਾਬਾ ਜੀ ਨੇ ਭੇਤ ਦੱਸੇ ਕਿ ਦੇਖੋ, ਨਾਮ ਦਾ ਭੇਤ ਹੁੰਦਾ ਹੈ, ਪਹਿਲਾਂ ਨਾਮ ਬਾਣੀ ਰੂਪ ਹੁੰਦਾ ਹੈ, ਬਾਣੀ ਪੜ੍ਹੋ, ਇਹਨੂੰ ਸਮਝੋ, ਫੁਰਨੇ ਨੂੰ ਰੋਕ ਲਓ, ਫੁਰਨਾ ਕਿਤੇ ਨਾ ਜਾਣ ਦਿਓ, ਬਾਣੀ ਦਾ ਰੂਪ ਬਣ ਜਾਓ। ਜਦੋਂ ਬਾਣੀ ਦਾ ਰੂਪ ਬਣ ਗਏ, ਬਾਣੀ ਵਿਚ ਕਰੰਟ ਹੈ ਸਾਧਸੰਗਤ ਜੀ! ਬਾਣੀ ਦੀਆਂ ਜਿਹੜੀਆਂ ਤੁਕਾਂ ਨੇ ਉਹ ਸਹਿ ਨਹੀਂ ਸਕਦਾ ਬੰਦਾ, ਜਿਵੇਂ ਕਰੰਟ ਲਗਦੀ ਹੈ ਇਵੇਂ ਲਗਦੀ ਹੈ ਬਾਣੀ, ਨਾਮਧਾਰੀ ਤਾਂ ਰੋ ਹੀ ਪੈਂਦੇ ਸੀ, ਇਨ੍ਹਾਂ ਨੂੰ ਲੋਕ ਕੂਕੇ-ਕੂਕੇ ਕਹਿਣ ਲੱਗ ਗਏ। ਇਹ ਦਿਖਾਵਾ ਨਹੀਂ ਸੀ ਕਰਦੇ, ਸੱਚਮੁੱਚ ਹੀ ਐਸਾ ਹੁੰਦਾ ਹੈ, ਬਾਣੀ ਸਹਿ ਨਹੀਂ ਸੀ ਹੁੰਦੀ ਇਨ੍ਹਾਂ ਤੋਂ। ਨਾ ਸਹਿਣ ਕਰਕੇ ਅਜਰ ਹੈ, ਅਜਰ ਅਵਸਥਾ ਨੂੰ ਨਾ ਸਹਿਣ ਕਰਕੇ ਕੂਕਾਂ ਹੀ ਮਾਰਨ ਲਗ ਜਾਇਆ ਕਰਦੇ ਸੀ। ਇਹ ਬਾਣੀ ਬਿਲਕੁਲ ਜਿਉਂਦੀ ਜਾਗਦੀ ਚੀਜ਼ ਹੈ ਜਿਵੇਂ ਤੀਰ ਲਗਦੇ ਨੇ ਐਉਂ ਲਗਦੀ ਹੈ, ਜਿਹੜੇ ਜਾਣਦੇ ਨੇ ਉਨ੍ਹਾਂ ਨੂੰ ਪਤਾ ਹੈ, ਦੂਜਿਆਂ ਨੂੰ ਨਹੀਂ ਪਤਾ, ਦੂਜੇ ਤਾਂ ਪੜ੍ਹੀ ਜਾਂਦੇ ਨੇ ਬਸ ਕਿ ਮੈਂ 40 ਪਤਰਿਆਂ ਦਾ ਪਾਠੀ ਹਾਂ, ਮੈਂ 50 ਦਾ ਹਾਂ। ਇਹ ਪੜ੍ਹਨਾ ਹੋਰ ਚੀਜ਼ ਹੈ, ਬੁੱਝਣਾ ਹੋਰ ਚੀਜ਼ ਹੈ। ਜਿਨ੍ਹਾਂ ਨੇ ਬੁੱਝ ਲਈ ਗੱਲ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਬਾਣੀ ਕੀ ਹੁੰਦੀ ਹੈ।



**ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਕੀਰਤਨ ਕਰਦੇ ਹੋਏ**

ਮਹਾਂਪੁਰਸ਼ ਕਹਿਣ ਲੱਗੇ, ਇਹ ਬਾਣੀ ਜਿਹੜੀ ਹੈ ਜਿਸ ਵਕਤ ਇਹ ਅਵਸਥਾ ਪੈਦਾ ਹੋ ਜਾਏਗੀ ਪੜ੍ਹਦੇ-ਪੜ੍ਹਦੇ ਫੇਰ ਨਾਮ 'ਚ ਦਾਖਲਾ ਮਿਲ ਜਾਇਆ ਕਰਦਾ ਹੈ -

***ਇਹ ਬਾਣੀ ਜੋ ਜੀਅਹੁ ਜਾਣੈ***



**ਸੰਤ ਅਤਰ ਸਿੰਘ ਜੀ ਮਹਾਜਾਜ ਰੇਰੂ ਸਾਹਿਬ**

***ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ - ੨੯੭***

ਫੇਰ ਨਾਮ ਰਸਨਾ ਤੋਂ ਸ਼ੁਰੂ ਹੁੰਦਾ ਹੈ, ਪਹਿਲੀ ਜਮਾਤ ਵਿਚ ਮਾਲਾ ਦੇ ਦਿੰਦੇ ਨੇ ਨਾਲ ਕਿ ਤੂੰ ਆਹ ਮਣਕਾ ਫੇਰੀਂ ਜਾਈਂ, ਉਹਦਾ ਮਤਲਬ ਹੁੰਦਾ ਹੈ ਧਿਆਨ ਇਕੱਠਾ ਹੋ ਕੇ ਮਣਕੇ ਤੇ ਆ ਜਾਵੇ। ਫੈਲਿਆ ਹੋਇਆ ਹੈ ਸਾਡਾ ਸਾਰੀ ਦੁਨੀਆਂ 'ਚ ਧਿਆਨ, ਉਸ ਵੇਲੇ ਮਾਲਾ ਨਾਲ ਜਪਦੇ-ਜਪਦੇ ਮਾਲਾ ਭੁੱਲ ਜਾਂਦੀ ਹੈ, ਅੰਤ ਵਿਚ ਪਤਾ ਨਹੀਂ ਰਹਿੰਦਾ ਕਿ ਮਾਲਾ ਹੈਗੀ ਕਿ ਨਹੀਂ ਹੈਗੀ। ਮਣਕੇ ਤੇ ਉਂਗਲੀ ਫਿਰਦੀ ਹੈ ਕਿ ਨਹੀਂ ਰਸਨਾ ਹਿੱਲਣ ਲਗ ਜਾਂਦੀ ਹੈ ਆਪੇ ਹੀ। ਰਸਨਾ ਤੇ ਆ ਕੇ ਨਾਮ ਵਸ ਜਾਂਦੇ ਹੈ। ਗੁਰੂ ਮਹਾਰਾਜ ਕਹਿੰਦੇ ਨੇ ਜਿਹਦੀ ਰਸਨਾ ਤੇ ਨਾਮ ਨਹੀਂ ਨਾ ਵਸਦਾ -

***ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥***
***ਅੰਗ - ੧੩੬੨***

ਤਿਲ-ਤਿਲ ਕਰਕੇ ਕੱਟ ਦਿਓ, ਇਹਨੇ ਰਸਨਾ ਨੇ ਆਪਣਾ ਕੰਮ ਨਹੀਂ ਕਰਿਆ, ਨਿੰਦਿਆ ਚੁਗਲੀ ਕਰ ਲਈ, ਈਰਖਾ, ਵਖੀਲੀ ਦੀਆਂ ਗੱਲਾਂ ਕਰ ਲਈਆਂ। ਵਾਹਿਗੁਰੂ ਮੰਤਰ ਨੂੰ ਭੁੱਲੀ ਹੋਈ ਹੈ ਇਹ, ਕੱਟ ਦਿਓ ਇਹਨੂੰ।

***ਰੇ ਜਿਹਬਾ ਕਰਉ ਸਤ ਖੰਡ ॥***
***ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥ ਅੰਗ - ੧੧੬੩***

ਤੇਰਾ ਕੰਮ ਸੀ ਪ੍ਰਮੇਸ਼ਰ ਦਾ ਨਾਮ ਲੈਣਾ, ਪਹਿਲੀ ਅਵਸਥਾ ਤੋਂ ਅੱਗੇ ਤੇਰੇ ਤੋਂ ਹੀ ਲੰਘ ਹੋਣਾ ਹੈ। ਰਸਨਾ ਦੇ ਨਾਲ ਨਾਮ ਜਪਦਾ-ਜਪਦਾ ਸੂਖਸ਼ਮ ਹੋ ਜਾਂਦਾ ਹੈ, ਜੀਭ ਹਿਲਣੀ ਬੰਦ ਹੋ ਜਾਂਦੀ ਹੈ। ਬੁੱਲ੍ਹ ਹਿਲਣੇ ਬੰਦ ਹੋ ਜਾਂਦੇ ਨੇ, ਸ੍ਵਾਸ ਦੇ ਉਤੇ ਨਾਮ ਦੀ ਸਵਾਰੀ ਹੋ ਜਾਂਦੀ ਹੈ, ਸ੍ਵਾਸ ਉਤੇ ਮਨ ਸਵਾਰੀ ਕਰਦਾ ਹੈ, ਸ੍ਵਾਸ ਉਤੇ ਨਾਮ ਸਵਾਰ ਜਦੋਂ ਹੋ ਜਾਂਦਾ ਹੈ, ਉਸ ਵੇਲੇ ਮਨ ਟਿਕ ਕੇ ਖੜ੍ਹ ਜਾਂਦਾ ਹੈ ਕਿਉਂਕਿ ਨਾਮ ਦੀ ਸ਼ਕਤੀ ਬਹੁਤੀ ਹੈ, ਮਨ ਦੀ ਓਨੀ ਸ਼ਕਤੀ ਨਹੀਂ ਹੈ। ਫੇਰ ਮਨ ਦੌੜਦਾ ਨਹੀਂ ਕਿਤੇ।

ਸੋ ਇਸ ਤਰ੍ਹਾਂ ਜਦੋਂ ਅਸੀਂ ਸ੍ਵਾਸ-ਸ੍ਵਾਸ ਦੇ ਉਤੇ ਨਾਮ ਜਪਦੇ ਹਾਂ, ਬੇਅੰਤ ਤਰੀਕੇ ਨੇ, ਅਨੁਭਵੀ ਮਹਾਂਪੁਰਸ਼ਾਂ ਨੇ 150 ਤਰੀਕਾ ਲਿਖਿਆ ਹੈ। ਕਿਉਂਕਿ ਸ੍ਵਾਸ ਦੇ ਨਾਲ ਪ੍ਰਾਣਾਯਾਮ ਵੀ ਹੁੰਦਾ ਹੈ, ਬਹੁਤ ਵੱਡੇ ਤੋਂ ਵੱਡਾ ਪ੍ਰਾਣਾਯਾਮ ਵੀ ਹੈ ਤੇ ਛੋਟੇ ਤੋਂ ਛੋਟਾ ਵੀ ਹੈ। ਮਨ ਰੋਕਣ ਦੇ ਸਾਧਨ ਨੇ ਇਹ ਸਾਰੇ। ਲੇਕਿਨ ਜਦੋਂ ਨਾਮ ਆ ਜਾਂਦਾ ਹੈ ਸ੍ਵਾਸ ਤੇ ਸ੍ਵਾਸ ਰਸ ਨਾਲ ਭਰ ਜਾਂਦਾ ਹੈ। ਰਸ ਨਾਲ ਭਰਿਆ ਅੰਦਰ ਨੂੰ ਜਾਂਦਾ ਹੈ, ਰਸ ਨਾਲ ਭਰਿਆ ਬਾਹਰ ਨੂੰ ਜਾਂਦਾ ਹੈ, ਬੋਲਣ ਨੂੰ ਚਿੱਤ ਨਹੀਂ ਕਰਦਾ। ਬਿਰਤੀ ਟਿਕ ਜਾਂਦੀ ਹੈ ਤੇ ਅੰਦਰ ਅੰਤਰਮੁਖ ਬਿਰਤੀ ਹੋ ਜਾਂਦੀ ਹੈ। ਬਿਰਤੀ ਹੋਰ ਸੂਖਸ਼ਮ ਹੋ ਜਾਂਦੀ ਹੈ, ਸੂਖਸ਼ਮ ਹੋ ਕੇ ਕੰਠ ਵਿਚ ਨਾਮ, ਹਿਰਦੇ ਵਿਚ ਨਾਮ, ਨਾਭੀ ਵਿਚ ਨਾਮ, ਫਲ ਵਧਦਾ ਜਾਂਦਾ ਹੈ, ਬੈਖਰੀ ਨਾਲ ਦੱਸ ਵਾਰੀ ਵਾਹਿਗੁਰੂ-ਵਾਹਿਗੁਰੂ ਕਰੋ, ਕੰਠ 'ਚ ਇਕ ਵਾਰੀ ਕਹੋ, ਬੈਖਰੀ ਨਾਲ ਸੌ ਵਾਰੀ ਕਰੋ, ਹਿਰਦੇ 'ਚ ਇਕ ਵਾਲੀ ਕਹੋ, ਬੈਖਰੀ 'ਚ ਹਜ਼ਾਰ ਵਾਰੀ ਵਾਹਿਗੁਰੂ-ਵਾਹਿਗੁਰੂ ਕਰੋ, ਨਾਭੀ ਵਿਚ ਇਕ ਵਾਰੀ ਕਰੋ ਇਹ ਅਨੁਭਵੀ ਮਹਾਂਪੁਰਸ਼ਾਂ ਦਾ ਮਤ ਹੈ ਕਿ ਐਉਂ ਨਾਮ ਦਾ ਫਲ ਵਧਦਾ ਜਾਂਦਾ ਹੈ ਕਿਉਂਕਿ ਇਕਾਗਰਤਾ ਆ ਜਾਂਦੀ ਹੈ, ਬਾਹਰਲੀਆਂ ਚੀਜ਼ਾਂ ਹਟ ਜਾਂਦੀਆਂ ਨੇ ਤੇ ਨਾਮ ਦਾ ਰਸ ਐਨਾ ਆ ਜਾਂਦਾ ਹੈ ਕਿ ਜੀਅ ਕਰਦਾ ਹੈ ਦਿਨ ਰਾਤ ਨਾਮ ਜਪੀ ਜਾਈਏ।



ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ

ਜਿਥੇ ਉਹਨੂੰ ਵਿਹਲ ਮਿਲੇਗੀ ਉਥੇ ਹੀ ਬੈਠ ਜਾਏਗਾ। ਨੱਕੇ ਛੱਡਦਾ ਹੈ, ਇਹ ਨਾਮ ਵਾਸਤੇ ਕੋਈ ਜ਼ਰੂਰੀ ਨਹੀਂ ਕਿ ਘਰ ਬਾਰ ਛੱਡ ਦਿਓ, ਫਲਾਣੀ ਜਗ੍ਹਾ ਇਕਾਂਤ ਰਹਾਂਗਾ ਬਿਲਕੁਲ ਨਹੀਂ ਜਪ ਹੁੰਦਾ ਐਉਂ ਨਾਮ। ਜਿਹਨੂੰ ਸ਼ੌਂਕ ਪੈ ਜਾਏ ਉਹ ਜਪਦਾ ਹੈ।

ਜਦੋਂ ਮੈਂ ਪੜ੍ਹਦਾ ਸੀ ਨੱਕੇ ਛੱਡਣ ਜਾਣੇ, ਭਾਦੋਂ ਦੇ ਮਹੀਨੇ, ਹਲਟ ਹੁੰਦੇ ਸੀ, ਗੰਨੇ ਦੇ ਵੀ ਨੱਕੇ, ਮੱਕੀ ਦੇ ਵੀ ਨੱਕੇ, ਕਪਾਹ ਦੇ ਵੀ ਕਣਕ ਦੇ ਵੀ। ਨੱਕਿਆਂ ਨੂੰ ਕੋਈ ਨਹੀਂ ਸੀ ਜਾਂਦਾ ਹੁੰਦਾ ਕਿਉਂਕਿ ਔਖਾ ਬਹੁਤ ਹੁੰਦਾ ਹੈ, ਹਨ੍ਹੇਰਾ ਹੁੰਦਾ ਹੈ, ਸੱਪਾਂ ਦਾ ਡਰ ਵੀ ਹੁੰਦਾ, ਖਾਲ਼ੂ ਟੁੱਟਣ ਦਾ ਡਰ ਹੁੰਦਾ ਹੈ। ਮੈਂ ਪਹਿਲਾਂ ਹੀ ਖਾਲ਼ੂ ਸਵਾਰ ਲੈਣਾ ਤੇ ਮਤਲਬ ਕੀ ਸੀ ਕਿ ਬਲਦ ਹੱਕਦੇ ਹੋਏ ਬਿਰਤੀ ਬਾਹਰ ਆਏਗੀ, ਜੇ ਨੱਕੇ ਛੱਡਾਂਗੇ, ਦੋ ਤਿੰਨ ਕਿਆਰਿਆਂ ਨੂੰ ਇਕੱਠਾ ਹੀ ਛੱਡ ਦਿਓ, ਚੌਥੇ 'ਚ ਬਹਿ ਜਾਓ ਜਦੋਂ ਪੈਰ ਨੂੰ ਪਾਣੀ ਲੱਗੇਗਾ ਤਾਂ ਆਪੇ ਹੀ ਪਤਾ ਲਗ ਜਾਣਾ ਹੈ ਕਿ ਪਾਣੀ ਲਗ ਗਿਆ।

ਨਾਮ ਐਵੇਂ ਹੀ ਜਪ ਹੁੰਦਾ ਹੈ ਧੱਕੇ ਨਾਲ ਹੀ, ਐਉਂ ਨਹੀਂ ਹੈ ਕਿ ਵਿਹਲੇ ਬੈਠਾਂਗੇ ਤਾਂ ਜਪਾਂਗਾ। ਬਿਲਕੁਲ ਨਹੀਂ ਮਨ ਨਹੀਂ ਸਾਥ ਦਿੰਦਾ। ਮਨ ਜੇ ਸਾਥ ਦੇਵੇ ਤਾਂ ਜਿੱਥੇ ਜੀਅ ਕਰਦਾ ਹੈ, ਟਰੈਕਟਰ ਚਲਾਉਂਦਾ ਹੈ, ਉਹਦੀ ਧੁਕ-ਧੁਕ ਹੋਈ ਜਾਂਦੀ ਹੈ, ਧੁਕ-ਧੁਕ ਅਸੀਂ ਜ਼ਰੂਰ ਸੁਣਨੀ ਹੈ, ਵਾਹਿਗੁਰੂ-ਵਾਹਿਗੁਰੂ ਸੁਣੀ ਜਾਓ ਉਹਦੇ ਨਾਲ। ਨਾਲੇ ਕਾਰੋਬਾਰ ਹੋਈ ਜਾਂਦਾ ਹੈ, ਨਾਲ ਹੀ ਨਾਮ ਜਪ ਹੋ ਜਾਂਦਾ ਹੈ। ਇਸ ਤਰ੍ਹਾਂ mental ਨਾਮ ਹੋ ਜਾਂਦਾ ਹੈ, ਅੰਦਰ ਚਲਿਆ ਜਾਂਦਾ ਹੈ। ਪਹਿਲਾ ਕਰਮ ਹੁੰਦਾ ਹੈ, ਫੇਰ ਉਪਾਸਨਾ 'ਚ ਆ ਕੇ, ਅਨੇਕ ਤਰੀਕਿਆਂ ਦੇ ਨਾਲ ਨਾਮ ਜਪ ਹੁੰਦਾ ਹੈ, ਅਨੁਭਵ ਅਨੇਕਾਂ ਨੇ, ਪਹੁੰਚਣਾ ਅਸੀਂ ਉਥੇ ਹੀ ਹੈ।

***ਅਸੰਖ ਜਪ ਅਸੰਖ ਭਾਉ ॥ ਅੰਗ - ੩***



**ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ**

ਬੇਅੰਤ ਕਿਸਮ ਦੇ ਜਪ ਨੇ, ਬੇਅੰਤ ਕਿਸਮ ਦੇ ਭਾਵ ਨੇ। ਮਹਾਰਾਜ ਕਹਿਣ ਲੱਗੇ ਕਿ ਜਦੋਂ ਉਪਾਸਨਾ 'ਚ ਆਉਂਦਾ ਹੈ ਉਥੇ ਬੜੀ ਸਾਵਧਾਨੀ ਵਰਤਣੀ ਪੈਂਦੀ ਹੈ। ਇਕ ਤਾਂ ਹੁੰਦੇ ਨੇ ਮੋਟੀ ਬੁੱਧ ਦੇ ਬੰਦੇ, ਇਕ ਹੁੰਦੇ ਨੇ ਸੂਖਸ਼ਮ ਬੁੱਧ ਦੇ। ਮੋਟੀ ਬੁੱਧ ਜਿਹੜੀ ਹੈ ਮੋਟੀ ਚੀਜ਼ ਨੂੰ ਗ੍ਰਹਿਣ ਕਰਦੀ ਹੈ, ਉਨ੍ਹਾਂ ਸਾਰੀਆਂ ਦਿਸਣ ਵਾਲੀਆਂ ਚੀਜ਼ਾਂ 'ਚੋਂ ਗੁਰੂ ਜਿਹੜਾ ਹੈ ਉਹਦੀ ਮੂਰਤ ਨੂੰ ਹਿਰਦੇ 'ਚ ਵਸਾ ਲਓ। ਇਹ ਐਵੇਂ ਨਹੀਂ ਹੁੰਦਾ, ਜਿਹਦੀ ਮੂਰਤ ਹਿਰਦੇ 'ਚ ਵਸਾਵੋਂਗੇ, ਉਹਦਾ ਅਸਰ ਆਉਣ ਲੱਗ ਜਾਏਗਾ। ਵੇਸਵਾ ਦੀ ਮੂਰਤ ਹਿਰਦੇ 'ਚ ਵਸਾ ਲਓ, ਸਾਰੇ ਸਰੀਰ 'ਚ vibration ਹੋ ਕੇ ਕਾਮ ਬਿਰਤੀ ਜਾਗ ਜਾਏਗੀ ਕਿਉਂਕਿ ਅਸਰ ਹੁੰਦਾ ਹੈ ਜਿਹਨੂੰ ਹਿਰਦੇ 'ਚ ਵਸਾਵੋਂਗੇ। ਜੇ ਗੁਰੂ ਨੂੰ ਹਿਰਦੇ 'ਚ ਵਸਾ ਲਓ ਗੁਰੂ ਦਾ ਪਿਆਰ ਖਿੱਚਾਂ ਪਾਉਣੀਆਂ ਸ਼ੁਰੂ ਕਰ ਦਿੰਦਾ ਹੈ। ਗੁਰੂ ਕੋਈ ਜਾਗ੍ਰਤ ਰੂਪ ਹੈ, ਸਾਰੇ ਹੀ ਰੂਪ ਨੇ ਗੁਰੂ ਦੇ।

ਜਦੋਂ ਧਿਆਨ ਲਗਦਾ ਹੈ, 'ਵਰਿਆਮ ਸਿੰਘ' ਕਹੋ ਉਹਦੀ ਸ਼ਕਲ ਆਏਗੀ ਤੁਹਾਡੇ ਅੰਦਰ। ਜਦੋਂ ਅਸੀਂ ਗੁਰੂ ਦੀ ਸ਼ਕਲ ਅੰਦਰ ਵਸਾਉਂਦੇ ਹਾਂ, ਫੇਰ ਹੁੰਦਾ ਕੀ ਹੈ, ਅਦਬ 'ਚ ਆ ਜਾਂਦੇ ਹਾਂ ਅਸੀਂ, ਭੈ ਵਿਚ ਆ ਜਾਂਦੇ ਹਾਂ, ਨਿਰਮਲ ਭਾਉ 'ਚ। ਹੱਥ ਜੋੜ ਕੇ ਅੱਗੇ ਬੈਠ ਜਾਂਦੇ ਹਾਂ, ਨਾਮ ਜਪਣਾ ਸ਼ੁਰੂ ਕਰ ਦਿੰਦੇ ਹਾਂ। ਇਹ ਕੋਈ ਐਵੇਂ ਨਹੀਂ ਗੱਲ ਹੁੰਦੀ, ਪ੍ਰਤੱਖ ਰੂਪ ਦੇ ਅੰਦਰ ਗੁਰੂ ਜੋਤ ਸਰੂਪ ਹੋ ਜਾਂਦਾ ਹੈ। ਪਹਿਲਾਂ ਹੋਰ ਤਰ੍ਹਾਂ ਨਜ਼ਰ ਆਉਂਦਾ ਹੈ, ਫੇਰ ਬਿਲਕੁਲ ਲਾਈਟ ਨਜ਼ਰ ਆਉਣ ਲਗ ਜਾਂਦੀ ਹੈ ਜਿਵੇਂ ਚਾਨਣਾ, ਪਾਰਦਰਸ਼ਕ ਚਾਨਣਾ ਹੁੰਦਾ, ਝੁਣਝੁਣੀ ਆਉਂਦੀਆਂ ਨੇ ਫੇਰ, ਜਿਹੜਾ ਆਪਨਾ ਆਪ ਹੈ ਉਹ ਐਉਂ ਲਗਣ ਲਗ ਜਾਂਦਾ ਹੈ, ਆਹ ਜਿਹੜਾ ਸਰੀਰ ਮੇਰਾ ਹੈ ਇਹ ਤਾਂ ਖਤਮ ਹੋ ਗਿਆ, ਇਹ ਹੁਣ ਗੁਰੂ ਦਾ ਹੀ ਬਣ ਗਿਆ। ਆਪਨਾ ਆਪ ਅਭਾਵ ਹੋ ਜਾਂਦਾ ਹੈ, ਗੁਰੂ ਹੀ ਰਹਿ ਜਾਂਦਾ ਹੈ। ਇਕ

ਤਾਂ ਇਹ ਹੈ।

ਦੂਸਰਾ ਇਹ ਹੈ ਕਿ ਜਿਹੜੇ ਥੋੜ੍ਹੇ ਜਿਹੇ ਸੁਧਰੇ ਹੋਏ ਨੇ, ਜਿਨ੍ਹਾਂ ਦੀ ਬਿਰਤੀ ਇਕਾਗਰ ਹੁੰਦੀ ਹੈ ਉਹ ਹੈ ਗੁਰੂ ਦੀ ਦੂਸਰੀ ਸੂਰਤ।

ਇਕ ਤਾਂ ਉਹ ਸ਼ਬਦ ਹੈ ਜਿਹੜਾ ਅਸੀਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਤੋਂ ਸੁਣਦੇ ਹਾਂ। ਇਹ ਉਨ੍ਹਾਂ ਦੀ ਮੂਰਤ ਹੈ, ਇਕ ਉਹ ਸ਼ਬਦ ਹੈ ਜਿਹੜਾ ਸਾਨੂੰ ਪੰਜ ਪਿਆਰਿਆਂ ਨੇ ਦਿਤਾ। ਏਸ ਸ਼ਬਦ ਦੀ ਧੁਨ ਬਣਦੀ ਹੈ ਅੰਦਰ। ਜਪਣਾ ਹਟ ਜਾਂਦਾ ਹੈ, ਨਾ ਜੀਭ ਹਿਲਦੀ ਹੈ ਨਾ ਬੁੱਲ੍ਹ ਹਿਲਦੇ ਨੇ, ਕੁਛ ਨਹੀਂ ਹੁੰਦਾ, ਆਪੇ ਹੀ ਨਾਮ ਜਪਿਆ ਜਾਂਦਾ ਹੈ। ਅਸੀਂ ਸਿਰਫ ਸੁਣਨਾ ਹੈ ਬੈਠ ਕੇ, ਚੁੱਪ ਕਰਕੇ। ਜਦੋਂ ਅਸੀਂ ਸੁਣਦੇ ਹਾਂ ਉਹਦੀ ਧੁਨ ਬਣ ਜਾਂਦੀ ਹੈ। ਧੁਨ ਦੇ ਨਾਲ ਅਨਹਦ ਆ ਰਲਦੇ ਨੇ, ਆਟੋਮੈਟੀਕਲੀ। ਆਪਣੇ ਆਪ ਹੀ ਬੇਅੰਤ ਕਿਸਮ ਦੇ ਸਾਜ ਜਿਹੜੇ ਨਾ ਅਸੀਂ ਕਦੇ ਦੇਖੇ ਨੇ, ਨਾ ਕੋਈ ਵਜਾਉਣ ਵਾਲਾ ਹੈ, ਆਪੇ ਹੀ ਅੰਦਰੋਂ ਵਜਣੇ ਸ਼ੁਰੂ ਹੋ ਜਾਂਦੇ ਨੇ।


*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ - ੯੫੪*

ਜਦੋਂ ਖੁਲ੍ਹਿਆ -

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਅੰਗ - ੯੫੪*

ਆਪਣੇ ਆਪ ਹੀ ਨਾਮ ਦੇ ਨਾਲ ਰਲ ਜਾਂਦੇ ਨੇ, ਉਸ ਵੇਲੇ ਨਾਮ ਬਹੁਤ ਰਸੀਲਾ ਹੋ ਜਾਂਦਾ ਹੈ। ਰਸ ਆਉਂਦਾ ਹੈ, ਜੀਅ ਨਹੀਂ ਕਰਦਾ ਛੱਡਣ ਨੂੰ। ਬਾਰ-ਬਾਰ ਸੁਰਤ ਅੰਦਰ ਨੂੰ ਜਾਏਗੀ। ਕੋਈ ਕੰਮ ਕਰੋ ਸੁਰਤ ਅੰਦਰ ਨੂੰ ਚਲੀ ਜਾਏਗੀ। ਸੋ ਉਹਨੂੰ ਕਹਿੰਦੇ ਨੇ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯*



ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

ਉਹ ਧੁਨ ਵਿਚ ਧਿਆਨ ਲਗ ਜਾਂਦਾ ਹੈ। ਇਸ ਤੋਂ ਬਾਅਦ ਅਜਪਾ ਜਾਪ ਆ ਜਾਂਦਾ ਹੈ।

*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*
*ਅੰਗ - ੧੨੯੧*

ਜਪਣਾ ਨਹੀਂ ਕੁਛ ਨਹੀਂ ਕਰਨਾ। ਨਾਮ ਸੁਣਨ ਲਗ ਜਾਂਦਾ ਹੈ।

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥*
*ਅੰਗ - ੧੪੨੦*

ਐਸਾ ਵੀ ਹੁੰਦਾ ਹੈ, ਜਦੋਂ vibration ਹੁੰਦੀ ਹੈ, ਸਰੀਰ ਸਾਰਾ ਪ੍ਰਕਾਸ਼ ਦਾ ਲੱਗਣ ਲਗ ਜਾਂਦਾ ਹੈ ਤੇ ਜਿੰਨੇ ਰੋਮ ਨੇ ਹਰੇਕ ਦੇ ਵਿਚ vibration ਹੋਣ ਲੱਗ ਜਾਂਦੀ ਹੈ। ਇਹਨੂੰ 'ਗੁਰਮੁਖ ਰੋਮ ਰੋਮ ਹਰਿ ਧਿਆਵੈ' ਕਹਿੰਦੇ ਨੇ।

ਬੜੀਆਂ ਮਿਸਾਲਾਂ ਨੇ, ਸੰਤ ਮਹਾਰਾਜ ਬ੍ਰਹਮਗਿਆਨੀ ਮਹਾਂਪੁਰਸ਼ ਗੁਰਬਚਨ ਸਿੰਘ ਜੀ ਨੇ ਇਹਦੀ ਮਿਸਾਲ ਦਿਤੀ। ਬਾਬਾ ਸੁੰਦਰ ਸਿੰਘ ਜੀ ਨੇ ਦੱਸਿਆ ਸੀ ਡਾਕਟਰ ਦੀਵਾਨ ਸਿੰਘ ਨੂੰ। ਡਾਕਟਰ ਦੀਵਾਨ ਸਿੰਘ ਲਾਉਂਦਾ ਹੈ ਟੂਟੀਆਂ ਆਪਣੇ ਕੰਨਾਂ ਦੇ ਨਾਲ ਕਿ ਮੈਂ ਦੇਖਾਂ ਕਿ ਕਿੱਥੇ ਦਿਲ ਧੜਕਦਾ ਹੈ, ਕੀ ਅੰਦਰ ਬਲਗਮ ਹੈ। ਉਹ ਉਸ ਨੂੰ ਸੁਣਦੀ ਹੀ ਨਹੀਂ, ਅੰਦਰੋਂ ਵਾਹਿਗੁਰੂ-ਵਾਹਿਗੁਰੂ ਸੁਣੀ ਜਾਂਦਾ ਹੈ। ਉਹ ਕਦੇ ਪੇਟ ਤੇ ਲਾਉਂਦਾ ਹੈ, ਕਦੇ ਬਾਹਾਂ ਤੇ ਲਾਉਂਦਾ ਹੈ, ਕਦੇ ਛਾਤੀ ਤੇ ਲਾਉਂਦਾ, ਅਖੀਰ ਉਹਨੇ ਚਰਨਾਂ ਤੇ ਲਾ ਦਿਤੀਆਂ। ਬਾਬਾ ਜੀ ਕਹਿਣ ਲੱਗੇ, ਡਾਕਟਰ ਇਹ ਕੀ ਕਰ ਰਿਹਾ ਹੈਂ ਤੂੰ? ਕਹਿੰਦਾ, ਬਾਬਾ ਜੀ! ਇਕ ਆਵਾਜ਼ ਆ ਰਹੀ ਹੈ ਤੁਹਾਡੇ ਅੰਦਰੋਂ ਲਾਗਾਤਾਰ ਤੇ ਮੈਂ ਇਹ ਦੇਖਦਾ ਹਾਂ ਕਿ ਸਾਰੇ ਸਰੀਰ 'ਚ ਹੈ ਇਹ ਕਿ ਇਕ ਥਾਉਂ ਹੀ ਆਉਂਦੀ ਹੈ। ਕਹਿੰਦੇ, ਕੀ ਦੇਖਿਆ? ਉਹ ਕਹਿਣ ਲੱਗਿਆ ਕਿ ਜਿੱਥੇ ਵੀ ਟੂਟੀਆਂ ਲਾਉਂਦਾ ਹਾਂ, ਉਥੋਂ ਵਾਹਿਗੁਰੂ-ਵਾਹਿਗੁਰੂ ਦੀ ਧੁਨੀ ਆ ਰਹੀ ਹੈ।

ਸੰਤ ਮਹਾਰਾਜ ਜੀ ਸਾਡੇ ਕੋਲ ਚੰਡੀਗੜ੍ਹ ਆਏ ਹੋਏ ਸੀ। ਦੀਵਾਨ ਦੀ ਸਮਾਪਤੀ ਤੋਂ ਬਾਅਦ ਕੁੱਛ ਪ੍ਰੇਮੀ ਉਨ੍ਹਾਂ ਦੇ ਚਰਨ ਦੱਬ ਰਹੇ ਨੇ, ਮੈਂ ਵੀ ਉਥੇ ਗਿਆ ਹੋਇਆ, ਮੈਨੂੰ ਵੀ ਥੋੜ੍ਹਾ ਬਹੁਤਾ ਸਮਾਂ ਮਿਲ ਗਿਆ। ਸਾਡਾ ਜਿਹੜਾ ਛੋਟਾ



ਬਾਬਾ ਸੁੰਦਰ ਸਿੰਘ ਜੀ ਦਮਦਮੀ ਟਕਸਾਲ

ਮੁੰਡਾ ਹੈ ਉਹ ਬਹੁਤੀ ਉਮਰ ਦਾ ਨਹੀਂ ਸੀ, ਉਸ ਵੇਲੇ ਅੱਠ ਕੁ ਸਾਲ ਦਾ ਹੋਣਾ, ਨੌਂ ਦਾ ਹੋਣਾ। ਉਹ ਚਰਨ ਦੱਬਦਾ-ਦੱਬਦਾ ਕੰਨ ਲਾਉਣ ਲੱਗ ਗਿਆ ਮਹਾਰਾਜ ਜੀ ਦੇ ਚਰਨਾਂ ਦੇ ਨਾਲ, ਕਦੇ ਇਧਰ ਕੰਨ ਲਾਉਂਦਾ ਹੈ, ਕਦੇ ਇਧਰ ਲਾਉਂਦਾ ਹੈ। ਮਹਾਰਾਜ ਜੀ ਨੇ ਦੇਖ ਲਿਆ ਕਿ ਇਹ ਕੰਨ ਲਾਉਂਦਾ ਹੈ। ਕਿਉਂ ਲਾਉਂਦਾ ਹੈਂ? ਉਨ੍ਹਾਂ ਨੇ ਪੁੱਛਿਆ, ਨ੍ਰਿਪ! ਤੂੰ ਚਰਨ ਦੱਬਦਾ ਸੀ, ਆਹ ਕੀ ਕਰਦਾ ਹੈਂ? ਕਹਿੰਦਾ, ਮਹਾਰਾਜ! ਮੈਨੂੰ ਆਵਾਜ਼ ਆਉਂਦੀ ਹੈ ਇਕ, ਕਹਿੰਦਾ ਜਦੋਂ ਮੈਂ ਕੰਨ ਲਾਉਂਦਾ ਹਾਂ, ਤੁਹਾਡੇ ਚਰਨਾਂ ਦੇ ਵਿਚੋਂ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਦੀ ਆਵਾਜ਼ ਆਉਂਦੀ ਹੈ। ਸੋ ਆਹ ਕੰਨਾਂ ਦੇ ਨਾਲ ਵੀ ਸੁਣਨ ਲਗ ਜਾਂਦੀ ਹੈ ਅਣਜਾਣ ਬੰਦਿਆਂ ਨੂੰ ਵੀ।

ਬਾਬਾ ਜੀ ਗੁਰਬਚਨ ਸਿੰਘ ਜੀ ਖਾਲਸਾ, ਬਾਬਾ ਸੁੰਦਰ ਸਿੰਘ ਜੀ ਸੇਵਾ 'ਚ ਨੇ। ਕਹਿਣ ਲੱਗੇ ਮਹਾਰਾਜ! ਇਹ ਸਾਰੇ ਨਾਮ ਕਿਵੇਂ ਸੁਣਨ ਲਗ ਜਾਂਦਾ ਹੈ? ਕ੍ਰਿਪਾ ਕਰੋ। ਕਹਿੰਦੇ, ਆਹ ਦਰਵਾਜ਼ੇ ਨੂੰ ਲਾ ਕੰਨ। ਦਰਵਾਜ਼ੇ ਨੂੰ ਜਦੋਂ ਕੰਨ ਲਾਏ, ਉਹਦੇ ਵਿਚੋਂ ਵੀ ਨਾਮ ਦੀ ਧੁਨ ਸੁਣਾਈ ਦੇਵੇ। ਕੰਧ ਨੂੰ ਲਾਏ ਉਹਦੇ ਵਿਚੋਂ ਵੀ ਨਾਮ ਦੀ ਧੁਨ ਸੁਣੇ। ਇਹ ਇਕ ਅਵਸਥਾ ਹੋਇਆ ਕਰਦੀ ਹੈ, ਕਿਉਂਕਿ ਨਾਮ ਸਾਰੇ ਰਮਿਆ ਹੋਇਆ ਹੈ, ਜਦੋਂ ਅਸੀਂ ਉਸ ਅਵਸਥਾ 'ਚ ਪਹੁੰਚ ਜਾਂਦੇ ਹਾਂ, ਜਿਹਨੂੰ ਨਾਮ ਦੀ ਅਉਧੀ ਕਿਹਾ ਹੈ। ਉਸ ਵੇਲੇ ਸਾਰਿਆਂ ਪਾਸਿਆਂ ਤੋਂ ਨਾਮ ਦੀ ਆਵਾਜ਼ ਆਪੇ ਹੀ ਆਉਣ ਲਗ ਜਾਂਦੀ ਹੈ।

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥***

***ਅੰਗ - ੧੨੬੫***

***ਹਰਹਟ ਭੀ ਤੂੰ ਤੂੰ***
***ਕਰਹਿ ਬੋਲਹਿ ਭਲੀ ਬਾਣਿ ॥***

***ਅੰਗ - ੧੪੨੦***

ਕਿਉਂਕਿ ਨਾਮ ਦੀ ਅਉਧੀ ਪ੍ਰਾਪਤ ਹੋ ਗਈ, ਹਰ ਪਾਸੇ ਤੋਂ ਨਾਮ ਸੁਣਦਾ ਹੈ।

***ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ***
***ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥***

***ਅੰਗ - ੫੪੦***

ਇਸ ਤਰ੍ਹਾਂ ਨਾਮ ਜਪਦੇ-ਜਪਦੇ ਨਾਮ ਦਾ ਰੂਪ ਬਣ ਜਾਂਦਾ ਹੈ। ਕਿਉਂਕਿ ਅਕਾਲ ਪੁਰਖ ਜੀ ਇਹ ਕਹਿੰਦੇ ਨੇ ਕਿ-

***ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥***

***ਅੰਗ - ੫੫***

ਨਾਮ ਇਹਦੇ ਅੰਦਰ ਵਸਦਾ ਹੈ। ਵਾਹਿਗੁਰੂ ਨਾਮ 'ਚ ਵਸਦਾ ਹੈ। ਜਦੋਂ ਨਾਮ ਸਿੱਧ ਹੋ ਗਿਆ, ਉਸ ਵੇਲੇ ਇਹਦਾ ਮੈਂ ਭਾਵ ਖਤਮ ਹੋ ਜਾਂਦਾ ਹੈ। ਆਪਾ ਭਾਵ ਖਤਮ ਜੋ ਜਾਂਦਾ ਹੈ। ਹੋਰ ਅਨੇਕਾਂ ਚੀਜ਼ਾਂ ਮਹਾਰਾਜ ਨੇ ਦੱਸੀਆਂ ਕਿ ਪ੍ਰਕਾਸ਼ ਐਨਾ ਵਧ ਜਾਂਦਾ ਹੈ ਕਿ ਸਰੀਰ ਤੋਂ ਵੀ ਬਾਹਰ ਆਉਣ ਲਗ ਜਾਂਦਾ ਹੈ।

ਇਕ ਵਾਰੀ ਸਾਡਾ ਵੱਡਾ ਲੜਕਾ, ਉਹ ਸਾਇੰਸ ਪੜ੍ਹਦਾ ਹੁੰਦਾ ਸੀ, ਤਰਕ ਸੀ ਉਹਦੀ ਦ੍ਰਿਸ਼ਟੀ 'ਚ। ਮੈਂ ਕਿਹਾ ਮਹਾਰਾਜ! ਇਹ ਤਰਕ ਬਹੁਤ ਕਰਦਾ ਹੈ, ਇਸ ਤੇ ਕ੍ਰਿਪਾ



ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਦਮਦਮੀ ਟਕਸਾਲ



**ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ**

ਕਰੋ। ਇਕ ਕਿਤਾਬ ਪਈ ਸੀ, ਕਹਿੰਦੇ ਆਹ ਕਿਤਾਬ ਸਾਨੂੰ ਪੰਦਰਾਂ ਮਿੰਟ ਪੜ੍ਹ ਕੇ ਸੁਣਾਇਆ ਕਰ। ਬਹਾਨੇ ਨਾਲ ਕੋਲ ਬੁਲਾਉਣਾ ਸ਼ੁਰੂ ਕਰ ਲਿਆ। ਦੀਵਾਨ ਤੋਂ ਆਇਆ ਕਰਨ, ਸਾਢੇ ਗਿਆਰ੍ਹਾਂ ਵੱਜੇ ਹੋਣ ਰਾਤ ਦੇ, ਉਸ ਵੇਲੇ ਉਹਨੇ ਪੰਦਰਾਂ ਮਿੰਟ ਜਾਂ ਦੱਸ ਮਿੰਟ ਪੜ੍ਹਨੀ। ਇਕ ਦਿਨ ਉਹਦੇ ਵਿਚ ਆ ਗਿਆ ਕਿ ਅਮਰੀਕਾ ਦੀ ਕੈਲੇਫੋਰਨੀਆਂ ਯੂਨੀਵਰਸਿਟੀ ਦੀ ਇਕ ਡਾਕਟਰ ਜੇ.ਸੀ ਟਰੱਸਟ ਸੀ, ਉਹ ਜਦੋਂ ਯੂਨੀਵਰਸਿਟੀ 'ਚ ਲੈਕਚਰ ਦੇਣ ਲਈ, ਸਪਿਰਚੂਅਲ ਆਈਟਮ ਦੇ ਉਤੇ ਲੈਕਚਰ ਦੇਣਾ ਸੀ, ਜਦੋਂ ਲੈਕਚਰ ਦੇਣ ਲੱਗੀ ਤਾਂ ਉਹਦੀ body ਚਾਰਜ ਹੋ ਗਈ ਤਾਂ ਰੋਸ਼ਨੀ ਨਿਕਲਣ ਲੱਗ ਗਈ ਉਹਦੀ body 'ਚੋਂ। ਕਿਉਂਕਿ ਨਾਮ ਜਪਣ ਦੀ ਇਕ ਐਸੀ ਅਵਸਥਾ ਆਉਂਦੀ ਹੈ, body ਚਾਰਜ ਹੋ ਜਾਇਆ ਕਰਦੀ ਹੈ, ਸਰੀਰ ਜਿਹੜਾ ਹੈ ਉਹਨੂੰ ਹੱਥ ਨਹੀਂ ਲਗਦਾ ਫੇਰ ਕਿਸੇ।

ਬਾਪੂ ਜੀ ਜਦੋਂ ਭਜਨ ਕਰਿਆ ਕਰਦੇ ਸੀ, ਬੀਜੀ ਦੇ ਪਿਤਾ ਸੀ ਜੇ ਕਿਤੇ ਭੁੱਲ-ਭੁਲੇਖੇ ਹੱਥ ਰੱਖ ਹੋ ਜਾਏ ਕਿਸੇ ਦੇ ਸਿਰ ਤੇ ਉਨ੍ਹਾਂ ਦਾ, 24 ਘੰਟੇ ਬੰਦੇ ਨੂੰ ਸੁਰਤ ਨਹੀਂ ਸੀ ਆਉਂਦੀ। ਲੋਟਪੋਟਨੀਆਂ ਖਾਣ ਲਗ ਜਾਂਦਾ ਸੀ।

ਇਕ ਦਿਨ ਉਨ੍ਹਾਂ ਦੀ ਚਾਚੀ ਕਹਿਣ ਲੱਗੀ, ਹੀਰਾ ਸਿੰਆਂ! ਤੂੰ ਸਾਰਿਆਂ ਦਾ ਨਾਮ ਚਲਾਈ ਜਾਂਦਾ ਹੈਂ ਮੇਰਾ ਵੀ ਚਲਾ ਦੇ। ਸਹਿਜ ਸੁਭਾਅ ਬੈਠੇ ਸੀ ਪਿੱਠ ਤੇ ਹੱਥ ਮਾਰ ਕੇ ਕਹਿਣ ਲੱਗੇ, ਚਾਚੀ ਨਾਮ ਤਾਂ ਅੰਦਰ ਚਲਦਾ ਹੀ ਹੁੰਦਾ ਹੈ, ਸੁਣਨ ਦੀ ਲੋੜ ਹੈ, ਲੈ ਸੁਣ। ਉਹ ਲਿਟਦੀ-ਲਿਟਦੀ ਪਰ੍ਹੇ ਚਲੀ ਗਈ ਕੰਧ ਨਾਲ। ਮੁੜ ਕੇ ਫੇਰ ਉਰ੍ਹਾ ਨੂੰ ਆ ਗਈ, ਬਾਪੂ ਜੀ ਨੇ ਫੇਰ ਹੱਥ ਲਾਇਆ, ਵਾਧੂ ਸ਼ਕਤੀ ਖਿੱਚ ਲਈ ਉਠ ਕੇ ਬੈਠ ਗਈ, ਅੱਖਾਂ ਮੀਚ ਲਈਆਂ। ਬਾਪੂ ਜੀ ਬਾਹਰ ਨੂੰ ਜਾਂਦੇ ਨੇ ਤੇ ਉਨ੍ਹਾਂ ਦੇ ਕਹਿਣ ਲੱਗੇ ਬਾਈ! ਬੇਬੇ ਗਈ ਸੀ ਉਤੇ। ਕਹਿੰਦੇ, ਬੇਬੇ ਤੁਹਾਡੀ ਉਤੇ ਬੈਠੀ ਹੈ ਚੁਬਾਰੇ 'ਚ। ਜੇ ਲਿਆਉਣੀ ਹੈ ਤਾਂ ਲੈ ਆਏ, ਪਰ ਅਸੀਂ ਜ਼ਿੰਮੇਵਾਰ ਨਹੀਂ ਜੇ ਕੁਛ ਹੋ ਗਿਆ।

ਕਹਿੰਦੇ, ਕੀ ਗੱਲ? ਕਹਿੰਦੇ ਉਹ ਤਾਂ ਕੱਲ੍ਹ ਨੂੰ ਦੱਸ ਵਜੇ ਜਾ ਕੇ ਸੁਰਤ 'ਚ ਆਏਗੀ। 24 ਘੰਟੇ ਵਾਸਤੇ ਹੱਥ ਰੱਖ ਕੇ ਸਮਾਧੀ ਲਵਾ ਦਿਤੀ। 24 ਘੰਟੇ ਬਾਅਦ ਚਾਚੀ ਨੂੰ ਹੋਸ਼ ਆਈ, ਫੇਰ ਉਠੀ। ਇਕ ਮਿਸਾਲ ਨਹੀਂ ਹੈ, ਬਹੁਤ ਨੇ।

ਪਟਿਆਲੇ ਨਾਮਧਾਰੀ ਨਿਹੰਗ ਸੀਗੇ ਇਕ ਉਹ ਆਏ ਹੋਏ ਸੀ, ਉਨ੍ਹਾਂ ਦੇ ਦੀਵਾਨ ਲਗਦੇ ਸੀ, ਹੁਕਮ ਹੋ ਗਿਆ ਕਿ ਨਾਮਧਾਰੀਆਂ ਦੇ ਜਿਹੜੀ ਕੰਨ 'ਚ ਗੱਲ ਕਹਿੰਦੇ ਨੇ, ਉਹ ਨਾ ਸੁਣੋ। ਕਿਉਂਕਿ ਉਨ੍ਹਾਂ ਨੇ ਰੋਕ ਲਾ ਦਿਤੀ ਕਿ ਪੰਜ ਸਿੱਖ ਇੱਕਠੇ ਨਹੀਂ ਸੀ ਹੋ ਸਕਦੇ। ਉਹ ਅੰਮ੍ਰਿਤ ਲੁਕ ਕੇ ਤਿਆਰ ਕਰ ਲੈਂਦੇ ਸੀ, ਧਰਤੀ 'ਚ ਟੋਆ ਪੁੱਟ ਲੈਣਾ ਵੱਡਾ ਸਾਰਾ, ਉਤੇ ਛੱਤ ਪਾ ਲੈਣੀ, ਉਥੇ ਅੰਮ੍ਰਿਤ ਤਿਆਰ ਕਰਦੇ ਸੀ। ਉਸ ਤੋਂ ਬਾਅਦ ਅੰਮ੍ਰਿਤ ਛਕਾਉਣ ਦਾ ਕੋਈ ਸਾਧਨ ਨਹੀਂ ਸੀ ਬਣਦਾ। ਜੇ ਛੇਵੇਂ ਨੂੰ ਛਕਾਉਂਦੇ ਹਾਂ ਛੇ ਹੋ ਗਏ ਤਾਂ ਉਸੇ ਵਕਤ ਫੜ ਲੈਂਦੇ ਸੀ। ਪੁਲਿਸ ਮਗਰ ਹੀ ਫਿਰਦੀ ਰਹਿੰਦੀ ਸੀ ਨਾਮਧਾਰੀਆਂ ਦੇ। ਉਨ੍ਹਾਂ ਨੇ ਫੇਰ ਬਾਲਟੀ 'ਚ ਅੰਮ੍ਰਿਤ ਪਾ ਲੈਣਾ, ਜਿਹੜੇ ਜਗਿਆਸੂ ਹੁੰਦੇ ਕੋਈ ਕਿੱਕਰ ਥੱਲੇ ਬੈਠਾ ਹੈ, ਕੋਈ ਵੱਟ ਤੇ ਬੈਠਾ ਹੈ ਉਥੇ ਜਾ ਕੇ ਇਕੱਲੇ-ਇਕੱਲੇ ਨੇ ਅੰਮ੍ਰਿਤ ਛਕਾਈ ਜਾਣਾ। ਅਸੀਂ ਤਾਂ ਹੁਣ ਕਹਿ ਦਿੰਦੇ ਹਾਂ ਨਾ ਕਿ ਉਹ ਐਉਂ ਕਰਦੇ ਸੀ। ਉਹ ਹਾਲਾਤ ਹੀ ਐਸੇ ਸੀਗੇ। ਉਹ ਜੇ ਰਸਮ ਬਣ ਜਾਏ ਫੇਰ ਗਲਤ ਗੱਲ ਹੋ ਜਾਂਦੀ ਹੈ। ਉਹ ਠੀਕ ਨਹੀਂ ਹੋਇਆ ਕਰਦੀ। ਨਿਹੰਗ ਸਿੰਘ ਸ਼ਾਮ ਨੂੰ ਉਹਨੇ ਨਾਮ ਦੇਣਾ, ਕਹਿਣਾ ਕਿ ਨਾਮ ਲੈਣ ਵਾਲੇ ਆ ਜਾਓ। ਮਹਾਰਾਜ ਮਹਿੰਦਰ ਸਿੰਘ ਹੁੰਦਾ, ਉਹਨੂੰ ਸਰਕੂਲਰ ਆ ਗਿਆ ਅੰਗਰੇਜ਼ ਦਾ ਕਿ ਇਹ ਕੰਨ 'ਚ ਕੀ ਦਸਦੇ ਨੇ ਪਤਾ ਕਰੋ। ਸੋ ਜਿਹਨੂੰ ਨਾਮ ਮਿਲ ਜਾਣਾ ਉਹਨੇ ਦੱਸਣਾ ਨਾ ਆ ਕੇ। ਉਨ੍ਹਾਂ ਨੇ ਮਹਿੰਦਰ ਸਿੰਘ ਨੂੰ ਭੇਜ ਦਿਤਾ, ਆਪਣਾ ਜਿਹੜਾ ਉਨ੍ਹਾਂ ਦਾ ਨਫਰ ਸੀ ਉਹ ਆ ਕੇ ਬਹਿ ਗਿਆ, ਜਦੋਂ ਨਾਮ ਦੀ ਗੱਲ ਕਰੀ, ਉਹਦੇ ਕੰਨ 'ਚ ਜਿਸ ਵਕਤ ਵਾਹਿਗੁਰੂ-ਵਾਹਿਗੁਰੂ ਪੰਜ ਵਾਰੀ ਕਿਹਾ, ਉਹ ਉਥੇ ਹੀ ਬਹਿ ਗਿਆ। 24 ਘੰਟੇ ਲੰਘ ਗਏ, ਮਹਾਰਾਜਾ ਉਡੀਕਦਾ ਹੈ ਉਸ ਤੋਂ ਬਾਅਦ ਦੂਸਰੇ ਦਿਨ ਭੇਜਿਆ ਆਪਣੇ ਚਾਕਰ ਨੂੰ ਕਿ ਜਾਹ ਮਹਿੰਦਰ ਸਿੰਘ ਆਇਆ ਨਹੀਂ ਕੀ ਹੋ ਗਿਆ ਉਹਨੂੰ। ਉਹ ਉਥੇ ਆ ਕੇ ਉਹਦਾ ਮੋਢਾ ਹਿਲਾਉਂਦਾ ਹੈ, ਮੋਢਾ ਹਿਲਾਇਆ ਤੇ ਉਹਦੀ ਅੱਖ ਖੁਲ੍ਹੀ ਜਿਵੇਂ ਕਿਤੇ ਬੜੀ ਨੀਂਦ ਤੋਂ ਉਠਿਆ ਹੁੰਦਾ ਹੈ, ਬਹੁਤ ਕਿਸੇ ਗਹਿਰੇ ਥਾਂ ਤੋਂ ਆਇਆ ਹੁੰਦਾ ਹੈ, ਅੱਖਾਂ ਲਾਲ। ਕਹਿਣ ਲੱਗਿਆ, ਕੀ ਗੱਲ ਹੈ? ਤੈਨੂੰ ਮਹਾਰਾਜ ਬੁਲਾਉਂਦਾ

ਹੈ? ਕਹਿਣ ਲੱਗਿਆ, ਕਿਹੜਾ ਮਹਾਰਾਜ? ਉਸ ਨੇ ਕਿਹਾ ਕਿ ਤੂੰ ਮਹਾਰਾਜੇ ਨੂੰ ਭੁੱਲ ਗਿਆ। ਉਹ ਕਹਿੰਦਾ ਜਾਹ, ਨੱਠ ਜਾ, ਐਹੋ ਜਿਹੇ ਕਰੋੜਾਂ ਮਹਾਰਾਜੇ ਅਸੀਂ ਠੁੱਡੇ ਖਾਂਦੇ ਦੇਖੇ ਨੇ ਦਰਗਾਹ ਵਿਚ। ਉਹ ਗਿਆ ਹੀ ਨਾ ਮੁੜ ਕੇ। ਹੀਰਾ ਸਿੰਘ ਦੁਲੱਦੀ ਪਿੰਡ ਦਾ ਸੀ। ਉਹ ਮਹਾਰਾਜੇ ਨੂੰ ਕਹਿਣ ਲੱਗਿਆ ਕਿ ਮੈਂ ਚਾਰੇ ਐਬ ਛੱਡਈ ਹਾਂ ਮੈਂ ਜਾ ਕੇ ਲਿਆਵਾਂਗਾ ਉਹਨੂੰ। ਮੇਰੇ ਤੇ ਉਨ੍ਹਾਂ ਦੀ ਕਲਾਮ ਦਾ ਅਸਰ ਨਹੀਂ ਹੋਣਾ। ਦੂਜੇ ਦਿਨ ਉਹ ਚਲਿਆ ਗਿਆ ਤਾਂ ਜਦੋਂ ਉਹਦੇ ਕੰਨ 'ਚ ਵਾਹਿਗੁਰੂ ਪੰਜ ਵਾਰੀ ਕਿਹਾ, ਉਹਦੀ ਵੀ ਓਹੀ ਹਾਲਤ ਹੋ ਗਈ। 24 ਘੰਟੇ ਬਾਅਦ ਉਹਨੂੰ ਵੀ ਹਿਲਾਇਆ, ਉਹ ਕਹਿੰਦਾ ਕਿਹੜਾ ਮਹਾਰਾਜ। ਐਹੋ ਜਿਹੇ ਮਹਾਰਾਜ ਤਾਂ ਅਸੀਂ ਬੇਅੰਤ ਦੇਖੇ ਨੇ। ਮੈਂ ਨਹੀਂ ਜਾਂਦਾ ਜਾਹ ਕਹਿ ਦੇ ਉਹਨੂੰ। ਉਹ ਸਰਦਾਰ ਸੀਗਾ ਮਹਾਰਾਜ ਨੇ ਸੁਨੇਹਾ ਭੇਜਿਆ ਕਿ ਮੈਂ ਜਾਇਦਾਦ ਸਾਰੀ ਜਬਤ ਕਰ ਲਵਾਂਗਾ। ਕਹਿੰਦਾ, ਕਰ ਲੈ। ਅਸੀਂ ਤਾਂ ਸਰੀਰ ਵੀ ਦੇ ਦਿਤਾ, ਸਿਰ ਵੀ ਦੇ ਦਿਤਾ ਤੇ ਉਸੇ ਵੇਲੇ ਹੁਕਮ ਹੋ ਗਿਆ ਕਿ ਇਨ੍ਹਾਂ ਨੂੰ 24 ਘੰਟੇ ਦੇ ਅੰਦਰ-ਅੰਦਰ ਪਟਿਆਲਾ ਸਟੇਟ 'ਚੋਂ ਬਾਹਰ ਕੱਢ ਦਿਓ। ਇਹ ਹੀਰਾ ਸਿੰਘ, ਓਹੀ ਹੀਰਾ ਸਿੰਘ ਸੀ ਜਿਹੜਾ ਸ਼ਹੀਦਾਂ ਦਾ ਜਥੇਦਾਰ ਸੀ। ਤੋਪਾਂ ਨਾਲ ਜਿਹੜੇ ਉਡਾਏ ਨੇ, ਅੰਗਰੇਜ਼ ਤੋਪ ਨਾਲ ਉਡਾਉਣ ਲੱਗਿਆ, ਪਿੱਠਾਂ ਬੰਨ੍ਹ ਦਿਤੀਆਂ, ਉਹ ਪਲੀਤਾ ਲਾਉਣ, ਚਲੇ ਹੀ ਨਾ। ਉਹ ਅੰਗਰੇਜ਼ ਜਿਹੜਾ ਸੀ, ਉਹ ਤੋਪਚੀਆਂ ਨੂੰ ਗਾਲ੍ਹਾਂ ਕੱਢਣ ਲਗ ਗਿਆ ਕਿ ਤੁਸੀਂ ਕੀ ਕਰਦੇ ਹੋ, ਨਾਲਾਇਕ ਬੰਦੇ। ਹੀਰਾ ਸਿੰਘ ਕਹਿੰਦਾ ਕਿਉਂ ਕਰਦੇ ਓ, ਅਸੀਂ ਸੂਰਮੇ ਹਾਂ ਸਾਨੂੰ ਪਿੱਠ ਤੋਂ ਨਹੀਂ ਇਹ ਉਡਾ ਸਕਦੀਆਂ, ਛਾਤੀ ਤੋਂ ਉਡਾਉਣਗੀਆਂ, ਸਾਡਾ ਮੂੰਹ ਬਦਲ ਦੇ ਹੁਣੇ ਚੱਲ ਪੈਣਗੀਆਂ। ਕਹਿੰਦੇ, ਨਾਲੇ ਸਾਨੂੰ ਬੰਨ੍ਹੀ ਨਾ। ਇਹ ਤਾਂ ਸਾਡੀ ਮੁਕਤ ਦਾਤੀ ਹੈ, ਉਹ ਸਾਮ੍ਹਣੇ ਦੇਖ, ਤੈਨੂੰ ਦਿਸਦਾ ਨਹੀਂ, ਗੁਰੂ ਤੇਗ ਬਹਾਦਰ ਸਾਹਿਬ ਬਿਵਾਨ ਲਈ ਖੜ੍ਹੇ ਨੇ, ਸ਼ਹੀਦਾਂ ਨੂੰ ਲੈਣ ਵਾਸਤੇ। ਟੱਪਦੇ ਆਉਂਦੇ ਨੇ ਆ ਕੇ ਤੋਪ ਨੂੰ ਜੱਫੀ ਪਾ ਲੈਂਦੇ ਨੇ। 68 ਨਾਮਧਾਰੀਏ ਇਕੋ ਦਿਨ ਵਿਚ ਸ਼ਹੀਦ ਕਰ ਦਿਤੇ।

ਸੋ ਨਾਮ ਦੀ ਮੈਂ ਗੱਲ ਕਰ ਰਿਹਾ ਹਾਂ, ਨਾਮ ਦਾ ਅਸਰ ਐਨਾ ਹੁੰਦਾ ਹੈ। ਸੋ ਮਹਾਰਾਜ ਜੀ ਨੂੰ ਜਦੋਂ ਨਾਮ ਦੀ ਪ੍ਰਾਪਤੀ ਹੋਈ ਸੁੱਧ ਬੁੱਧ ਭੁੱਲ ਗਈ ਸਾਰੀ, ਦੁਨੀਆਂ ਭੁੱਲ ਗਈ, ਦੁਨੀਆਂ ਦੇ ਸੁਖ ਭੁੱਲ ਗਏ, ਰਹਿ ਗਿਆ ਯਾਦ ਇਕ ਵਾਹਿਗੁਰੂ। ਸੋ ਮਹਾਰਾਜ ਜੀ ਨੇ ਜੁਗਤ ਸਮਝਾ ਦਿਤੀ। ਕਹਿੰਦੇ ਭਾਈ ਈਸ਼ਰ ਸਿੰਘ ਨਾਮ ਦੀ ਤੈਨੂੰ ਅਸੀਂ ਜੁਗਤ ਸਮਝਾ ਦਿਤੀ ਜਦੋਂ ਨਾਮ ਜਪਦਾ ਹੈ ਜਦੋਂ ਉਹਦਾ ਆਪਾ ਲੀਨ ਹੋ ਜਾਂਦਾ ਹੈ, ਕੇਵਲ ਨਾਮ ਫੇਰ ਪ੍ਰਗਟ ਹੋ ਜਾਂਦਾ ਹੈ।

ਵਣ ਤ੍ਰਿਣ ਸਭ ਵਿਚ ਨਾਮ ਦੀ ਸ਼ਕਤੀ, ਨਾਮ ਦੀ ਗੂੰਜ ਸੁਣਦੀ ਹੈ ਤੇ ਮੈਂ ਦਾ ਅਭਾਵ ਹੋ ਜਾਂਦਾ ਹੈ ਉਸ ਵੇਲੇ ਉਹ ਪ੍ਰਮੇਸ਼ਰ 'ਚ ਲੀਨ ਹੋ ਜਾਇਆ ਕਰਦਾ ਹੈ। ਫੇਰ ਨਾਮ ਨਹੀਂ ਵਿਸਰਦਾ।

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥ ਅੰਗ - ੧੦੭੬*

ਅਵਸਥਾ ਕਿੱਡੀ ਪ੍ਰਾਪਤ ਹੋ ਜਾਂਦੀ ਹੈ ਵਾਹਿਗੁਰੂ-ਵਾਹਿਗੁਰੂ ਕਰਕੇ। ਦੁਨੀਆਂ ਖਪ ਜਾਂਦੀ ਹੈ, ਫੌਜ ਵਿਚ ਭਰਤੀ ਹੋ ਕੇ ਕਹਿੰਦਾ ਹੈ ਕਿ ਮੈਂ ਜਰਨੈਲ ਬਣ ਜਾਵਾਂ, ਸਿਵਲ ਵਿਚ ਭਰਤੀ ਹੋ ਕੇ ਕਹਿੰਦਾ ਹੈ ਮੈਂ ਸੈਕਟਰੀ ਬਣ ਜਾਵਾਂ, ਲੇਕਿਨ ਵਾਹਿਗੁਰੂ-ਵਾਹਿਗੁਰੂ ਕਰਕੇ ਕੀ ਬਣ ਜਾਂਦਾ ਹੈ? ਕੁਦਰਤ ਦਾ ਮਾਲਕ ਬਣ ਜਾਂਦਾ ਹੈ, ਸ੍ਰਿਸ਼ਟੀਆਂ ਦਾ ਮਾਲਕ ਬਣ ਜਾਂਦਾ ਹੈ -

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥ ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥ ਅੰਗ - ੭੦੭*

ਇਕ ਦੋ ਚਾਰ ਨਹੀਂ, ਸਾਰੇ ਹੁਕਮ ਮੰਨਦੇ ਨੇ. ਮੈਂ ਪਿਛੇ ਦੱਸਿਆ ਸੀ ਕਿ ਬਾਬਾ ਬੀਰ ਸਿੰਘ ਜੀ ਦਾ, ਉਨ੍ਹਾਂ ਨੇ ਅਟਕ ਦਰਿਆ ਨੂੰ ਕਿਹਾ ਕਿ ਠਹਿਰ ਜਾ, ਅਸੀਂ ਪਾਠ ਕਰਨਾ ਹੈ। ਭਾਈ ਜੀਵੇ ਦੀ ਲੜਕੀ ਨੇ ਕਹਿ ਦਿਤਾ ਸੀ ਕਿ ਮੈਂ ਖਿੱਚੜੀ ਬਣਾਉਂਦੀ ਹਾਂ, ਮਹਾਰਾਜ ਨੇ ਕਹਿ ਦਿਤਾ ਸੀ ਕਿ ਠਹਿਰ ਜਾ। ਇਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਦੇ ਵਿਚ ਲੀਨ ਹੋ ਜਾਂਦੇ ਨੇ, ਪਦਵੀ ਕਿੱਡੀ ਵੱਡੀ ਪ੍ਰਾਪਤ ਹੋ ਜਾਂਦੀ ਹੈ, ਉਹਦੇ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਨੇ -

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥ ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ਅੰਗ -੨੭੩*

ਕਿਉਂ ਖੋਜਦੇ ਫਿਰਦੇ ਨੇ, ਜਿਹੜਾ ਸਾਕਾਰ, ਨਿਰਾਕਾਰ ਪ੍ਰਭੂ ਹੈ ਉਹਦੇ ਤਕ ਇਨ੍ਹਾਂ ਦੇਵਤਿਆਂ ਦੀ ਪਹੁੰਚ ਨਹੀਂ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥ ਅੰਗ -੭*

ਮਾਇਆ 'ਚੋਂ ਪੈਦਾ ਹੋਣ ਕਰਕੇ ਅਗੇ ਨਹੀਂ ਇਹ ਦੇਖ ਸਕਦੇ। ਇਹ ਫੇਰ ਇਹ ਦੇਖਦੇ ਨੇ ਕਿ ਸੰਸਾਰ ਦੇ ਅੰਦਰ ਕੋਈ ਐਸਾ ਹੋਵੇ ਜਿਹਦੇ ਅੰਦਰ ਪ੍ਰਮੇਸ਼ਰ 100% ਪ੍ਰਗਟ ਹੋਇਆ ਹੋਵੇ। ਉਹ ਉਸ ਨੂੰ ਖੋਜਦੇ ਫਿਰਦੇ ਨੇ।

ਸੋ ਏਸ ਤਰ੍ਹਾਂ ਦੇ ਨਾਲ ਆਪ ਨੇ ਜ਼ਿੰਦਗੀ ਦਾ, ਏਸ ਰੂਹਾਨੀ ਰਸਤੇ ਦਾ ਪੰਧ ਕੱਟਣਾ ਸ਼ੁਰੂ ਕੀਤਾ ਤੇ ਮੁਰਦਿਆਂ ਵਾਂਗੂੰ ਹੋ ਗਏ ਸੇਵਾ ਕਰਨ ਵਾਸਤੇ।

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*

*ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ।*
***ਭਾਈ ਗੁਰਦਾਸ ਜੀ, ਵਾਰ 3/ 18***

ਉਸ ਵੇਲੇ ਦਾ ਇਕ ਦਿਨ ਮੈਨੂੰ ਬੰਦਾ ਮਿਲਿਆ, ਕਹਿਣ ਲੱਗਿਆ ਅਸੀਂ ਮਹਾਰਾਜ ਜੀ ਦੇ ਦਰਸ਼ਨ ਕਰਨ ਵਾਸਤੇ ਗਏ, ਬਾਬਾ ਈਸ਼ਰ ਸਿੰਘ ਜੀ ਮੂਹਰੇ ਬੈਠੇ ਨੇ, ਪਹਿਰੇ ਤੇ ਉਹ ਅੰਦਰ ਭੋਰੇ 'ਚ ਬੈਠੇ ਨੇ। ਸਿਆਲ ਦਾ ਮਹੀਨਾ ਸੀ ਤੇ ਬਾਹਰ ਬੈਠੇ ਨੇ, ਠੰਢ ਦੀ ਪਰਵਾਹ ਨਹੀਂ ਹੋਰ ਕਾਸੇ ਦੀ ਨਹੀਂ, ਚੌਂਕੜਾ ਮਾਰਿਆ ਹੋਇਆ ਹੈ ਜਿਵੇਂ ਯੋਗੀਆਂ ਨੇ ਮਾਰਿਆ ਹੁੰਦਾ ਹੈ। ਕਹਿੰਦੇ, ਮੱਥੇ ਨੂੰ ਮਿੱਟੀ ਲੱਗੀ ਹੋਈ, ਅਸੀਂ ਹੈਰਾਨ ਹੋ ਗਏ ਕਿ ਇਹ ਪਿੱਠ ਭਾਰ ਨਹੀਂ ਪੈਂਦੇ, ਮੱਥੇ ਨੂੰ ਮਿੱਟੀ ਲੱਗੀ ਹੋਈ ਹੈ। ਐਨੀ ਕਠਨ ਘਾਲਣਾ ਘਾਲਣ ਤੋਂ ਬਾਅਦ ਤਾਂ ਹੀ ਇਹ ਅਵਸਥਾ ਪ੍ਰਾਪਤ ਹੁੰਦੀ ਹੈ -

*ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥ ਅੰਗ - ੪੩੩*
*ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥*
***ਅੰਗ - ੮੫***

ਗੱਲਾਂ ਵਾਲੇ ਅਸੀਂ ਬਹੁਤ ਹਾਂ, ਪਰ ਘਾਲਣਾ ਤਾਂ ਹੈ ਨਹੀਂ ਨਾ ਐਨੀ। ਆਪ ਪੂਰੇ ਸੀ, ਕਿਉਂਕਿ ਬਚਪਨ ਤੋਂ ਮੇਰਾ ਸੰਪਰਕ ਹੋਇਆ, ਓਸ ਵੇਲੇ ਤੋਂ ਮੈਨੂੰ ਪਤਾ ਹੈ। ਮੈਨੂੰ ਸਮਝ ਨਹੀਂ ਸੀ ਕਿ ਇਹ ਕੀ ਨੇ। ਅਸੀਂ ਲਾਡ ਵਿਚ ਪੈ ਗਏ। ਉਹ ਪਿਆਰ ਕਰਦੇ ਸੀ, ਅਸੀਂ ਲਾਡ ਸਮਝੀ ਜਾਣਾ। ਜੇ ਝਿੜਕਣਾ ਤਾਂ ਵੀ ਨਹੀਂ, ਜੇ ਪਿਆਰ ਕਰਨਾ ਤਾਂ ਵੀ ਨਹੀਂ ਕੁਛ ਨਹੀਂ। ਅਸੀਂ ਸਮਝਦੇ ਸੀ ਮਹਾਂਪੁਰਸ਼ਾਂ ਨੇ ਤਾਂ ਪਿਆਰ ਕਰਨਾ ਹੀ ਕਰਨਾ ਹੈ। ਆਹ ਡੂੰਘੀਆਂ ਗੱਲਾਂ ਦਾ ਪਤਾ ਨਹੀਂ ਸੀ ਲਗਦਾ। ਇਹ ਹੁਣ ਵਿਚਾਰ ਵਿਚ ਆਉਂਦੀਆਂ ਨੇ, ਜਿਉਂ-ਜਿਉਂ ਗੱਲਾਂ ਵਿਚਾਰੀਆਂ ਨੇ, ਉਦੋਂ ਪਤਾ ਲੱਗਿਆ।

ਆਪ ਤੇਰ੍ਹਾਂ ਸਾਲ ਮੇਰੇ ਤੋਂ ਵੱਡੇ ਸੀ, ਬੇਅੰਤ ਕੌਤਕ ਵਰਤੇ ਤੇਰ੍ਹਾਂ ਸਾਲਾਂ 'ਚ। ਜਦੋਂ ਆਪ ਢੱਕੀ ਸਾਹਿਬ ਆ ਗਏ, ਉਥੇ ਲੰਗਰ ਤਿਆਰ ਹੋਇਆ, ਪ੍ਰਸ਼ਾਦ ਬਣ ਗਿਆ, ਉਥੇ ਗੁਜਰਵਾਲ ਦੀ ਇਕ ਮਕਾਨ ਸੀ, ਸੌ ਬੰਦੇ ਦੀ। ਇਹ ਜਰਗ ਨੂੰ ਜਾਂਦੇ-ਜਾਂਦੇ ਕਹਿਣ ਲੱਗੇ ਕਿ ਪਤਾ ਲੱਗਿਆ ਹੈ ਕਿ ਇਕ ਸੰਤ ਨੇ, ਚਲੋ, ਉਥੇ ਦਰਸ਼ਨ ਕਰ ਚੱਲੀਏ। ਕੋਈ ਭਾਗ ਚੰਗੇ ਹੋ ਗਏ ਹੋਣੇ, ਤਾਂ ਸੰਤਾਂ ਦੇ ਦਰਸ਼ਨ ਹੁੰਦੇ ਨੇ ਜੇ ਪੁੰਨ ਕਰਮ ਨਾ ਬਣਨ ਨਹੀਂ ਦਰਸ਼ਨ ਹੁੰਦੇ, ਕੋਲਾ ਕੇ ਵੀ ਆਦਮੀ ਤਰਕ ਕਰਕੇ ਰਹਿ ਜਾਂਦਾ ਹੈ। ਉਥੇ ਗਏ ਤਾਂ ਲਾਂਗਰੀ ਸਿੰਘਾਂ ਨੇ ਕਿਹਾ ਕਿ ਪ੍ਰਸ਼ਾਦ ਪਾਣੀ ਛਕੋ, ਕਹਿੰਦੇ ਜੀ ਅਸੀਂ ਕੱਲ੍ਹ ਨੂੰ ਆਵਾਂਗੇ ਨਾਲੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਾਂਗੇ, ਕੋਈ ਗੱਲ ਨਹੀਂ ਪ੍ਰਸ਼ਾਦ ਜ਼ਰੂਰ ਛਕਾਂਗੇ।

ਕਿਉਂਕਿ ਲੰਗਰ ਹਾਲੇ ਪੂਰੀ ਤਰ੍ਹਾਂ ਨਹੀਂ ਸੀ ਚੱਲੇ, ਆਪ ਤਾਂ ਬੇਪਰਵਾਹ ਸੀ। ਪ੍ਰਵਿਰਤੀ 'ਚ ਧਿਆਨ 1% ਵੀ ਧਿਆਨ ਨਹੀਂ ਸੀ ਮਹਾਰਾਜ ਜੀ ਦਾ। ਆਹ ਵੱਡਾ ਹਾਲ ਬਣਦਾ ਸੀ, ਅਸੀਂ ਕੋਲ ਦੀ ਲੰਘੇ ਜਾਂਦੇ ਸੀ, ਮੈਂ ਮਹਾਰਾਜ ਜੀ ਦੇ ਨਾਲ ਸੀ, ਅਚਾਨਕ ਰੁਕ ਗਏ, ਉਹ ਹਾਲ ਛੱਤਾਂ ਨੂੰ ਜਾ ਚੜ੍ਹਿਆ, ਵੱਡੇ-ਵੱਡੇ ਗਾਰਡਰਾਂ ਨੂੰ ਕੁੱਲੀਆਂ ਨਾਲ ਚੁੱਕ ਰਹੇ ਸੀ। ਆਪ ਥੋੜ੍ਹੇ ਜਿਹੇ ਰੁਕੇ, ਮੇਰੇ ਹੱਥ 'ਚ ਗੜਵਾ ਸੀ, ਆਪ ਥੋੜ੍ਹੇ ਜਿਹੇ ਰੁਕੇ, ਮੈਂ ਵੀ ਰੁਕ ਗਿਆ, ਕਹਿੰਦੇ ਦੇਖ ਲਈਏ ਆਪਾਂ ਇਹ ਕੀ ਕਰਦੇ ਨੇ? ਅੰਦਰ ਵੜੇ ਤਾਂ ਉਹ ਗਾਰਡਰ ਚੁੱਕ ਰਹੇ ਸੀ। ਉਨ੍ਹਾਂ ਨੂੰ ਕਹਿਣ ਲੱਗੇ, ਤੁਸੀਂ ਕੀ ਪਾਉਂਦੇ ਓਂ ਇਹਦੇ ਉਤੇ? ਕਹਿੰਦੇ ਜੀ, ਵੱਡੇ ਗਾਰਡਰ ਪਾਉਂਦੇ ਹਾਂ। ਕੋਲ ਦੀ ਰੋਜ਼ ਲੰਘਦੇ ਨੇ, ਪਰ ਅੰਦਰ ਵੜ ਕੇ ਕਦੇ ਦੇਖਿਆ ਹੀ ਨਹੀਂ ਕਿ ਕੀ ਹੋ ਰਿਹਾ ਹੈ ਇਥੇ। ਐਨਾ ਪ੍ਰਵਿਰਤੀ ਤੋਂ ਦੂਰ ਰਹਿੰਦੇ ਸੀ। ਛੋਟੇ ਮਹਾਰਾਜ ਜੀ ਨੂੰ ਕਿਹਾ ਕਰਦੇ ਸੀ ਕਿ ਤੁਸੀਂ ਕੀ ਕਹਿੰਦੇ ਓਂ ਖੇਤੀ ਕਰਾ, ਫਲਾਣਾ ਕਰਾ, ਕਹਿੰਦੇ ਇਥੇ ਟਾਹਲੀਆਂ ਲਾ ਦਿਓ, ਭਜਨ ਕਰਨ ਵਾਲਿਆਂ ਨੂੰ ਆਰਾਮ ਹੋ ਜਾਊਗਾ। ਉਨ੍ਹਾਂ ਨੇ ਕਹਿਣਾ ਕਿ ਮਹਾਰਾਜ! ਭਜਨ ਤਾਂ ਇਹੋ ਜਿਹਾ ਹੀ ਹੋਣਾ ਹੈ ਆਪਾਂ ਲੰਗਰ ਵਾਸਤੇ ਆਨਾਜ਼ ਪੈਦਾ ਕਰੀਏ। ਪਸ਼ੂਆਂ ਵਾਸਤੇ ਪੱਠੇ ਪੈਦਾ ਕਰੀਏ, ਟਾਹਲੀਆਂ ਲਾ ਕੇ ਕੀ ਕਰਨਾ ਹੈ। ਉਹ ਬੇਪਰਵਾਰ ਰਹਿੰਦੇ ਸੀ ਹਰ ਗੱਲ ਵਿਚ। ਛੋਟੇ ਮਹਾਰਾਜ ਕ੍ਰਿਸ਼ਨ ਸਿੰਘ ਜੀ ਵੀ ਦਰਗਾਹ ਤੋਂ ਆਏ ਸੀ, ਬਹੁਤ ਉਚੇ ਸੀ। ਸ਼ਕਤੀਆਂ ਸੰਪੰਨ ਤੇ ਆਪ ਰਾੜੇ ਸਾਹਿਬ ਦੀ ਢੱਕੀ 'ਚ, ਉਮਰ ਛੋਟੀ ਜਿਹੀ ਹੈ ਅਜੇ, ਕੋਈ 25 ਕੁ ਸਾਲ ਦੀ ਹੋਣੀ ਹੈ, ਜਾਂ 24 ਦੀ ਹੋਣੀ ਹੈ। ਓਸ ਵੇਲੇ ਗੁਜਰਵਾਲ ਵਾਲਾ ਸੌ ਬੰਦਾ ਮੁੜ ਕੇ ਆ ਗਿਆ। ਜਦੋਂ ਉਹ ਦਰਸ਼ਨ ਕਰਨ ਗਏ ਮਹਾਰਾਜ ਜੀ ਦੇ, ਮਹਾਰਾਜ ਜੀ ਨੇ ਕਿਹਾ ਭਾਈ, ਲੰਗਰ ਛਕੋ ਤੁਸੀਂ। ਹੁਣ ਬਚਨ ਤਾਂ ਹੋ ਗਏ। ਲਾਂਗਰੀ ਸਿੰਘ ਨੂੰ ਬੁਲਾਇਆ ਕਹਿੰਦੇ ਕੀ ਬਣਾਇਆ ਹੈ? ਕਹਿੰਦਾ ਜੀ ਪ੍ਰਸ਼ਾਦ ਬਣਾਇਆ ਹੈ। ਕਹਿੰਦੇ ਫੇਰ ਵਰਤਾ ਦੇ ਇਨ੍ਹਾਂ ਨੂੰ, ਪੰਗਤ 'ਚ ਬੈਠ ਗਏ, ਅੰਦਰੋਂ ਨਹੀਂ ਨਿਕਲ ਰਿਹਾ। ਮਹਾਰਾਜ ਕੋਲ ਗਿਆ, ਕਹਿੰਦਾ ਮਹਾਰਾਜ! ਆਪ ਨੇ ਫੁਰਮਾਨ ਕਰ ਦਿਤਾ ਕਿ ਲੰਗਰ ਛਕਾਓ, ਪ੍ਰਸ਼ਾਦ ਬਣਾਇਆ ਹੈ। ਉਹ ਤਾਂ ਡੰਗਰ ਚਾਰਨ ਵਾਲੇ ਮੁੰਡਿਆਂ ਨੇ ਜਿਉਂ ਦੂਰ ਤੱਕ ਦੱਸਿਆ ਇਹੀ ਆਈ ਜਾਂਦੇ ਨੇ, ਉਹ ਤਾਂ ਵਰਤ ਗਿਆ ਸਾਰਾ. ਥੋੜ੍ਹਾ ਜਿਹਾ ਪਿਆ ਹੈ ਬਾਟੇ ਵਿਚ। ਕਹਿੰਦੇ, ਫੇਰ ਵਰਤਾ ਦਿਓ। ਡੋਲ ਗਿਆ ਲਾਂਗਰੀ ਸਿੰਘ, ਸ੍ਰੀ ਮਾਨ। ਕਹਿਣ ਲੱਗੇ, ਮਹਾਰਾਜ! ਉਹ ਤਾਂ ਇਕ ਨੂੰ ਹੀ ਆਏਗਾ। ਕਹਿੰਦੇ, ਛੋਟੇ ਮਹਾਂਪੁਰਸ਼ਾਂ ਕੋਲ ਚਲਿਆ ਜਾਹ। ਉਹ ਛੋਟੇ ਮਹਾਂਪੁਰਸ਼ਾਂ ਕੋਲ ਗਿਆ, ਉਹ ਕਹਿੰਦੇ ਤੂੰ ਵਰਤਾ। ਕਹਿੰਦਾ, ਜੀ ਮੇਰੀ ਤਾਕਤ ਨਹੀਂ ਹੈ। ਕਹਿੰਦੇ ਚੰਗਾ ਆਉਂਦੇ ਹਾਂ। ਛੋਟੇ ਮਹਾਰਾਜ ਆ ਕੇ ਬੈਠ ਗਏ, ਵੱਡਿਆਂ ਦੀ ਉਮਰ ਉਸ ਵੇਲੇ 25 ਕੁ ਸਾਲ ਦੀ ਹੋਣੀ ਹੈ ਤੇ ਇਹ ਥੋੜ੍ਹੇ ਉਮਰ 'ਚ ਵੱਡੇ ਸੀ ਪੰਜ ਸਾਲ। ਇਹ ਬੈਠ ਗਏ ਲਾਂਗਰੀ ਸਿੰਘ ਕਹਿੰਦੇ ਕਿ ਲਿਆਂਦਾ ਕਿਉਂ ਨਹੀਂ ਤੂੰ। ਕਹਿੰਦਾ, ਬਾਬਾ ਜੀ! ਉਰ੍ਹੇ ਆ ਕੇ ਮੇਰੀ ਜ਼ਰਾ ਬੇਨਤੀ ਸੁਣ ਲਓ, ਸਮਝ ਗਏ ਕਿ ਦਿਲ ਡਰਦਾ ਹੈ ਇਹਦਾ। ਅੰਦਰ ਗਏ, ਕਹਿੰਦੇ ਕੀ ਗੱਲ? ਕਹਿੰਦਾ ਜੀ, ਆਹ ਤਾਂ ਐਨਾ ਹੀ ਪ੍ਰਸ਼ਾਦ ਹੈ। ਕਹਿੰਦੇ, ਵਾਹ। ਇਹ ਕਿਤੇ ਆਹ ਕਿਤੇ ਥੋੜ੍ਹਾ ਹੈ, ਇਕ ਚੌਲ ਸੀਗਾ ਦਰੋਪਤੀ ਕੋਲ। ਦਰਵਾਸਾ ਜੀ ਆ

ਗਏ। ਇਹ ਬਨਵਾਸ ਕੱਟ ਰਹੇ ਸੀ, ਦੂਜਾ ਚੌਲ ਦਾ ਦਾਣਾ ਨਹੀਂ ਸੀਗਾ, ਦੂਜੇ ਦਿਨ ਕਿਤੋਂ ਲਿਆਉਂਦੇ ਸੀ ਤਾਂ ਬਣਾਉਣਾ ਸੀ। ਕ੍ਰਿਸ਼ਨ ਮਹਾਰਾਜ ਆ ਗਏ, ਕਹਿੰਦੇ ਦਰੋਪਤੀ ਤੂੰ ਐਨਾ ਪਰੇਸ਼ਾਨ ਕਿਉਂ ਬੈਠੀ ਹੈਂ? ਕਹਿੰਦੀ, ਮਹਾਰਾਜ! ਮੈਂ ਕੀ ਕਰਾਂ, ਦਰਵਾਸਾ ਜੀ ਕਹਿ ਗਏ ਨੇ ਕਿ ਮੈਂ ਪ੍ਰਸ਼ਾਦਾ ਛਕਣਾ ਹੈ, ਅਸੀਂ ਤਾਂ ਵਰਤਾ ਹਟੇ ਹਾਂ ਸਾਰੇ, ਸਾਡਾ ਕੋਲ ਤਾਂ ਹੁਣ ਕੁਛ ਵੀ ਨਹੀਂ ਬਚਿਆ, ਭਾਂਡੇ ਵੀ ਧੋ ਦਿਤੇ। ਕਹਿੰਦੇ ਚੌਲ ਜਿਹਦੇ ਵਿਚ ਬਣਾਏ ਸੀ ਓਸ ਭਾਂਡੇ 'ਚ ਦੇਖੋ, ਕੁਛ ਹੈ? ਨੀਝ ਲਾ ਕੇ ਦੇਖਿਆ ਤਾਂ ਇਕ ਚੌਲ ਸੀ। ਕਹਿੰਦੀ ਇਕ ਚੌਲ ਹੈ? ਕਹਿੰਦੇ, ਕੋਈ ਗੱਲ ਨਹੀਂ, ਇਕ ਚੌਲ ਹੀ ਉਨ੍ਹਾਂ ਤੋਂ ਨਹੀਂ ਮੁੱਕਣਾ। ਗੁਪਤ ਰੂਪ ਦੇ ਵਿਚ ਪ੍ਰਸ਼ਾਦਾ ਛਕਾ ਦਿਤਾ ਨੀਂਦ ਆ ਗਈ ਨਾਹੁੰਦਿਆਂ ਨੂੰ, ਨਦੀ ਦੇ ਕਿਨਾਰੇ ਸੌਂ ਗਏ। ਇਕ ਚੌਲ ਮੁੱਕਿਆ ਨਹੀਂ। ਕਹਿੰਦੇ, ਇਕ ਚੌਲ ਨਾਲ ਐਉਂ ਹੋ ਗਿਆ ਇਹ ਤਾਂ ਕਾਫੀ ਹੈ। ਕਹਿੰਦਾ, ਮਹਾਰਾਜ! ਤੁਹਾਡੀਆਂ ਤੁਸੀਂ ਜਾਣੋ। ਕਹਿੰਦੇ ਲੈ ਆ। ਲੈ ਆਂਦਾ। ਕਹਿੰਦੇ ਐਉਂ ਕਰ ਰੁਮਾਲ ਅਸੀਂ ਉਤੇ ਪਾ ਦਿੰਦੇ ਦੇਖੀਂ ਨਾ ਚੁੱਕ ਕੇ। ਉਂਜਲ ਭਰ-ਭਰ ਕੇ ਫੜਾਈ ਜਾ। ਰਜਾ ਦੇ ਸਾਰਿਆਂ ਨੂੰ। ਹੌਂਸਲਾ ਹੋ ਗਿਆ ਕਿ ਮਹਾਂਪੁਰਸ਼ਾਂ ਨੇ ਕਹਿ ਦਿਤੀ ਗੱਲ। ਉਹ ਊਂਜਲ ਭਰਦਾ ਹੈ ਕੱਢੀ ਜਾਂਦਾ ਹੈ-ਊਂਜਲ ਭਰਦਾ ਹੈ ਕੱਢੀ ਜਾਂਦਾ ਹੈ। ਦੂਹਰੀ ਵਾਰੀ ਫੇਰ ਚੱਕਰ ਲਾ ਦਿਤਾ, ਤੀਸਰੀ ਵਾਰੀ ਜਦੋਂ ਅਨੰਦ ਦਾ ਚੱਕਰ ਲਾਉਣ ਲੱਗਿਆ ਕਹਿੰਦਾ ਅਨੰਦ-ਅਨੰਦ। ਉਹ ਕਹਿੰਦੇ ਅਸੀਂ ਤਾਂ ਪਹਿਲਾਂ ਹੀ ਅਨੰਦ ਹੋ ਗਏ। ਸਾਡੇ ਤਾਂ ਪੇਟ ਵਿਚ ਥਾਂ ਹੀ ਨਹੀਂ ਜਿੱਥੇ ਹੋਰ ਪਾ ਲਈਏ। ਮਹਾਰਾਜ ਜੀ ਕੋਲ ਲਿਆ ਕੇ ਬਾਟਾ ਰੱਖ ਦਿਤਾ।

ਕਿਉਂਕਿ ਨਾਮ ਦੇ ਵਿਚ ਸ਼ਕਤੀ ਹੈ -

***ਤਿਚਰੁ ਮੂਲਿ ਨ ਥੁੜੰਦੀਂ ਜਿਚਰੁ ਆਪਿ ਕ੍ਰਿਪਾਲੁ ॥ ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ ॥ ਅੰਗ - ੧੪੨੬***

ਮੁੱਕਿਆ ਨਹੀਂ ਕਰਦਾ। ਸੋ ਇਸ ਤਰ੍ਹਾਂ ਦੇ ਨਾਲ ਅਨੇਕਾਂ ਕੌਤਕ ਆਪ ਦੇ, ਛੋਟੀ ਉਮਰ ਸੀ ਓਸ ਵੇਲੇ। ਕੀ 25 ਸਾਲ ਦੀ ਹੁੰਦੀ ਹੈ, ਬਥੇਰੇ ਬੱਚੇ 25 ਸਾਲ ਦੇ ਫਿਰਦੇ ਨੇ, ਐਨੀਆਂ ਸ਼ਕਤੀਆਂ। ਉਨ੍ਹਾਂ ਹੀ ਦਿਨਾਂ ਵਿਚ ਆਪ ਦੇ ਕੋਲ ਇਕ ਰਤਨ ਸਿੰਘ ਨਾਮ ਦਾ ਪ੍ਰੇਮੀ ਆਇਆ। ਦਿੱਲੀ ਡਰਾਈਵਰ ਸੀ, ਉਥੇ ਉਸ ਨੂੰ ਤੀਸਰੀ ਸਟੇਜ ਦੀ ਟੀ.ਬੀ ਹੋ ਗਈ। ਡਾਕਟਰਾਂ ਨੇ ਕਿਹਾ ਕਿ ਰਤਨਾ ਸਿੰਘ! ਤੂੰ ਚਲਿਆ ਜਾਹ, ਤੇਰੇ ਦੱਸ ਕੁ ਦਿਨ ਹੋਰ ਨੇ, ਇਸ ਤੋਂ ਵੱਧ ਤੇਰੀ ਉਮਰ ਨਹੀਂ, ਤੂੰ ਆਪਣਾ ਸਰੀਰ ਆਪਣੇ ਉਥੇ ਹੀ ਛੱਡ, ਇਥੋਂ ਫੇਰ ਕਿੱਥੇ ਲਈ ਜਾਣਗੇ।

ਅੰਬਾਲੇ ਆ ਗਿਆ, ਉਥੇ ਆ ਕੇ ਬਚਨ ਕਰਨ ਲੱਗ ਗਿਆ ਕਿ ਕੋਈ ਸਾਧੂ ਮਹਾਤਮਾ ਹੈ ਨੇੜੇ ਤੇੜੇ? ਉਸ ਇਲਾਕੇ ਦਾ ਗੱਡੀ 'ਚ ਬੈਠਾ ਸੀ, ਉਹ ਕਹਿੰਦਾ ਕਿ ਮੇਰੇ ਪਿੰਡ ਦੇ ਕੋਲ ਹੈਗਾ, ਰਾੜਾ ਸਾਹਿਬ ਕਹਿੰਦੇ ਨੇ ਉਸ ਜਗ੍ਹਾ ਨੂੰ। ਉਥੇ ਇਕ ਨਵੇਂ-ਨਵੇਂ ਸੰਤ ਆਏ ਨੇ ਛੋਟੀਆਂ-ਛੋਟੀਆਂ ਦਾੜ੍ਹੀਆਂ ਨੇ ਉਨ੍ਹਾਂ ਦੇ। ਹੈ ਬੜੀ ਕਰਨੀ ਕਮਾਈ ਵਾਲੇ। ਉਹ ਸੁਣ ਕੇ ਉਥੇ ਦੁਰਾਹੇ ਤੋਂ ਉਤਰ ਕੇ ਹੌਲੀ-ਹੌਲੀ ਚਲਦਾ-ਚਲਦਾ, ਮਹਾਰਾਜ ਜੀ ਕੋਲ ਆ ਗਿਆ, ਆ ਕੇ ਨਮਸ਼ਕਾਰ ਕਰੀ। ਆਪ ਕਿਸੇ ਲਗਨ ਵਿਚ ਬੈਠੇ ਸੀ। ਉਸ ਵੇਲੇ ਕਹਿਣ ਲੱਗਿਆ ਕਿ ਬਾਬਾ ਜੀ ਮੈਂ ਕਲਕੱਤੇ ਤੋਂ ਆਇਆ ਹਾਂ। ਮੈਂ ਬੀਮਾਰ ਹਾਂ ਬਹੁਤ, ਡਾਕਟਰਾਂ ਨੇ ਕਿਹਾ ਹੈ ਕਿ ਦੱਸ ਦਿਨ ਤੇਰੇ ਹੋਰ ਨੇ ਤੇ ਤੈਨੂੰ ਤੀਸਰੀ ਸਟੇਜ ਦੀ ਟੀ.ਬੀ. ਹੋ ਚੁੱਕੀ ਹੈ। ਫੇਫੜੇ ਤੇਰੇ ਗਲ ਚੁੱਕੇ ਨੇ, ਮੇਰੇ ਤੇ ਕ੍ਰਿਪਾ ਕਰੋ, ਮਰਨ ਆਇਆ ਹਾਂ ਮੈਂ ਇਥੇ। ਮਹਾਰਾਜ ਜੀ ਕਹਿੰਦੇ, ਗੁਰੂ ਘਰ 'ਚ ਤਾਂ ਜ਼ਿੰਦਗੀ ਲੈਣ ਆਈਦਾ ਹੈ, ਮਰਨ ਨਹੀਂ ਆਈਦਾ। ਜਾਹ ਮੂੰਹ ਬੰਨ੍ਹ ਲੈ ਬਰਤਨ ਮਾਂਜੀ ਜਾਹ। ਕਿਸੇ ਨਾਲ ਬਚਨ ਨਾ ਕਰੀ। ਪਾਠ ਕਰੀ ਜਾਹ, ਕਿਉਂਕਿ ਨਾਮ ਜਿਹੜਾ ਹੈ ਸਾਰੇ ਰੋਗਾਂ ਦੀ ਇਕੋ ਦਾਰੂ ਹੈ। ਭਾਈ, ਇਕੋ ਦਾਰੂ ਹੈ ਨਾਮ ਸਾਡੇ ਕੋਲ।

***ਲਲਾ ਲਾਵਉ ਅਉਖਧ ਜਾਹੂ ॥ ਦੂਖ ਦਰਦ ਤਿਹ ਮਿਟਹਿ ਖਿਨਾਹੂ ॥ ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥ ਅੰਗ- ੨੫੯***

ਨਾਮ ਜਿਹਨੇ ਪਿਆਰ ਨਾਲ ਹਿਰਦੇ ਵਿਚ ਧਾਰਨ ਕਰ ਲਿਆ।

***ਤਾਹਿ ਰੋਗੁ ਸੁਪਨੈ ਨਹੀ ਆਵੈ ॥ ਅੰਗ- ੨੫੯***

ਹੈਗਾ ਸਾਰਿਆਂ ਦੇ ਅੰਦਰ। ਪ੍ਰਮੇਸ਼ਰ ਨੇ ਸਾਰਿਆਂ ਦੇ ਅੰਦਰ ਦਵਾਈ ਰੱਖੀ ਹੋਈ ਹੈ ਕਿ ਮਨੁੱਖ ਬੀਮਾਰ ਨਾ ਹੋ ਜਾਏ ਪਰ ਗੁਰੂ ਬਿਨਾਂ ਨਹੀਂ ਦਵਾਈ ਅਸਰ ਕਰਦੀ। ਕਿਉਂਕਿ ਸੰਜਮ ਗੁਰੂ ਦਿੰਦਾ ਹੈ।

***ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ ਗੁਰਿ ਪੂਰੈ ਸੰਜਮੁ ਕਰਿ ਦੀਆ ॥ ਨਾਨਕ ਤਉ ਫਿਰਿ ਦੂਖ ਨ ਥੀਆ ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ ਗੁਰਿ ਪੂਰੈ ਸੰਜਮੁ ਕਰਿ ਦੀਆ ॥ ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ- ੨੫੯***

ਭਾਂਡੇ ਮਾਂਜੀ ਗਿਆ, ਹੋਲੇ-ਮਹੱਲੇ ਵਾਲੇ ਦਿਨ ਸੰਗਤ ਨੂੰ ਦੱਸਿਆ ਉਹਨੇ। ਕਹਿਣ ਲੱਗਿਆ, ਮੈਂ ਲੁਧਿਆਣੇ ਜਾ ਕੇ ਐਕਸਰੇ ਕਰਾ ਕੇ ਆਇਆ ਹਾਂ, ਪਹਿਲਾ ਦਿਖਾਇਆ ਕਹਿੰਦਾ ਰਤਨ ਸਿੰਘ ਇਹ ਤੇਰਾ ਐਕਸਰੇ ਨਹੀਂ ਇਹ ਤਾਂ ਕਿਸੇ ਹੋਰ ਦਾ ਹੈ। ਤੂੰ ਤਾਂ ਨਰੋਆ ਹੈ ਤੇਰੇ ਤਾਂ ਇਕ ਵੀ ਨਿਸ਼ਾਨ ਨਹੀਂ ਹੈ ਅੰਦਰ।

ਇਥੇ ਸਾਡੇ ਕੋਲ ਇਕ ਭਈਆ ਆ ਗਿਆ, ਅਜੇ ਮੈਂ ਇਥੇ ਆਇਆ ਸੀ ਯੂ.ਪੀ. ਵਲੋਂ, ਭਈਆ ਆਇਆ ਹੋਇਆ ਤਾਂ ਦੋ ਤਿੰਨ ਸਾਲ ਹੋਏ ਸੀ। ਕਹਿੰਦਾ ਜੀ, ਮੈਂ ਬੀਮਾਰ ਹਾਂ। ਮੈਂ ਕਿਹਾ ਇਹਨੂੰ ਹੁਣ ਕੀ ਦੱਸੀਏ? ਮੈਂ ਕਿਹਾ ਤੁਹਾਡੇ ਨੇੜੇ ਗੁਰਦੁਆਰਾ ਹੈ? ਕਹਿੰਦਾ, ਪੰਦਰਾਂ ਮੀਲ ਤੇ ਹੈ ਸਾਡੇ ਤੋਂ। ਮੈਂ ਕਿਹਾ ਤੂੰ ਐਉਂ ਕਰ ਹਿੰਦੀ ਦਾ ਗੁਟਕਾ ਲਿਆ, ਹਿੰਦੂ ਦਾ ਗੁਟਕਾ ਉਹ ਲਿਆਇਆ। ਮੈਂ ਕਿਹਾ ਆਹ ਜਿਹੜਾ

ਲਿਖਿਆ ਹੈ ਨਾ ਤੂੰ ਇਹਨੂੰ ਕਰੀ ਜਾਣਾ ਹੈ ਤੇ ਤੂੰ ਪੰਦਰੀਂ ਦਿਨ, ਸੱਤੀ ਦਿਨ ਗੁਰਦੁਆਰੇ ਜਾ ਕੇ ਝਾੜੂ ਦਿਆ ਕਰੀਂ ਤੇ ਇਕੋ ਗੱਲ ਕਹੀ ਜਾਈਂ, ਜਦੋਂ ਕੋਈ ਬੰਦਾ ਮਿਲਿਆ ਤਾਂ ਕਹੀ ਜਾਈਂ ਕਿ ਬੋਲ ਗੁਰੂ ਨਾਨਕ ਦੇਵ ਜੀ ਕੀ ਜੈ ਤੇ ਉਂਜ ਕਹੀ ਜਾਇਆ ਕਰ ਕਿ ਧੰਨ ਗੁਰੂ ਨਾਨਕ-ਧੰਨ ਗੁਰੂ ਨਾਨਕ। ਘਰ ਵਿਚ ਸਿਗਰਟ ਨਾ ਆਵੇ, ਆਂਡੇ ਨਾ ਆਉਣ, ਮਾਸ ਨਾ ਆਵੇ, ਮੱਛੀ ਨਾ ਆਵੇ ਤੇ ਤੂੰ ਪਾਠ ਕਰ ਲੈ ਠੀਕ ਹੋ ਜਾਵੇਂਗਾ। ਬੀਮਾਰੀ ਦੱਸੀ ਨਾ ਓਹਨੇ ਕਿ ਬੀਮਾਰੀ ਕੀ ਹੈ? ਉਹ ਘਰ ਤਾਂ ਗਿਆ ਨਾ, ਇਥੇ ਹੀ ਉਹਦਾ ਭਰਾ ਸਵਰਾਜ ਫੈਕਟਰੀ 'ਚ ਸੀਗਾ, ਯਾਦਵ ਉਹਦਾ ਨਾਉਂ, ਭਰਾ ਨੇ ਕਿਹਾ ਕਿ ਪਾਠ ਮੈਨੂੰ ਤਾਂ ਕਰਨਾ ਨਹੀਂ ਆਉਂਦਾ। ਕਹਿੰਦਾ, ਕਿੰਨਾ ਦੱਸਿਆ ਹੈ, ਕਹਿੰਦਾ 25 ਦੱਸੇ ਨੇ। ਕਹਿੰਦਾ, ਅੱਧੇ ਮੈਂ ਕਰ ਦਿਆ ਕਰਾਂਗਾ, ਅੱਧੇ ਤੂੰ ਕਰ ਦਿਆ ਕਰ। 20ਵੇਂ ਕੁ ਦਿਨ ਮੇਰੇ ਕੋਲ ਆ ਗਿਆ। ਸਾਨੂੰ ਤਰੀਕਾ ਹੀ ਭੁੱਲ ਗਿਆ ਕਿ ਕਿਵੇਂ ਕਰੀਏ। ਮੈਂ ਕਿਹਾ ਜਿਵੇਂ ਕਰਦੇ ਓਂ ਓਵੇਂ ਕਰੀ ਜਾਓ। ਸਵਾ ਮਹੀਨੇ ਬਾਅਦ ਆ ਗਿਆ, ਲਾਲ ਚਿਹਰਾ ਹੋਇਆ ਪਿਆ ਓਹਦਾ। ਮੈਂ ਕਿਹਾ, ਇਹ ਤਾਂ ਰਾਜ਼ੀ ਹੋ ਗਿਆ। ਕਹਿੰਦਾ, ਬਿਲਕੁਲ ਰਾਜ਼ੀ। ਕਹਿੰਦਾ, ਡਾਕਟਰਾਂ ਨੂੰ ਪੀ.ਆਈ ਅਸੀਂ ਦਿਖਾ ਕੇ ਆਏ ਹਾਂ, ਐਕਸਰੇ ਲੁਹਾਈ ਹੈ, ਉਹ ਕਹਿੰਦੇ ਇਹ ਤਾਂ ਬਿਲਕੁਲ ਰਾਜ਼ੀ ਹੈ। ਮੈਂ ਕਿਹਾ ਇਹਨੂੰ ਬੀਮਾਰੀ ਕੀ ਸੀ? ਕਹਿੰਦਾ ਜੀ, ਬੀਮਾਰੀ? ਕਹਿੰਦਾ ਅਸੀਂ ਪਹਿਲਾਂ ਤਾਂ ਅਸੀਂ ਕਾਸ਼ੀ ਦੇ ਹਸਪਤਾਲ ਇਲਾਜ ਕਰਾਇਆ। ਜ਼ਮੀਨ ਵਿਕ ਗਈ ਸਾਡੀ। ਫੇਰ ਅਸੀਂ ਆ ਕੇ ਵਲਿੰਗਟਨ ਹਸਪਤਾਲ ਇਲਾਜ ਕਰਾਇਆ ਦਿੱਲੀ। ਹੁਣ ਮੈਂ ਬੁਲਾਇਆ ਸੀ ਕਿ ਭਰਾ ਇਥੇ ਪੀ.ਜੀ.ਆਈ ਇਲਾਜ ਕਰਾਈ ਜਾਹ, ਇਥੇ ਤੈਨੂੰ ਝੌਂਪੜੀ ਪਾ ਦਿੰਦੇ ਹਾਂ, ਉਥੇ ਰਹੀ ਜਾਈਂ। ਕਹਿੰਦਾ, ਅੰਦਰੋਂ ਅਸੀਂ ਕਹਿੰਦੇ ਸੀ ਕਿ ਮਰ ਜਾਵੇ ਤਾਂ ਚੰਗਾ ਹੈ।

ਮੈਂ ਕਿਹਾ ਬੀਮਾਰੀ ਕੀ ਸੀ? ਕਹਿੰਦਾ ਜੀ ਤੀਸਰੀ ਸਟੇਜ ਦੀ ਟੀ.ਬੀ ਹੋਈ ਹੋਈ ਸੀ ਇਹਨੂੰ। ਬਾਣੀ ਦੇ ਵਿਚ ਸ਼ਕਤੀਆਂ ਨੇ ਸਾਧਸੰਗਤ ਜੀ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਦਾ ਜਿਹੜਾ ਵੀ ਪੱਖ ਲਈਏ ਉਹ ਪੂਰਾ ਹੈ, ਜੇ ਅੰਤਰਜਾਮਤਾ ਦਾ ਲੈਂਦੇ ਹਾਂ, ਆਪਣੇ ਨਾਲ ਬੀਤੀਆਂ ਮੈਂ ਹੱਡਬੀਤੀਆਂ ਦੱਸਦਾ ਹਾਂ ਮੈਂ ਇਥੋਂ ਚੰਡੀਗੜ੍ਹੋਂ ਤਿਆਰ ਹੋ ਗਿਆ ਕਿ ਰਾੜਾ ਸਾਹਿਬ ਨੂੰ ਜਾਣਾ ਹੈ, ਝੋਲਾ ਲੈ ਲਿਆ। ਡਿਊਟੀ ਤੋਂ ਅਗਲੇ ਦਿਨ ਦੀ ਛੁੱਟੀ ਨਹੀਂ ਸੀ ਲਈ, ਉਸ ਦਿਨ ਛੁੱਟੀ ਸੀ ਮੈਂ ਕਿਹਾ ਰਾਤ ਨੂੰ ਮੁੜ ਆਵਾਂਗਾ। ਇਧਰਲੇ ਪਾਸੇ ਮਹਾਰਾਜ ਜੀ ਦੇ ਕੋਲ ਕੋਈ ਆ ਗਿਆ, ਮਹਾਰਾਜ ਜੀ ਨੇ ਕਿਹਾ ਕਿ ਵਰਿਆਮ ਸਿੰਘ ਨੂੰ ਬੁਲਾਓ। ਰਾਤ ਨੂੰ ਕਹਿ ਦਿਤਾ, ਡਰਾਈਵਰ ਨੂੰ ਕਿ ਤੂੰ ਚਲਿਆ ਜਾਈਂ। ਜਦੋਂ ਸਵੇਰੇ ਵੇਲੇ ਪੁੱਛਣ ਗਿਆ ਕਿ ਮਹਾਰਾਜ ਜੀ! ਮੈਂ ਜਾਵਾਂ? ਕਹਿੰਦੇ, ਨਹੀਂ ਉਹਨੇ ਆ ਜਾਣਾ ਹੈ, ਮੈਂ ਇਥੇ ਲਾਈਨ 'ਚ ਖੜ੍ਹ ਗਿਆ ਤੇ ਐਡੀ ਲੰਮੀ ਲਾਈਨ ਹੋ ਗਈ, ਬੱਸ ਕੋਈ-ਕੋਈ ਆਵੇ। ਪਤਾ ਨਹੀਂ ਬੱਸਾਂ ਹੀ ਨਾ ਮਿਲੀ, ਨੌਂ ਵੱਜ ਗਏ ਮੈਨੂੰ ਸਵੇਰ ਦੇ ਨੂੰ ਖੜ੍ਹੇ ਨੂੰ। ਮੈਂ ਕਿਹਾ ਹੁਣ ਤਾਂ ਮਹਾਰਾਜ ਜੀ ਦੀ ਕੁਰਸੀ ਤੇ ਜਾ ਨਹੀਂ ਹੋਣਾ, ਹੁਣ ਨਹੀਂ ਮਿਲਣਾ, ਚਲੋ ਘਰ ਨੂੰ ਚੱਲੀਏ। ਜਦੋਂ ਮੈਂ ਦੱਸ ਸੈਕਟਰ 'ਚੋਂ ਸਰਕੜੇ ਜਦ ਬੜੇ ਹੀ ਖੜ੍ਹੇ ਹੁੰਦੇ, ਕਿ ਡੂੰਘੇ ਜਿਹੇ ਥਾਉਂ ਬੈਠ ਕੇ ਭਜਨ ਕਰਨ ਲੱਗ ਗਿਆ। ਮੈਂ ਕਿਹਾ ਜਾ ਤਾਂ ਹੁਣ ਹੋਣਾ ਨਹੀਂ, ਚਲੋ ਨਾਮ ਹੀ ਜਪੀਏ। ਡੇਢ ਦੋ ਘੰਟੇ ਮੈਂ ਉਥੇ ਬੈਠਾ ਰਿਹਾ, ਜਦੋਂ ਮੈਂ ਘਰ ਆਇਆ, ਉਧਰੋਂ ਮੈਂ ਅੰਦਰ ਵੜਦਾ ਸੀ, ਉਧਰੋਂ ਬਾਬੂ ਜੀ ਆ ਗਏ, ਬਾਬੂ ਜੀ ਆਏ ਹੋਏ ਕਹਿੰਦੇ ਅੰਦਰ ਕਿਧਰ ਜਾਂਦੇ ਓਂ ਝੋਲਾ ਚੁੱਕੀਂ, ਕਹਿੰਦਾ ਆ ਜੋ ਹੁਣ ਆਪਾਂ ਚੱਲੀਏ ਰਾੜਾ ਸਾਹਿਬ ਨੂੰ। ਅੰਦਰ ਆ ਕੇ ਮੈਂ ਕਿਹਾ ਜਲ ਪਾਣੀ ਪੀਓ। ਕਹਿੰਦੇ, ਅਸੀਂ ਤਾਂ ਤੜਕੇ ਹੀ ਆਉਣਾ ਸੀ, ਮਹਾਰਾਜ ਕਹਿੰਦੇ ਨਾ ਜਾਓ। ਹੁਣ ਕਹਿੰਦੇ ਕਹਿ ਦਿਤਾ ਨੌਂ-ਸਾਢੇ ਨੌਂ ਕਿ ਜਾਓ। ਹੁਣ ਮੈਂ ਬਾਬੂ ਜੀ ਨੂੰ ਕੀ ਦੱਸਾਂ ਕਿ ਗੱਲ ਕੀ ਹੈ? ਇਹ ਤਾਂ ਮੈਨੂੰ ਦੇਖ ਰਹੇ ਸੀ ਕਿ ਆ ਰਿਹਾ ਹੈ, ਜਦੋਂ ਮੈਂ ਘਰ ਨੂੰ ਮੁੜ ਪਿਆ ਇਹ ਤੋਰ ਦਿਤੇ ਦੋਵੇਂ।

ਐਸ ਤਰ੍ਹਾਂ ਦੀਆਂ ਅਨੇਕਾਂ ਗੱਲਾਂ ਨੇ, ਇਕ ਦੋ ਚਾਰ ਨਹੀਂ, ਸਹਿਜ ਦੇ ਵਿਚ ਹੀ ਅੰਤਰਜਾਮਤਾ ਸੀ ਉਨ੍ਹਾਂ ਦੇ ਵਿਚ, ਹਜ਼ਾਰਾਂ ਕੋਹਾਂ ਤੇ ਗੱਲ ਕੀਤੀ ਹੋਈ ਜਾਣ ਜਾਂਦੇ ਸੀ। ਯੂ.ਪੀ. ਵਿਚ ਜਦੋਂ ਗਏ, ਕਿੰਨੇ ਮਿਹਰਵਾਨ ਹੋਏ ਹੈਰਾਨ ਹੋ ਗਿਆ ਮੈਂ ਜਿਹਨੂੰ ਬਚਨ ਕਰ ਦਿਤਾ ਉਸੇ ਵੇਲੇ ਪੂਰਾ। ਦੋ ਸੌ ਬੰਦੇ ਨੂੰ ਰੋਜ਼ ਮਿਲਾਉਂਦੇ ਸੀ। ਟੋਲੀਆਂ ਬਣਾ ਲੈਂਦੇ ਸੀ। ਬੀਬੀਆਂ ਨੂੰ ਤਾਂ ਮੈਂ ਬੀਬੀ ਜੀ ਨੂੰ ਕਿਹਾ ਕਿ ਤੁਸੀਂ ਮਿਲਾਓ ਇਨ੍ਹਾਂ ਨੂੰ ਤਾਂ। ਇਹਨੇ ਪੰਦਰਾਂ-ਪੰਦਰਾਂ, ਵੀਹ-ਵੀਹ ਦੀ ਟੋਲੀ ਬਣਾ ਦੇਣੀ ਕਿ ਦੱਸੋ ਤੁਸੀਂ ਕੀ ਗੱਲ ਕਰਨੀ ਹੈ? ਆਪ ਗੱਲ ਕਰ ਦੇਣੀ ਜਾ ਕੇ ਛੇਤੀ ਦੇ ਕੇ, ਮਹਾਰਾਜ ਜੀ ਨੇ ਜਵਾਬ ਦੇ ਦੇਣਾ। ਐਉਂ ਕਰਕੇ 200 ਪ੍ਰੇਮੀਆਂ ਨੂੰ ਇਕ ਘੰਟੇ 'ਚ ਮਿਲਾਉਂਦੇ ਸੀ। ਇਕੋ ਘੰਟਾ ਮਹਾਰਾਜ ਜੀ ਕੋਲ ਹੁੰਦਾ, ਵੱਧ ਨਹੀਂ ਸੀ ਦਿੰਦੇ। ਜਿਹੜੇ ਬਚਨ ਕਰਦੇ ਸੀ ਪੂਰੇ। ਇਕ ਨੂੰ ਕਿਹਾ ਕਿ ਤੂੰ ਸ਼ਰਾਬ ਨਾ ਪੀਵੀਂ ਉਹ ਬੀਮਾਰ ਸੀ। ਕਹਿੰਦੇ ਸ਼ਰਾਬ ਕੱਢ ਦਿਓ ਘਰ 'ਚੋਂ ਰਾਜ਼ੀ ਹੋ ਜਾਏਂਗਾ। ਜਦੋਂ ਉਹਦਾ ਵਿਆਹ ਹੋਣ ਲੱਗਾ, ਸਾਡਾ ਨਿਹਚਾ ਕਮਜ਼ੋਰ ਬੜਾ ਹੈ, ਨੈਂ ਨੰਘੀ ਖਵਾਜਾ ਵਿਸਰਿਆ। ਔਖ ਵੇਲੇ ਤਾਂ ਅਸੀਂ ਬੜਾ ਕੁਛ ਕਰਾਂਗੇ ਜਦੋਂ ਕੰਮ ਬਣ ਗਿਆ ਫੇਰ ਅਸੀਂ ਕੁਛ ਵੀ ਨਹੀਂ ਕਰਦੇ। ਵਿਆਹ ਵਾਸਤੇ ਡਰੰਮ ਕੱਢ ਲਿਆ ਸ਼ਰਾਬ ਦਾ। ਪੀਪੀ ਭਰ ਕੇ ਰੱਖ ਲਈ ਕਿ ਆਹ ਹੁਣ ਪੀਵਾਂਗੇ। ਮੁੰਡਾ ਕਹਿੰਦਾ ਮੈਂ ਬੀਮਾਰ ਸੀਗਾ, ਤੁਸੀਂ ਨਾ ਕੱਢੋ ਸ਼ਰਾਬ, ਨਾ ਪੀਵੋ। ਉਨ੍ਹਾਂ ਨੇ ਵੱਡਾ ਸਾਰਾ ਪੀਪਾ ਜਿਹਾ ਭਰ ਕੇ ਰੱਖ ਦਿਤਾ। ਉਧਰੋਂ ਮੱਝ ਨੇ ਰੱਸਾ ਤੁੜਾ ਲਿਆ, ਜਿਉਂ ਜ਼ੋਰ ਨਾਲ ਦੌੜੀ ਆ ਕੇ ਦੋਵੇਂ ਪੈਰ ਪੀਪੇ 'ਚ ਮਾਰੇ, ਪੀਪਾ ਡੋਲ੍ਹ ਦਿਤਾ ਸ਼ਰਾਬ ਦਾ। ਮੁੰਡਾ ਲੜ ਪਿਆ, ਦੇਖ ਲਓ ਹੁਣ ਹੋਰ ਵੀ ਕੁਛ ਕਰਾਉਣਾ ਹੈ। ਕਹਿੰਦਾ, ਆਹ ਤਾਂ ਹੁਣ ਪੀਪਾ ਡੋਲ੍ਹਿਆ ਹੈ, ਅਗਾਹਾਂ ਪਤਾ ਨਹੀਂ ਸਾਡਾ ਕੀ ਬਣੇਂਗਾ। ਮੇਰੇ ਕੋਲ ਆ ਗਿਆ, ਕਹਿਣ ਲੱਗਿਆ ਜੀ, ਮੇਰਾ ਵਿਆਹ ਹੈ ਮੇਰੇ ਘਰਦਿਆਂ ਨੇ ਸ਼ਰਾਬ ਕੱਢ ਲਈ। ਕਹਿੰਦਾ, ਪੀਪੇ ਵਿਚ ਪਾਈ ਹੋਈ ਸੀ, ਮੱਝ ਸੰਗਲ ਤੁੜਾ ਕੇ ਸਿੱਧੀਓ ਆ ਕੇ ਪੀਪੇ ਵਿਚ ਦੋਵੇਂ ਖੁਰ ਮਾਰੇ ਜਿਵੇਂ ਛਾਲ ਮਾਰੀਦੀ ਹੈ, ਕਹਿੰਦਾ ਨਾਲ ਉਹਨੇ ਸਾਰਾ ਡੋਲ੍ਹ ਦਿਤਾ, ਨਾਲੇ ਪੀਪੇ ਨੂੰ ਜਿੱਬ ਪਾ ਦਿਤਾ।

ਕਹਿੰਦਾ ਹੁਣ ਸਾਡੇ ਘਰ ਦੇ ਹਟਦੇ ਨਹੀਂ ਤੁਸੀਂ ਚੱਲੋ। ਜਾ ਕੇ ਕਹੋ ਉਨ੍ਹਾਂ ਨੂੰ ਕਿ ਸ਼ਰਾਬ ਨਾ ਕੱਢੋ।

ਇਕ ਬੀਬੀ ਆਈ ਕਹਿੰਦੀ ਮੇਰੇ ਬੱਚੇ ਲਗਦੇ ਨਹੀਂ ਗੋਦੀ। ਪੈਦਾ ਹੁੰਦਾ ਹੈ ਮਰ ਜਾਂਦਾ ਹੈ-ਪੈਦਾ ਹੁੰਦਾ ਹੈ ਮਰ ਜਾਂਦਾ ਹੈ। ਵਿਵਰੇ ਦੀ ਸੀ। ਮਹਾਰਾਜ ਕਹਿੰਦੇ ਕੀ ਗੱਲ ਬੀਬੀ? ਆਦਮੀ ਕੀ ਕੰਮ ਕਰਦੇ ਨੇ? ਕਹਿੰਦੀ, ਬਾਬਾ ਜੀ! ਸਾਡੇ ਆਦਮੀ ਤਾਂ ਡੰਗਰਾਂ ਦੀ ਚੋਰੀ ਕਰਦੇ ਨੇ। ਮਹਾਰਾਜ! ਕਹਿੰਦੇ ਫੇਰ ਕਟਰੂ? ਕਹਿੰਦੀ ਕੱਟਰੂ ਕੀ ਕਰਨੇ ਨੇ, ਬੂਰੀ ਨਾਲ ਦੁੱਧ 'ਚੋਂ ਲੈਂਦੇ ਨੇ। ਕਹਿੰਦੇ, ਫੇਰ ਉਹ ਭੁੱਖੇ ਉਥੇ ਮਰ ਜਾਂਦੇ ਨੇ ਤੇ ਤੁਹਾਡੇ ਬੱਚਿਆਂ ਨੂੰ ਵਾਹਿਗੁਰੂ ਮਾਰ ਦਿੰਦਾ ਹੈ। ਕਹਿੰਦੀ, ਬਾਬਾ ਜੀ! ਸਾਡਾ ਕੀ ਕਸੂਰ ਹੈ? ਕਹਿੰਦੇ, ਤੁਸੀਂ ਲੱਸੀ ਨਹੀਂ ਪੀਂਦੇ, ਦੁੱਧ ਨਹੀਂ ਪੀਂਦੇ, ਮੱਖਣ ਨਹੀਂ ਖਾਂਦੇ ਉਨ੍ਹਾਂ ਮੱਝਾਂ ਦਾ? ਕਹਿੰਦੀ, ਬਾਬਾ ਜੀ! ਸਾਨੂੰ ਤਾਂ ਕੁੱਛ ਪਤਾ ਨਹੀਂ, ਬਚਨ ਦਿਓ। ਕਹਿੰਦੇ, ਦੇਖੋ, ਬੀਬੀ ਜੇ ਤੁਸੀਂ ਹਟਾ ਨਹੀਂ ਨਾ ਸਕਦੇ ਤਾਂ ਤੁਸੀਂ ਇਹ ਕਰ ਲਓ ਕਿ ਨਾ ਅਸੀਂ ਦੁੱਧ ਪੀਣਾ ਹੈ, ਨਾ ਘਿਓ ਖਾਣ ਹੈ ਉਹਦਾ, ਮੱਝ ਦਾ ਕੁੱਛ ਕਰਨਾ ਹੀ ਨਹੀਂ ਜਿਹੜੀ ਚੋਰੀ ਦੀ ਮੱਝ ਹੈ। ਵਾਹਿਗੁਰੂ ਨੇ ਕ੍ਰਿਪਾ ਕਰ ਦਿਤੀ, ਬੱਚਾ ਹੋ ਗਿਆ ਸੰਗਤ 'ਚ ਲੈ ਕੇ ਆਈ। ਕਹਿੰਦੀ ਜੀ ਆਹ ਮਹਾਰਾਜ ਜੀ ਨੇ ਬਖਸ਼ ਦਿਤਾ ਤੇ ਸਾਡੇ ਜਿਹੜੇ ਬੰਦੇ ਵੀ ਨੇ ਉਨ੍ਹਾਂ ਨੂੰ ਵੀ ਸੁਰਤ ਆ ਗਈ। ਇਸ ਤਰ੍ਹਾਂ ਯੂ.ਪੀ. ਦੇ ਵਿਚ ਮਹਾਰਾਜ ਜੀ ਨੇ ਬੜਾ ਉਧਾਰ ਕਰਿਆ। 45 ਦਿਨ ਮੇਰੇ ਕੋਲ ਠਹਿਰੇ ਸੀ। ਉਹ ਐਨੀਆਂ ਗੱਲਾਂ ਨੇ ਦੱਸਣ ਲੱਗੀਏ ਤਾਂ ਰਾਤ ਪੈ ਜਾਏਗੀ ਤੁਹਾਨੂੰ ਸਾਰਿਆਂ ਨੂੰ। ਉਨ੍ਹਾਂ ਮਹਾਂਪੁਰਸ਼ਾਂ ਦੀ ਯਾਦ ਮਨਾ ਰਹੇ ਹਾਂ। ਜਦੋਂ ਮੈਨੂੰ ਪਹਿਲੀ ਵਾਰੀ ਦਰਸ਼ਨ ਹੋਏ, ਮੈਂ ਕਈ ਵਾਰੀ ਦੱਸ ਚੁੱਕਿਆ ਹਾਂ ਉਨ੍ਹਾਂ ਨੇ ਮੇਰੇ ਤੇ ਸਵਾਲ ਕਰਿਆ ਸੀ ਕਿ ਤੂੰ ਕੌਣ ਹੈਂ? ਮੈਂ ਸੋਚ-ਸੋਚ ਕੇ ਤਿੰਨ ਮਿੰਟ 'ਚ ਦਸਿਆ ਸੀ ਕਿ ਮੈਨੂੰ ਦੱਸਣਾ ਨਹੀਂ ਆਉਂਦਾ ਕਿ ਮੈਂ ਜਾਣਦਾ ਨਹੀਂ ਹਾਂ। ਉਸ ਵਕਤ ਆਪ ਨੇ ਕ੍ਰਿਪਾ ਕਰੀ, ਸਾਰੀ ਗੱਲ ਸੁਣੀ। ਮੈਂ ਕਿਹਾ ਮਹਾਰਾਜ ਜੀ! ਜਿਸ ਦਿਨ ਸੰਸਾਰ ਦਾ ਵਜੂਦ ਬਣਿਆ ਹੈ ਨਾ ਓਸ ਦਿਨ ਮੇਰੀ ਹੋਂਦ ਕਾਇਮ ਹੋਈ ਹੈ। ਕਹਿੰਦੇ, ਅੱਗੇ ਵੀ ਕੁਛ ਦਿਸਦਾ ਹੈ, ਮੈਂ ਕਿਹਾ ਮੈਨੂੰ ਐਉਂ ਦਿਸਦਾ ਹੈ ਕਿ ਬੜੇ ਪ੍ਰਕਾਸ਼ ਦੇ ਵਿਚੋਂ ਇਕ ਕਿਰਨ ਅੱਡ ਹੋ ਰਹੀ ਹੈ। ਮਹਾਰਾਜ ਜੀ 45 ਮਿੰਟ ਨੇਤਰ ਬੰਦ ਕਰਕੇ ਬੈਠੇ ਰਹੇ। ਪਹਿਲਾਂ ਮੈਨੂੰ ਹੱਸੀ ਜਾਂਦੀ ਸੀ ਸੰਗਤ, 16 ਕੁ ਸਾਲ ਸੀ, ਸਾਢੇ ਪੰਦਰਾਂ ਕੁ ਸਾਲ ਦਾ। ਨਾ ਕਦੇ ਇਹੋ ਜਿਹੀ ਗੱਲ ਸੁਣੀ ਨਾ ਬਾਤ ਸੁਣੀ ਤੇ ਜਿਸ ਵਕਤ ਮਹਾਰਾਜ ਜੀ ਨੇ ਨੇਤਰ ਖੋਲ੍ਹੇ ਤਾਂ ਸਹਿਜ ਸੁਭਾਅ ਬਚਨ ਕਰ ਦਿਤਾ ਕਿ ਇਕ ਸੁਹਾਗਣ ਨੂੰ ਇਕ ਸੁਹਾਗਣ ਮਿਲੀ ਹੈ, ਅੱਗੇ ਰੰਡੀਆਂ ਹੀ ਮਿਲਦੀਆਂ ਰਹੀਆਂ, ਮੇਰੀ ਸਮਝ ਵਿਚ ਨਹੀਂ ਪਿਆ ਕਿ ਕੀ ਕਹਿ ਦਿਤਾ। ਓਸ ਵੇਲੇ ਮੈਨੂੰ ਕਹਿਣ ਲੱਗੇ ਕਿ ਦੇਖ ਤੈਨੂੰ ਮੈਂ ਇਕ ਗੱਲ ਦੱਸਾਂ। ਗੱਲ ਦੇ ਤਾਂ ਤੂੰ ਨੇੜੇ ਪਹੁੰਚ ਗਿਆ, ਇਕ ਖਾਈ ਰਹਿੰਦੀ ਹੈ, ਪਰ ਉਹ ਹੈ ਇਕ ਡਿੰਘ ਜੇ ਤਾਂ ਤੂੰ ਐਸ ਜਨਮ 'ਚ ਪੁੱਟ ਗਿਆ ਤਾਂ ਤਾਂ ਤੂੰ ਪਾਰ। ਇਕੋ ਹੀ ਡਿੰਘ ਰਹਿੰਦੀ ਹੈ ਤੇਰੀ, ਇਕ ਕਦਮ ਰਹਿੰਦਾ ਹੈ, ਇਹ ਕਦਮ ਪੁੱਟ ਲੈ, ਹਿੰਮਤ ਦੇ ਨਾਲ। ਇਹ ਹੁਣ ਤੇਰੇ ਨਾਲ ਉਪਾਧੀ ਲੱਗੀ ਹੋਈ ਹੈ ਜੀਵ ਦੀ। ਇਹਨੂੰ ਲਾਹ ਦੇ, ਤੂੰ ਆਪਣੇ ਆਪ ਨੂੰ ਪਛਾਣ ਲੈ ਤੂੰ ਕੌਣ ਹੈਂ? ਐਸ ਤਰ੍ਹਾਂ ਨਾਲ ਫੁਰਮਾਨ ਕੀਤਾ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥***
***ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥***
***ਅੰਗ- ੪੪੧***

ਕਹਿਣ ਲੱਗੇ ਰਮਜ਼ ਵਿਚ ਅਸੀਂ ਗੱਲ ਕਰ ਦਿਤੀ। ਆਹ ਜਿਹੜੀ ਜੀਵ ਦੀ ਉਪਾਧੀ ਲੱਗ ਗਈ ਇਹਨੂੰ ਲਾਹ ਦੇ ਜੇ ਕਿਤੇ ਲਹਿ ਸਕਦੀ ਹੈ ਜ਼ਿੰਦਗੀ ਭਰ 'ਚ। ਇਹ ਝੂਠੀ ਹੈ ਪਰਛਾਵਾਂ ਹੈ ਇਹ ਅਸਲ ਨਹੀਂ ਹੈ। ਅਸਲ ਸਰੂਪ ਜਿਹੜਾ ਤੇਰਾ ਹੈ ਉਹ ਪ੍ਰਮੇਸ਼ਰ ਦੇ ਨਾਲ ਦੂਰ ਨਹੀਂ ਹੈ ਤੇਰਾ। ਨਾਲ ਹੀ ਹੈ। ਉਹਦੇ ਵਰਗਾ ਹੀ ਹੈ। ਉਹਨੂੰ ਪਛਾਣ ਲੈ।

***ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ ਰਹਾਉ ॥ ਨਾ ਇਹੁ ਬੂਢਾ ਨਾ ਇਹੁ ਬਾਲਾ ॥ ਨਾ ਇਸੁ ਦੂਖੁ ਨਹੀ ਜਮ ਜਾਲਾ ॥ ਨਾ ਇਹੁ ਬਿਨਸੈ ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ ॥੧॥ ਨਾ ਇਸੁ ਉਸਨੁ ਨਹੀ ਇਸੁ ਸੀਤੁ ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥ ਨਾ ਇਸੁ ਹਰਖੁ ਨਹੀ ਇਸੁ ਸੋਗੁ ॥ ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥੨॥ ਨਾ ਇਸੁ ਬਾਪੁ ਨਹੀ ਇਸੁ ਮਾਇਆ ॥ ਇਹੁ ਅਪਰੰਪਰੁ ਹੋਤਾ ਆਇਆ ॥ ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ ਸਦ ਹੀ ਜਾਗੈ ॥ ਅੰਗ- ੮੬੮***

ਕਹਿੰਦੇ ਆਹ ਸਾਡਾ ਸ਼ਬਦ ਵੀਚਾਰ ਲੈ। ਇਹਨੂੰ ਵੀਚਾਰ ਲੈ ਸਾਰੀ ਜ਼ਿੰਦਗੀ 'ਚ ਜੇ ਵਿਚਾਰ ਗਿਆ ਤਾਂ ਲੰਘ ਗਿਆ, ਜੇ ਅਧੂਰਾ ਰਹਿ ਗਿਆ ਫੇਰ ਅਗਲੇ ਜਨਮ 'ਚ ਚੱਲ ਪਈਂ। ਮੈਂ ਕਿਹਾ ਮਹਾਰਾਜ! ਮੈਂ ਘਰ ਨਹੀਂ ਜਾਣਾ। ਇਹ ਬੀਬੀ ਆ ਗਈ (ਬੀਬੀ ਰਣਜੀਤ ਕੌਰ ਜੀ) ਮਹਾਰਾਜ ਜੀ ਬੜਾ ਧਿਆਨ ਰੱਖਿਆ ਕਰਦੇ ਸੀ, ਇਹ ਕਹਿਣ ਲੱਗੀ ਕਿ ਮਹਾਰਾਜ! ਮੇਰਾ ਤਾਂ ਰੱਬ ਵੀ ਇਹੀ ਹੈ, ਮੇਰਾ ਤਾਂ ਸੰਤ ਵੀ ਇਹ ਹੈ, ਜਿਥੇ ਇਹਨੇ ਰਹਿਣਾ ਹੈ ਮੈਂ ਭਾਂਡੇ ਮਾਂਜੀ ਜਾਵਾਂਗੀ, ਸਾਰੀ ਜਿੰਦਗੀ ਨਹੀਂ ਮੈਂ ਬੋਲਦੀ, ਪਰ ਮੈਂ ਨਾਲ ਰਹਿਣਾ ਹੈ। ਮਹਾਰਾਜ ਕਹਿਣ ਲੱਗੇ, ਕਿ ਦੇਖ ਤੈਨੂੰ ਦੱਸੀਏ ਕਿ ਪਿਛਲੇ ਜਨਮ ਤੂੰ ਸੰਕਲਪ ਕਰਿਆ ਸੀ ਇਹ ਤੈਨੂੰ ਹੁਣ ਭੋਗਣਾ ਪੈਣਾ ਹੈ, ਜਿਹੜੇ ਜੀਆਂ ਨੇ ਬਾਲ-ਬੱਚੇ ਬਣ ਕੇ ਆਉਣਾ, ਲੈਣ ਦੇਣ ਦਾ ਸਬੰਧ ਜੋ ਹੈ ਨਿਬੇੜ ਦੇ ਹੁਣੇ ਹੀ, ਫੇਰ ਨਾ ਇੰਤਜ਼ਾਰ ਕਰ, ਨਹੀਂ ਤਾਂ ਇਹ ਲੇਖਾ ਜਿਹਾ ਤੇਰੇ ਸਿਰ ਰਹਿ ਜਾਣਾ ਹੈ, ਤੈਨੂੰ ਫੇਰ ਆ ਕੇ ਦੇਣਾ ਪੈਣਾ ਹੈ। ਫੁਰਨਾ ਤੇਰਾ ਹੀ ਹੈ ਤੂੰ ਹੀ ਕੀਤਾ ਸੀ।

ਸੋ ਐਸੇ ਮਹਾਂਪੁਰਸ਼ਾਂ ਸਾਧਸੰਗਤ ਜੀ! ਪਹਿਲਾਂ ਤਾਂ ਬਹੁਤ ਮਨ ਵਿਚ ਅਫਸੋਸ ਹੋਇਆ, ਜੀਅ ਕਰੇ ਸੱਚੀਮੁਚੀਂ ਕਿ ਮੈਂ ਵੀ ਚੜ੍ਹਾਈ ਕਰ ਜਾਵਾਂ। ਇਕ ਸਾਲ ਹਉਕੇ ਆਈ ਗਏ, ਹੁਣ ਵੀ ਇਸ ਤਰ੍ਹਾਂ ਹੋ ਜਾਂਦਾ ਹੈ। ਲੇਕਿਨ ਫੇਰ ਪਤਾ ਲੱਗਿਆ ਕਿ ਉਹ ਤਾਂ ਗਏ ਨਹੀਂ ਹਨ, ਜਦੋਂ ਮੈਂ ਇਕਾਗਰ

***(ਬਾਕੀ ਪੰਨਾ 51 ਤੇ)***

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

ਹਰਦਿੱਤਾ - ਵੀਰਾ! ਮੈਂ ਦਾਹ ਨਾਲ ਨਹੀਂ ਕਿਹਾ, ਪਿਆਰ ਨਾਲ ਕਿਹਾ ਹੈ, ਤੁਸਾਨੂੰ ਕਿਉਂ 'ਕਿੰਤੂ' ਫੁਰਦੇ ਹਨ? ਸਿੱਖੀ ਤਾਂ ਪਿਆਰ ਦਾ ਨਾਉਂ ਹੈ, ਸਿੱਖੀ ਸਿਦਕ ਨੂੰ ਆਖਦੇ ਹਨ, ਫੇਰ ਸਾਡਾ ਸਤਿਗੁਰ ਜ਼ਾਹਰ ਹੈ, ਹਾਜ਼ਰ ਨੇ, ਨੌਂ ਜਾਮੇਂ ਅਸਾਂ ਤੇ ਸਾਡੇ ਵੱਡਿਆਂ ਤੱਕੇ ਹਨ, ਮੇਰੇ ਆਪਣੇ ਵੱਡੇ ਅਜ਼ਮਤ ਵਾਲੇ ਹੋਏ ਹਨ, ਪਰ ਸਾਰੇ ਇਸ ਦਰ ਦੇ ਦਾਸ ਤੇ ਪਿਆਰਾਂ ਵਾਲੇ ਰਹੇ ਹਨ। ਮੇਰੇ ਵੱਡੇ ਭਰਾ ਨੇ ਨੌਂਵੇਂ ਗੁਰਾਂ ਤੋਂ ਵਿਛੁੜ ਕੇ ਜੀਉਣਾ ਪਸੰਦ ਨਹੀਂ ਕੀਤਾ। ਮੇਰੀਆਂ ਆਸਾਂ ਤਾਂ ਇਹ ਹਨ ਕਿ ਰਸ ਮੂਰਤੀ ਨੇ ਜਿਸਨੂੰ ਮੈਂ ਸਦਾ ਇਕ ਰਸ ਜਾਗਤੀ ਜੋਤਿ ਸਮਝਦਾ ਹਾਂ - ਦੇਸ਼ ਦਾ ਭਾਰ ਹਰਨਾ ਹੈ। ਸਫੁੱਟ ਲੱਖਣ ਹੈਨ ਕਿ ਏਸ ਦੇਸ਼ ਦਾ ਰਾਜ - ਦੁੱਖ ਭੀ ਦੂਰ ਕਰਨਗੇ। ਮੁਗਲਾਂ ਦਾ ਤੇਜ ਬੜਾ ਹੈ, ਪਰ ਤੇਜ ਹਿਰ ਚੱਲਿਆ ਹੈ, ਦੁਪਹਿਰ ਲੰਘ ਗਈ ਹੈ, ਸੂਰਜ ਢਾਲੇ ਪੈ ਗਿਆ ਹੈ, ਚਾਹੇ ਦੁਪਹਿਰ ਮਗਰੋਂ ਉਵ ਢਲਿਆ ਪ੍ਰਤੀਤ ਨਹੀਂ ਦਿੰਦਾ। ਜ਼ੁਲਮ ਅੱਤ ਹੈ, ਜੋ ਆਪਣੇ ਪੈਰ ਕੁਹਾੜਾ ਹੈ। ਗੁਰੂ ਜੀ ਦਾ ਸਾਕਾ ਉਨ੍ਹਾਂ ਦੇ ਤਪ ਤੇਜ ਨੂੰ ਮੁਕਾ ਗਿਆ ਹੈ, ਹੁਣ ਵੱਡਾ ਬ੍ਰਿਛ ਡਿਗਦਿਆਂ ਕੁਛ ਸਮਾਂ ਤਾਂ ਲੈਂਦਾ ਹੀ ਹੈ ਨਾ। ਇਹ ਕੁਮਾਰ ਮੂਰਤੀ - ਮੇਰੀ ਆਸ ਹੈ - ਇਹ ਜ਼ੁਲਮ ਭਰੇ ਰਾਜ ਦੀ ਨੀਂਹ ਪਾਣੀਆਂ ਵਿਚ ਡੋਬੇਗੀ, ਅੱਗੋਂ ਭਾਈ ਅੰਤਰਜਾਮੀ ਕੌਣ ਹੈ!

ਦੁਲਚਾ - ਤੁਸੀਂ ਹੀ ਕਹਿੰਦੇ ਹੋ ਕਿ ਕਿਸ਼ੋਰ ਮੂਰਤੀ ਅੰਤਰਜਾਮੀ ਹਨ।

ਹਰਦਿੱਤਾ (ਗੰਭੀਰ ਹੋ ਕੇ) ਇਹ ਤਾਂ ਡੰਕੇ ਦੀ ਚੋਟ ਆਖਦਾ ਹਾਂ, ਢੋਲ ਵਜਾ ਕੇ ਆਖਦਾ ਹਾਂ ਕਿ ਮੇਰੇ ਸਤਿਗੁਰ ਅੰਤਰਜਾਮੀ ਹਨ, ਮੇਰੇ ਸਤਿਗੁਰੂ ਸਦਾ ਵਾਹਿਗੁਰੂ ਨਾਲ ਅੰਤਰ ਆਤਮੇ ਜੁੜੇ ਹੋਏ ਹਨ, ਉਨ੍ਹਾਂ ਵਿਚ ਸਦਾ ਵਾਹਿਗੁਰੂ ਜੀ ਦੀ ਜੋਤਿ ਦੇ 'ਬਲ ਤੇ ਬੁੱਧੀ' ਲਹਿਰੇ ਮਾਰਦੇ ਹਨ, ਉਹ ਹਨ ਜੋ ਉਹ ਹਨ, ਉਹ ਪੂਰਨ ਹਨ ਤੇ ਪੂਰਨ ਦੇ ਹਨ। ਅੰਤਰਜਾਮੀ ਕਹਿਣਾ ਕੋਈ ਬੜੀ ਵਡਿਆਈ ਦੇਣੀ ਨਹੀਂ, ਉਹ ਤਾਂ ਸਾਡੀ ਪਰਮੇਸੁਰਤਾਈ, ਰੂਹਾਨੀਅਤ ਅਲੂਹੀਅਤ ਨਾਲ ਸਰਸ਼ਾਰ ਭਰਪੂਰ ਲਹਿ ਲਹਿ ਕਰ ਰਹੇ ਗੁਰੂ ਨਾਨਕ ਦੇਵ ਗੋਵਿੰਦ ਰੂਪ ਹਨ, ਇਸ ਵਿਚ ਫਖਰ ਹੈ, ਸੁਖ ਹੈ, ਇਹ ਸੱਚ ਹੈ ਤੇ ਸੁਖਦਾਈ ਸੱਚ ਹੈ। ਤੂੰ ਬੀ ਇਸੇ ਦਰ ਦਾ ਹੈਂ, ਤੂੰ ਬੀ ਜਾਣਦਾ ਹੋਸੇਂ ਮੇਰੇ ਮਤੇ ਪਰਤਾਵੇ ਲੈਂਦਾ ਪਿਆ ਹੋਵੇਂ? ਹੈਂ?

ਦੁਲਚਾ ਹੱਸ ਕੇ ਉਠ ਗਿਆ।

ਅਗਲੇ ਦਿਨ ਜਦ ਆਸਾ ਜੀ ਦੀ ਵਾਰ ਦਾ ਭੋਗ ਪੈ ਚੁੱਕਾ, ਕੜਾਹ ਪ੍ਰਸਾਦ ਵਰਤੀਜ ਚੁੱਕਾ ਤਾਂ ਕਿਸ਼ੋਰ ਮੂਰਤੀ ਜੀ ਅੱਖਾਂ ਮੀਟੇ ਹੀ ਬੈਠੇ ਸਨ। ਅੱਜ ਨਵੀਂ ਸੰਗਤ ਕੋਈ ਨਹੀਂ ਸੀ ਆਈ ਹੋਈ, ਅਗਲੀਆਂ ਸੰਗਤਾਂ ਨਾਲ ਹੀ ਦੀਵਾਨ ਗਹਗਟ ਭਰ ਰਿਹਾ ਸੀ, ਅਚਾਨਕ ਸਤਿਗੁਰ ਜੀ ਨੇ ਨੈਣ ਖੋਹਲੇ ਤੇ ਬੋਲੇ, ਦੁਲਚਾ ਕਿੱਥੇ ਹੈ?

ਦੂਲਚਾ ਹੱਥ ਜੋੜ ਕੇ ਆ ਖਲੋਤਾ। ਆਪ ਨੇ ਆਖਿਆ, ਭਾਈ! ਤੂੰ ਮੇਰੇ ਜੋਗਾ ਕੀਹ ਲਿਆਇਆ ਹੈਂ?

ਦੂਲਚਾ ਹੱਥ ਜੋੜ ਕੇ ਆ ਖਲੋਤਾ। ਆਪ ਨੇ ਆਖਿਆ, ਭਾਈ! ਤੂੰ ਮੇਰੇ ਜੋਗਾ ਕੀਹ ਲਿਆਇਆ ਹੈਂ?

ਦੁਲਚਾ - ਪਾਤਸ਼ਾਹ! ਜੋ ਕੁਛ ਲਿਆਇਆ ਸਾਂ ਉਸ ਦਿਨ ਆਪ ਦੇ ਚਰਨਾਂ ਵਿਚ ਅਰਪ ਦਿਤਾ ਸੀ।

ਸਤਿਗੁਰ - ਤੂੰ ਆਪ ਕੀਹ ਆਂਦਾ ਹੈ?

ਦੁਲਚਾ - ਜੋ ਤਿਲ ਫੁਲ ਸਾਰਿਆਂ, ਅਰਪ ਦਿਤਾ ਸੀ।

ਸਤਿਗੁਰ - ਕਿਸੇ ਪਿਆਰੇ ਪਿਆਰਾਂ ਵਾਲੇ ਦੀ ਦਿੱਤੀ ਕੋਈ ਅਮਾਨ?

ਦੁਲਚਾ - ਸਭ ਆਪ ਜੋਗ ਅਪਰ ਦਿੱਤੀ ਸੀ।

ਸਤਿਗੁਰ - ਕੋਈ ਭੁੱਲੀ ਭਟਕੀ ਰਹਿ ਗਈ ਹੋਵੇ, ਚੇਤੇ ਕਰ ਲੈ, ਦੇਖ ਮੇਰੇ ਹੱਥ ਬੁੱਟੇ ਹਨ।

ਦੁਲਚਾ - ਮੈਂ ਤਾਂ ਸਭ ਕੁਛ ਦੇ ਚੁੱਕਾ ਹਾਂ। ਆਪ ਚੋਜ ਕਰਦੇ ਹੋ, ਬਾਲ ਅਵਸਥਾ ਦਾ ਚੋਜ ਮੇਰੇ ਨਾਲ ਹੀ? ਆਪ ਦਾ ਬਾਲਕਪਣੇ ਦਾ ਚੋਜ, ਮੇਰੀ ਇਜ਼ਤ......ਉਹ ਹੋ......?

ਸਤਿਗੁਰ - ਹਾਂ, ਦੁਲਚਿਆਂ! ਤੇਰੀ ਇਜ਼ਤ ਤੇ ਮੇਰਾ ਚੋਜ। ਚੋਜ ਵੇਖ ਉਸ ਸੂਰੇ ਗੁਰੂ ਤੇਗ ਬਹਾਦਰ ਦਾ, ਚੋਜ ਵੇਖ -

ਇਹ ਕਹਿੰਦੇ ਹੀ ਉਛਲੇ ਤੇ ਉਸਦੀ ਪੱਗ ਲਾਹ ਸੁੱਟੀ।

ਸਿੱਖ ਸੇਵਕ ਦੁਲਚੇ ਦੇ ਇਸ ਨਾਮੁਨਾਸਬ ਦਲੇਰੀ ਵਾਲੇ ਉਤਰਾਂ ਤੋਂ ਚੁਕੰਨੇ ਹੋਏ ਹੀ ਸਨ, ਕਿ ਕਿਸ਼ੋਕ ਕੌਤਕ ਇਹ ਵਰਤ ਗਿਆ। ਪੱਗ ਲੱਥੀ ਤਾਂ ਵਿਚੋਂ ਇਕ ਨਿੱਕੇ ਨਿੱਕੇ ਸਤਿਗੁਰ ਦੇ ਮੇਚੇ ਦੇ ਬਣੇ ਜੜਾਊ ਕੜਿਆਂ ਦੀ ਜੋੜੀ ਢੱਠੀ। ਇਹ ਇਕ ਸਿੱਖ ਨੇ ਚੁੱਕ ਕੇ ਆਪ ਦੇ ਅੱਗੇ ਧਰੇ ਜਿੱਥੇ ਕਿ ਗੱਦੀ ਤੇ ਆਪ ਸ਼ਾਂਤ ਚਿੱਤ ਚੜ੍ਹਦੇ ਚੰਦ ਦੀ ਮੁਸਕਰਾਹਟ ਨਾਲ ਜਾ ਬੈਠੇ ਸੇ। ਦੁਲਚੇ ਨੇ ਉਹ ਲੱਥੀ ਪੱਗ ਚਾਈ ਤੇ ਚਰਨਾਂ ਤੇ ਜਾ ਧਰੀ ਤੇ ਮੱਥਾ ਟੇਕ ਕੇ ਕਿਹਾ, ਮੈਂ ਭੁੱਲਾ ਹਾਂ, ਬਖਸ਼ ਲੈ, ਮੈਂ ਕਿਸੇ ਮਾਨ ਤੇ ਮਦ ਵਿਚ ਲਹਿ ਗਿਆ ਸਾਂ, ਮੈਂ ਜਾਤਾ ਸੀ ਮੈਂ ਮਾਇਆ ਕੱਠੀ ਕਰਕੇ ਦਿੰਦਾ ਹਾਂ, ਮੈਂ ਚੰਗਾ ਤੇ ਉੱਚਾ ਹਾਂ। ਮੈਂ ਜਾਤਾ ਸੀ ਤੁਸੀਂ ਉਮਰਾ ਕਰਕੇ ਛੋਟੇ ਹੋ। ਮੈਨੂੰ ਕੱਲ ਇਕ ਸਿੱਖ ਨੇ ਮੱਤ ਦਿਤੀ ਸੀ ਕਿ ਤੂੰ ਸੰਭਲ, ਠੁਹਕਰ ਖਾਏਂਗਾ। ਮੈਂ ਨਾ ਸਮਝਿਆ, ਅੱਜ ਠੁਹਕਰ ਖਾਧੀ। ਮੈਂ ਮਾਇਆਧਾਰੀ ਅੰਨ੍ਹਾ ਬੋਲਾ ਹਾਂ, ਪਰ ਹੇ ਦਿਆਲ ਮੂਰਤੀ! ਹੇ ਪਰਤੱਖ ਸ੍ਰੀ ਗੁਰੂ ਨਾਨਕ! ਮੈਨੂੰ ਬਖਸ਼ ਲੈ?

ਇਸ ਵੇਲੇ ਭਾਈ ਹਰਦਿਤਾ ਜੀ ਦਾ ਕੋਮਲ ਮਨ ਦ੍ਰਵ ਗਿਆ, ਹੱਥ ਜੋੜ ਖੜੋਤਾ, ਪਾਤਸ਼ਾਹ ਬਖਸ਼ੋ?

ਕਿਸ਼ੋਰ ਮੂਰਤੀ ਬੋਲੇ - ਗੁਰ ਨਾਨਕ ਦਾ ਘਰ ਸਦਾ ਬਖਸ਼ਿੰਦ ਹੈ, ਇਸ ਦਰ ਮਾਇਆ ਦੀ ਭੁੱਖ ਨਹੀਂ, ਸਭ ਲੁਟਾ ਦਿਓ ਤੇ ਭਾਂਡੇ ਮੂਧੇ ਮਾਰ ਦਿਓ, ਪਰ ਪ੍ਰੇਮੀਆਂ ਦੇ ਪ੍ਰੇਮ ਨੂੰ ਤੱਕੋ। ਆਖੋ ਭਾਈ ਹਰਦਿੱਤਾ ਜੀ! ਦੂਲਚੇ ਨੂੰ ਆਖੋ ਬਖਸ਼ਿਆ, ਪਰ ਉਹ ਪ੍ਰੇਮ ਸੁਣਾ ਦੇਵੇ, ਉਹ ਦਰਦ ਸੁਣਾ ਦੇਵੇ, ਉਹ ਪੁਕਾਰ ਸੁਣਾ ਦੇਵੇ ਜੋ ਮੈਂ ਹੁਣੇ ਸੁਣੀ ਹੈ, ਕੜਿਆਂ ਵਾਲੇ ਦੀ ਕਥਾ।

ਤਦ ਦੂਲਚੇ ਨੇ ਉਠ ਕੇ ਭਾਈ ਰੂਪੇ ਦੀ - ਉਸ ਧਨੀ ਸੇਠ ਦੀ - ਜੋ ਚੋਰਾਂ ਹਾਰ ਬੱਧਾ ਗਿਆ ਸੀ, ਕਥਾ ਸੁਣਾਈ। ਉਸ ਦੀ ਗੁਰ ਨਾਨਕ ਦੇ ਦਰ ਪੁਕਾਰ ਦੀ ਕਥਾ ਸੁਣਾਈ। ਉਸਦੀ ਅਦਾਲਤ ਵਿਚ ਗੁਰਸਿੱਖੀ ਦੀ, ਸਿਦਕ ਦੀ ਕਥਾ ਸੁਣਾਈ, ਉਸਦੇ ਸੱਚ ਦੀ ਕਥਾ ਸੁਣਾਈ ਤੇ ਉਸਦੇ ਬਧੇ ਛੁਟਣ ਦੀ, ਅਗੰਮੋਂ ਸਹਾਇਤਾ ਅਪੜਨ ਦੀ, ਗੁਰ ਨਾਨਕ ਦੇ ਦਰੋਂ ਸੁਰਖਰੂਈ ਤੇ ਬੰਧਨ ਕਟੀਣ ਦੀ ਕਥਾ ਸੁਣਾਈ। ਫੇਰ ਦੂਲਚੇ ਨੇ ਉਹ ਪ੍ਰੇਮ-ਸੰਦੇਸਾ, ਜੋ ਉਸਨੇ ਦਿਤਾ ਸੀ, ਉਹ ਸੁਣਾਇਆ ਤੇ ਆਪ ਮੰਨਿਆ ਕਿ ਰੂਪੇ ਦੇ ਪਦਾਰਥ ਦੀ ਸੁੰਦਰਤਾ ਨੇ ਮੈਨੂੰ ਮੋਹ ਲਿਆ ਸੀ। ਮੈਂ ਉਸ ਵਿਚੋਂ 58 ਵਧੀਆ ਮੋਤੀ ਤੇ 26 ਮੋਹਰਾਂ ਤਾਂ ਘਰੇ ਰੱਖ ਆਇਆ ਸਾਂ ਤੇ ਕੜਿਆਂ ਦੀ ਜੋੜੀ ਪੁਰ ਮੇਰਾ ਮਨ ਇਥੇ ਆ ਕੇ ਭਰਮ ਗਿਆ ਸੀ, ਜੋ ਪਗ ਵਿਚ ਰਖੀ ਫਿਰਦਾ ਸਾਂ। ਮੈਂ ਸਤਿਗੁਰ ਨੂੰ ਬਾਲ ਜਾਤਾ ਸੀ, ਮੈਂ ਮਾਇਆ ਨੂੰ ਮੋਹ ਕੀਤਾ ਸੀ, ਮੇਰਾ ਭਰੋਸਾ ਗੁਰੂ ਤੇਗ ਬਹਾਦਰ ਜੀ ਦੇ ਸਾਕੇ ਤੋਂ ਡੋਲ ਗਿਆ ਸੀ। ਮੈਂ ਅਪਰਾਧੀ ਹਾਂ, ਪਰ ਸ਼ੁਕਰ ਹੈ ਕਿ ਇਸੇ ਜਗਾ ਤੇ ਇਸੇ ਦਰਗਾਹ ਮੇਰਾ ਪਾਜ ਉੱਘੜ ਗਿਆ ਹੈ, ਹੁਣ ਮੈਨੂੰ, ਹੇ ਸਾਈਆਂ ਜੀਉ! ਅੱਗੇ ਤੋਂ ਬਚਾ ਲਓ?

ਕਿਸ਼ੋਰ ਸਤਿਗੁਰ ਜੀ - ਮਾਇਆ ਮੋਹਣੀ ਹੈ, ਮਾਇਆ ਮੋਹਣੀ ਹੈ, ਦੂਲਚਿਆ। ਇਸ ਨੂੰ ਸਫਲ ਕਰੋ ਸ਼ਸਤਰਾਂ ਤੇ। ਦੇਸ਼ ਵਿਚ ਪੀੜਾ ਹੈ, ਪਰਜਾ ਦੁਖੀ ਹੈ, ਜਾਓ ਬਖਸ਼ਿਆ, ਹਰਦਿਤਾ ਜੀ! ਪਿਆਰੇ ਜੀ! ਦੂਲਚੇ ਦਾ ਅਵਗੁਣ ਕੋਈ ਨਾ ਚਿਤਾਰੇ, ਨਾ ਫਿਟਕਾਰੇ, ਇਹ ਬਖਸ਼ਿਆ। ਪਰ ਮਾਇਆ ਮਾੜੀ ਹੈ, ਨਾ, ਮਾਇਆ ਦਾ ਮੋਹ ਮਾੜਾ ਹੈ। ਹਾਂ, ਰੂਪਾ ਚੰਗਾ ਹੈ, ਰੂਪਾ ਗੁਰੂ ਨਾਨਕ ਦਾ ਸਿੱਖ ਹੈ। ਧੰਨ ਗੁਰੂ ਨਾਨਕ। ਧੰਨ ਗੁਰੂ ਨਾਨਕ। ਧੰਨ ਗੁਰੂ ਨਾਨਕ ਕਹਿੰਦੇ ਸਤਿਗੁਰ ਕਿੰਨਾਂ ਚਿਰ ਧੁਨਿ ਵਿਚ ਮਗਨ ਰਹੇ। ਦੀਵਾਨ ਸਾਰਾ ਏਸ ਧੁਨਿ ਵਿਚ ਮਗਨ ਹੋ ਗਿਆ। ਫਿਰ ਕਿਸ਼ੋਰ-ਮੂਰਤੀ ਦੇ ਨੈਣ ਖੁਲ੍ਹੇ ਤੇ ਉਤਰ ਦੀ ਠੰਢੀ-ਠੰਢੀ ਹਵਾ ਵਾਂਗੂੰ ਸਹਿਜੇ ਸਹਿਜੇ ਸ਼ਾਂਤੀ-ਸ਼ਾਂਤੀ ਵਿਚ ਲਪਟਾਂ ਦਿੰਦੇ ਮਾਤਾ ਜੀ ਪਾਸ ਚਲੇ ਗਏ।

ਇਧਰ ਇਸ ਤਰ੍ਹਾਂ ਦੇ ਕੌਤਕ ਵਰਤਦੇ ਸਨ, ਉਧਰ ਸਤਿਗੁਰ ਜੀ ਦੇ ਖੇਲ੍ਹ, ਕੂਦ, ਸ਼ਿਕਾਰ, ਤੀਰਅੰਦਾਜ਼ੀ ਤੇ ਕੌਤਕ ਅਸਚਰਜ ਸੇ। ਸ਼ਿਕਾਰ ਬੀ ਜਾਂਦੇ, ਸ਼ਾਸਤਰਾਂ ਦਾ ਅਭਿਆਸ ਬੀ ਕਰਦੇ, ਮਾਮਾ ਜੀ ਤੇ ਮਾਤਾ ਜੀ ਨੇ ਜੋ ਸੰਸਾਰਕ ਧਿਆਨ ਕਰਕੇ ਵਿਦਿਆ ਦਾ ਪ੍ਰਬੰਧ ਕਰ ਰੱਖਿਆ ਸੀ, ਸੋ ਬੀ ਆਖਾ ਨਾ ਮੋੜਦੇ, ਪਰ ਉਨ੍ਹਾਂ ਦੇ ਖਿਆਲ ਤੇ ਸਹਿਜ ਸੁਭਾਅ ਨਿਕਲੇ ਆਤਮਵਾਕ ਯਾ ਕਦੇ ਕਦੇ ਰੱਬੀ ਪਿਆਰ ਦੇ ਉਚਾਰੇ ਵਲਵਲੇ ਸੰਸਾਰੀ ਵਿਦਿਆ ਪੜ੍ਹਾਵਣ ਵਾਲੇ ਨੂੰ ਹੈਰਾਨ ਕਰ ਦਿੰਦੇ।

ਪਟਣੇ ਸਾਹਿਬ ਵਿਚ ਜੋ ਜਲ ਕ੍ਰੀੜਾ ਦਾ ਸ਼ੌਕ ਸੀ, ਇਥੇ ਸਗੋਂ ਵਧਿਆ। ਕਈ ਵੇਰ ਆਪ ਨੇ ਦਰਿਆ ਵਿਚ ਜਾ ਉਧਮ ਮਚਾਏ। ਆਪਣੇ ਸਾਥੀ ਸੰਗੀ ਤੇ ਖੇਲਾਂ ਦੇ ਸਖੇ ਨਾਲ ਲੈ, ਦੋ ਧੜੇ ਬਣਾ, ਜਲ ਵਿਚ ਪਾਣੀ ਉਛਾਲਣ ਦਾ ਜੰਗ ਜਾ ਮਚਾਉਂਦੇ। ਇਕ ਵੇਰੀ ਕਹਿੰਦੇ ਹਨ ਕਿ ਇਕ ਜਥੇ ਦੇ ਆਪ ਮੋਹਰੀ ਸਨ ਤੇ ਦੂਏ ਦਾ ਮੋਹਰੀ ਗੁਲਾਬ ਰਾਇ ਨੂੰ ਬਣਾਯਾ। ਦਰਿਆ ਵਿਚ ਖੇਡਦੇ ਇਕ ਦੂਜੇ ਨੂੰ ਭਜਾਉਂਦੇ ਐਸੇ ਭਾਰੂ ਹੋਏ ਕਿ ਗੁਲਾਬਰਾਇ ਭੱਜ ਗਿਆ ਤੇ ਬਾਹਰ ਆ ਛੇਤੀ ਨਾਲ ਗੁਰੂ ਜੀ ਦੀ ਪੱਗ ਚੁਕ ਸਿਰ ਤੇ ਧਰ ਕੇ ਦੌੜ ਗਿਆ। ਕਿਸੇ ਦੇ ਦੱਸਣ ਨਾਲ ਜਦ ਲਾਹੁੰਣ ਲੱਗਾ ਤਾਂ ਸਤਿਗੁਰਾਂ ਨੇ ਕਿਹਾ, ਰਹਿਣ ਦੇਹ ਹੁਣ ਨਾ ਲਾਹ, ਕਦੇ ਤੂੰ ਕੁਛ ਸਮਾਂ ਅਗੁਵਾਨੀ ਕਰੇਂਗਾ, ਪਰ ਇਸ ਪਗ ਵਾਲੇ ਸਿਰ ਵਿਚ ਮਦ ਨਾ ਵਾੜੀਂ, ਮਦ ਆਯਾ ਤਾਂ ਗਿਆ, ਅਦਬ ਸਦਾ ਸੁਖਦਾਈ ਹੈ।

ਇਕ ਦਿਨ ਕਿਸ਼ੋਰ ਮੂਰਤੀ ਦੇ ਕੰਨਾਂ ਵਿਚ ਇਕ ਡਾਢੀ ਦਰਦ ਭਰੀ ਆਵਾਜ਼ ਕਿਸੇ ਮਾਈ ਦੇ ਰੁਦਨ ਦੀ ਆਈ। ਬੜੇ ਨਰਮ ਦਿਲ ਹੋ ਕੇ ਗਏ ਤਾਂ ਉਹ ਰੋ ਰਹੀ ਸੀ ਤੇ ਉਸਦੇ ਅੱਗੇ ਉਸਦਾ ਪੁੱਤਰ ਪਿਆ ਸੀ। ਆਪ ਦਾ ਦਿਲ ਡਾਢਾ ਦ੍ਰਵਿਆ ਤੇ ਕਹਿਣ ਲੱਗੇ, ਮਾਈ! ਕਿਉਂ ਰੋਂਦੀ ਹੈ? ਓਹਨੇ ਕਿਹਾ, ਸਦਾ ਜੀਓ ਪਾਤਸ਼ਾਹ! ਆਪ ਮੇਰਾ ਪੁੱਤਰ ਹੈ ਇਕੋ ਇਕ ਹੁਣੇ ਚੰਗਾ ਭਲਾ ਸੀ, ਹੁਣੇ ਲੇਟ ਗਿਆ ਹੈ ਤੇ ਦੇਖੋ ਬੋਲਦਾ ਨਹੀਂ, ਹਿਲਦਾ ਨਹੀਂ ਸਾਹ ਨਹੀਂ ਲੈਂਦਾ। ਸਤਿਗੁਰੂ ਉਸੇ ਨਰਮ ਦਿਲੀ ਵਿਚ ਸਹਿਸੁਭਾ ਬੋਲੇ ਸਾਹ ਤਾਂ ਆਉਂਦਾ ਹੈ, ਦੇਖੋ ਅੱਖਾਂ ਝਮਕਦਾ ਹੈ, ਆਹ ਦੇਖ, ਮਾਈ! ਇਹ ਤਾਂ ਜੀਉਂਦਾ ਹੈ। ਇਹ ਕੌਤਕ ਤੱਕ ਕੇ ਲੋਕ ਅਸਚਰਜ ਹੋ ਗਏ। ਸਿੱਖਾਂ ਜਾਤਾਂ ਉਹੋ ਗੁਰੂ ਅਮਰਦਾਸ ਜੀ ਵਾਲੀ ਦਇਆ ਇਨ੍ਹਾਂ ਵਿਚ ਹੈ, ਉਹੋ ਉਪਕਾਰੀ ਸਮਰੱਥਾ ਇਨ੍ਹਾਂ ਵਿਚ ਹੈ -

***ਮਿਰਤਕ ਕਉ ਜੀਵਾਲਨਹਾਰ।।***
***ਭੂਖੇ ਕਉ ਦੇਵਤ ਆਧਾਰ॥***

ਹੁਣ ਆਪ ਦੀ ਵਰੇਸ ਵਧ ਰਹੀ ਸੀ, ਜੰਗੀ ਸ਼ੌਂਕ ਬੀ ਬਹੁਤ ਵੱਧ ਰਿਹਾ ਸੀ, ਸ਼ਿਕਾਰ ਵਿਚ ਆਪ ਤਕੜੇ ਨਿਸ਼ਾਨਚੀ ਹੋ ਗਏ ਸਨ। ਤੀਰਅੰਦਾਜ਼ੀ ਦੇ ਨਾਲ ਹੁਣ ਬੰਦੂਕ ਬੀ ਚਲਾਉਂਦੇ ਸਨ, ਨਿਸ਼ਾਨਾ ਅਜੀਬ ਬੈਠਦਾ ਸੀ। ਸਿੱਖਾਂ ਦੇ ਦਿਲਾਂ ਦੇ ਪ੍ਰੇਮ ਐਸੇ ਹਨ ਕਿ ਜਿਧਰ ਉਨ੍ਹਾਂ ਦਾ ਰੁਖ ਸੀ ਉਹੀ ਸੇਵਾ ਕਰਦੇ ਸਨ। ਕਾਬਲ ਵਿਚੋਂ ਇਕ ਸ਼ਾਮਿਆਨਾ ਦੋ ਕੁ ਲੱਖ ਦੇ ਖਰਚ ਤੋਂ ਤਿਆਰ ਹੋ ਕੇ ਦਿੱਲੀ ਪਹੁੰਚਾ, ਪਰ ਦਿੱਲੀ ਦੇ ਸਿੱਖਾਂ ਵਿਚ ਇਹ ਚਾਉ ਆਇਆ ਕਿ ਸਾਡੇ ਪਾਤਸ਼ਾਹ ਲਈ ਜੋ ਰੂਹ ਦੇ ਦੇਸ਼ ਦਾ ਸੱਚਾ ਪਾਤਸ਼ਾਹ ਹੈ, ਇਸ ਤੋਂ ਸੁੰਦਰ ਡੇਰਾ ਬਣਨਾ ਚਾਹੀਏ। ਸੋ ਅਫਗਾਨਿਸਤਾਨ ਦੀ ਸੰਗਤ ਨੇ ਉਸ ਤੋਂ ਬੀ ਅਧਿਕ ਸੋਹਣਾ ਡੇਰਾ ਤਿਆਰ ਕਰਵਾਇਆ। ਢਾਈ ਤ੍ਰੈ ਲੱਖ ਰੁਪਿਆ ਇਸ ਪਰ ਖਰਚ ਆਇਆ, ਜ਼ਰੀ ਬਾਦਲੇ ਦਾ ਕੰਮ ਤੇ ਵਿਚ ਜੜਤਾਂ ਜਵਾਹਰਾਤਾਂ ਦੀਆਂ। ਕਾਬਲ ਦਾ ਧਨੀ ਸਿੱਖ ਜਿਸਦਾ ਨਾਮ

ਦੁਨੀਚੰਦ ਸੀ, ਇਸਨੇ ਇਹ ਤੰਬੂ ਆਪਣੇ ਖਰਚ ਤੇ ਬਨਵਾਇਆ ਸੀ, ਪਰੰਤੂ ਸਿੱਖਾਂ ਨੇ ਜਥਾਸ਼ਕਤ ਇਸ ਵਿਚ ਮਾਇਆ ਲਾਈ। ਇਸ ਤੰਬੂ ਦੀ ਤਿਆਰੀ ਦਾ ਪ੍ਰਬੰਧ ਭਾਈ ਦਿਆਲਦਾਸ ਕਾਬਲ ਦੇ ਮਸੰਦ ਦੇ ਸਪੁਰਦ ਰਿਹਾ। ਸੰਮਤ 1736 ਯਾ 37 ਵਿਚ ਇਹ ਤੰਬੂ ਆਨੰਦਪੁਰ ਆ ਕੇ ਤਣਿਆਂ। ਇਸਦੀ ਖੂਬਸੂਰਤੀ ਤੇ ਉਤਮਤਾ ਦੇਖ ਕੇ ਸੰਗਤਾਂ ਦੰਗ ਰਹਿ ਗਈਆਂ।

ਇਹ ਨਮੂਨੇ ਹਨ ਤੇ ਵੰਨਗੀਆਂ ਜੋ ਟਾਂਵੀਆਂ ਟਾਂਵੀਆਂ ਸਮੇਂ ਦੀ ਹੱਦ ਟੱਪ ਕੇ ਯਾਦ ਰਹਿ ਗਈਆਂ ਹਨ ਕਿ ਕੀਕੂੰ ਸਿੱਖ ਸਤਿਗੁਰਾਂ ਨੂੰ ਪਿਆਰ ਕਰਦੇ ਸਨ, ਕਿਕੂੰ ਸਾਂਈ ਨਾਲ ਜੁੜ ਰਹੇ ਸਨ, ਅਰ ਕੀਕੂੰ ਮਦ ਭਰੇ ਔਰੰਗਜ਼ੇਬ ਦੇ ਰਾਜ ਵਿਚ ਖੁੱਲ੍ਹੇ ਤੇ ਸੁਤੰਤਰਤਾ ਵਾਲੇ ਬੰਦੇ ਪੈਦਾ ਹੋ ਰਹੇ ਸਨ।

### ਸ. ਜੁਬਾ ਅਵਸਥਾ

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਆਸਾਮ ਦੇਸ਼ ਗਏ ਸਨ ਤਾਂ ਉਥੇ ਜਗਤ ਉਦਾਰ ਦੇ ਕਈ ਕਾਰਜ ਹੋਏ ਸਨ, ਜਿਨ੍ਹਾਂ ਵਿਚੋਂ ਇਕ ਸੀ ਗੌਰੀ ਪੁਰ ਦੇ ਇਲਾਕੇ ਦੇ ਰਾਜਾ ਰਾਮਰਾਏ ਦਾ ਗੁਰਸਿੱਖੀ ਵਿਚ ਆਉਣਾ ਤੇ ਨਾਮਧਰੀਕ ਹੋਣਾ। ਇਸ ਰਾਜਾ ਨੂੰ ਸ੍ਰੀ ਗੁਰੂ ਜੀ ਪੁੱਤਰ ਦਾ ਵਰ ਦੇ ਆਏ ਸਨ, ਜਿਸਦੇ ਜਨਮ ਤੇ ਉਸਦਾ ਨਾਮ ਰਤਨ ਰਾਇ ਰੱਖਿਆ ਗਿਆ। ਰਾਮ ਰਾਇ ਪ੍ਰਲੋਕ ਜਾ ਚੁੱਕਾ ਸੀ। ਇਹ ਰਤਨ ਰਾਇ ਜਦ ਸਿਆਣਾ ਹੋਇਆ ਤਾਂ ਇਸਨੂੰ ਗੁਰੂ-ਦਰਸ਼ਨ ਦੀ ਸਿੱਕ ਉਪਜੀ। ਸ੍ਰੀ ਗੁਰੂ ਤੇਗ ਬਹਾਦਰ ਜੀ ਸੱਚਖੰਡ ਪਿਆਨਾ ਕਰ ਚੁੱਕੇ ਸਨ, ਇਸਨੂੰ ਪਤਾ ਲੱਗਾ ਕਿ ਗੁਰਗੱਦੀ ਪਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ ਤਾਂ ਇਹ ਉਨ੍ਹਾਂ ਦੇ ਦਰਸ਼ਨਾਂ ਲਈ ਤਿਆਰ ਹੋ ਪਿਆ। ਇਸਦੀ ਮਾਤਾ ਭੀ ਨਾਲ ਆਈ ਤੇ ਅਹਿਲਕਾਰ ਭੀ ਆਏ। ਆਸਾਮ ਦੇਸ਼ ਵਿਚ ਸਿੱਖੀ ਦਾ ਬੀਜ ਆਦਿ ਗੁਰੂ ਸਾਹਿਬਾਂ ਨੇ ਚੰਗਾ ਖਿਲਰਵਾਂ ਬੋਇਆ ਸੀ ਤੇ ਹਰ ਗੁਰੂ ਸਾਹਿਬ ਦੇ ਸਮੇਂ ਉਹ ਟਹਿਕਦਾ ਮਹਿਕਦਾ ਰਿਹਾ ਸੀ। ਨੌਵੇਂ ਗੁਰੂ ਸਾਹਿਬ ਜੀ ਦੀ ਆਸਾਮ ਯਾਤਰਾ ਨੇ ਉਸ ਨੂੰ ਫੇਰ ਹੋਰ ਪ੍ਰਫੁੱਲਤ ਕਰ ਦਿਤਾ ਸੀ। ਰਤਨ ਰਾਇ ਨੂੰ ਆਪਣੀ ਮਾਤਾ ਤੋਂ ਤੇ ਅਹਿਲਕਾਰਾਂ ਤੋਂ ਗੁਰੂ ਘਰ ਦਾ ਜਸ ਸੁਣ ਕੇ ਬਹੁਤ ਪ੍ਰੇਮ ਹੋ ਗਿਆ। ਉਸ ਨੇ ਹੁਣ ਬੜੇ ਤੋਹਫੇ ਤਿਆਰ ਕੀਤੇ ਤੇ ਤੁਰ ਪਿਆ। ਸਨੇ ਸਨੇ ਮੰਜਲਾਂ ਕਰਦੇ, ਗੁਰਧਾਮਾਂ ਤੇ ਠਹਿਰਦੇ, ਗੁਰਸਿੱਖਾਂ ਨੂੰ ਮਿਲਦੇ ਆਨੰਦਪੁਰ ਆ ਪਹੁੰਚੇ। ਮਾਤਾ ਕ੍ਰਿਪਾਲ ਜੀ ਨੇ ਸੁਹਣੇ ਥਾਂ ਉਤਾਰਾ ਦਿਤਾ ਤੇ ਆਗਤ ਭਾਗਤ ਕੀਤੀ। ਫੇਰ ਗੁਰੂ ਜੀ ਦੇ ਦਰਸ਼ਨ ਮੇਲੇ ਹੋਏ। ਰਤਨ ਰਾਇ ਤੇ ਸਤਿਗੁਰੂ ਜੀ ਦੇ ਦਰਸ਼ਨ ਤੇ ਉਪਦੇਸ਼ ਦਾ ਬਹੁਤ ਅਸਰ ਹੋਇਆ ਤੇ ਨਾਮ ਦਾਨ ਲੈ ਕੇ ਕ੍ਰਿਤ ਕ੍ਰਿਤ ਹੋ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਅਸਰ, ਸਤਿਸੰਗ ਦਾ ਪ੍ਰਭਾਉ, ਸਤਿਗੁਰ ਦੀ ਮਿਹਰ ਦਾ ਐਸਾ ਰਸ ਉਸਨੂੰ ਆਇਆ ਕਿ ਦੀਪਮਾਲਾ ਦਾ ਆਇਆ ਉਹ ਹੋਲੇ ਮਹੱਲੇ ਤਕ ਆਨੰਦਪੁਰ ਹੀ ਰਿਹਾ। ਇਹ ਰਾਜਾ ਆਪਣੇ ਨਾਲ ਪੰਜ ਭੇਟਾ ਲਿਆਇਆ ਸੀ। ਇਕ ਸੀ ਹਾਥੀ ਜਿਸਦਾ ਮੱਥਾ ਚਿੱਟਾ ਸੀ ਤੇ ਮੱਥੇ ਤੋਂ ਸੁੰਡ ਤੱਕ ਤੇ ਪਿਛਲੇ ਪਾਸੇ ਪੂਛ ਤੱਕ ਚਿੱਟੀ ਲੀਕ ਸੀ ਤੇ ਆਸੇ ਪਾਸੇ ਭੀ ਕੁਝ ਧਾਰੀਆਂ ਸਨ। ਇਹ ਹਾਥੀ ਬਹੁਤ ਸਿਖਿਆ ਹੋਇਆ ਸੀ। ਪੰਜ ਘੋੜੇ ਬੜੇ ਚੁਸਤ ਤੇ ਫੁਰਤੀਲੇ ਸਨ। ਇਕ ਸ਼ਸਤ੍ਰ ਸੀ, ਪੰਜ ਕਲਾ ਉਸਦਾ ਨਾਂ ਸੀ ਜੋ ਪਟੇਦਾਰ, ਬਰਛੀ, ਤਮਾਚਾ ਆਦਿ ਪੰਜ ਸ਼ਸਤ੍ਰਾਂ ਵਿਚ ਕਲਾ ਦਬਾਉਣ ਨਾਲ ਬਦਲ ਜਾਂਦਾ ਸੀ। ਇਕ ਚੰਦਨ ਦੀ ਚੌਕੀ ਸੀ ਜਿਸ ਵਿਚ ਚਾਰ ਪੁਤਲੀਆਂ ਤੇ ਚੋਪਟ ਸੀ। ਇਸ ਤਰ੍ਹਾਂ ਹੋਰ ਅਨੇਕਾਂ ਤੋਹਫੇ ਸਨ। ਆਖਰ ਰਾਜਾ ਤੁਰਿਆ, ਉਸ ਦੇ ਤੁਰਨ ਦੇ ਸਮੇਂ ਦੇ ਪ੍ਰੇਮ ਨੂੰ ਐਉਂ ਲਿਖਿਆ ਹੈ -

***ਕਹਯੋ ਨ ਜਾਇ ਗਰੋ ਭਰ ਗਯੋ।***
***ਚਰਨ ਕਮਲ ਪਰ ਸਿਰ ਧਰ ਦਯੋ।***
***ਦ੍ਰਿਗ ਜਲ ਸੰਗ ਪਖਾਰਨ ਕਰੇ।***
***ਗੁਰ ਧੀਰਜ ਦੀਨਸ ਮਦ ਭਰੇ।***
***ਭਗਤ ਗਿਆਨ ਗੁਰਸਿੱਖੀ ਸਾਥ।***
***ਬਖਸ਼ਿਸ਼ ਕਰੀ ਤਬਹਿ ਗੁਰ ਨਾਥ।***
***ਜਨਨੀ ਸਹਿਤ ਸਚਿਵ ਗਨ ਸਬੈ।***
***ਕਰਿ ਕਰਿ ਨਮੋ ਪਯਾਨੇ ਤਬੈ।***
***ਨੀਠ ਨੀਠ ਕਰ ਬਿਛੁਰਯੋ ਰਾਜਾ।***
***ਚੜ੍ਹ ਕਰ ਚਲਯੋ ਸਮੇਤ ਸਮਾਜਾ।***

ਗੁਰੂ ਜੀ ਦੇ ਦੁਆਰੇ ਪਰਮਾਰਥ ਦੇ ਢੂੰਡਾਊ ਜੀਕੂੰ ਜੀਕੂੰ ਆਉਂਦੇ ਸੇ ਤਿਵੇਂ ਤੁਰਕਾਂ ਦੇ ਸਤਾਏ, ਰਾਜ ਤ੍ਰਾਸ ਤੋਂ ਡਰੇ ਲੋਕੀਂ ਬੀ ਸ਼ਰਨਾਗਤ ਆਉਂਦੇ ਸੇ। ਜਿਨ੍ਹਾਂ ਗੁਣੀਆਂ ਨੂੰ ਪਨਾਹ ਬੀ ਮਿਲਦੀ ਤੇ ਰੁਜ਼ੀਨੇ ਭੀ ਮਿਲ ਜਾਂਦੇ ਸੇ। ਨਾਲ ਹੀ ਫੌਜ ਭੀ ਵਧਦੀ ਜਾਂਦੀ ਸੀ। ਸਿਲਹਖਾਨਾ ਬੀ ਬਣ ਗਿਆ ਸੀ। ਤਰ੍ਹਾਂ ਤਰ੍ਹਾਂ ਦੇ ਤਿੱਖੇ ਸ਼ਸਤਰ ਘੜੀਂਦੇ ਰਹਿੰਦੇ ਸਨ। ਆਪ ਸ਼ਿਕਾਰ ਭੀ ਚੜ੍ਹਿਆ ਕਰਦੇ, ਸਿਪਾਹੀ ਜੰਗੀ ਕਰਤਬਾਂ ਦੇ ਅਭਿਆਸ ਬੀ ਕਰਦੇ ਸਨ। ਕਵੀ ਤੇ ਪੰਡਤ ਬੀ ਆਉਂਦੇ ਸਨ ਤੇ ਵਿਦਿਆ ਦਾ ਚਰਚਾ ਬੀ ਹੁੰਦਾ ਸੀ। ਇਸ ਛੋਟੀ ਆਰਬਲਾ ਵਿਚ ਕਵਿਤਾ ਬੀ ਕਰਦੇ ਸਨ। ਸਾਰੇ ਗੁਣਾਂ ਦਾ ਇਕ ਸਮੁਦਾਇ ਆਪ ਦੇ ਵਜੂਦ ਤੋਂ ਪ੍ਰਕਾਸ਼ ਪਾ ਰਿਹਾ ਸੀ। ਇਕ ਦਿਨ ਫੌਜ ਦੇ ਨਾਲ ਨਗਾਰੇ ਦਾ ਖਿਆਲ ਆ ਗਿਆ, ਤਦ ਇਕ ਬੜਾ ਭਾਰੀ ਨਗਾਰਾ ਤਿਆਰ ਕਰਵਾਇਆ ਗਿਆ। ਇਸ ਦੀ ਆਵਾਜ਼ ਬੜੀ ਦੂਰ-ਦੂਰ ਤਕ ਜਾਂਦੀ ਸੀ, ਇਸ ਦਾ ਨਾਮ ਰਣਜੀਤ ਨਗਾਰਾ ਧਰਿਆ ਗਿਆ। ਇਸ ਤਰ੍ਹਾਂ ਦੇ ਸਾਹੀ ਠਾਠ ਬਣਦੇ ਦੇਖ ਕੇ ਸਿਆਣੇ ਸਿਆਣੇ ਮਸੰਦ ਦੂਰ ਅੰਦੇਸ਼ੀਆਂ ਸੋਚਣ ਲਗ ਪਏ ਕਿ ਪਹਾੜੀ ਰਾਜੇ ਤੇ ਮੁਗਲ ਪਾਤਸ਼ਾਹ, ਜਿਨ੍ਹਾਂ ਨੇ ਨੌਵੇਂ ਸਤਿਗੁਰਾਂ ਦੇ ਨਾਲ ਅਤਿਆਚਾਰ ਕੀਤਾ ਸੀ, ਖੁਣਸਣਗੇ ਤੇ ਪਤਾ ਨਹੀਂ ਫੇਰ ਕੀਹ ਉਪੱਦ੍ਰਵ ਉਠ ਖਲੋਵੇ। ਇਨ੍ਹਾਂ ਨੇ ਮਾਤਾ ਜੀ ਪਾਸ ਵੀਚਾਰ ਪੁਚਾਈ, ਉਨ੍ਹਾਂ ਨੇ ਸਤਿਗੁਰੂ ਜੀ ਨੂੰ ਸਮਝਾਇਆ, ਪਰ ਸਰਬੱਗ ਦਾਨੇ ਨੇ ਕਿਹਾ ਕਿ ਇਹ ਜੋ ਕੁੱਛ ਹੋ ਰਿਹਾ ਹੈ ਹੁਕਮ ਦੀ ਖੇਡ ਹੈ। ਅਸਾਂ ਨੇ ਪਰਜਾ ਦਾ ਭਾਰ ਹਰਨਾ ਹੈ ਤੇ ਸਭ ਤਿਆਰੀਆਂ ਉਸੇ ਦੀਆਂ ਹਨ, ਜੋ ਅਕਾਲ ਕਰੇਗਾ ਸੋ ਹੋਵੇਗਾ। ਅਸੀਂ ਧਰਤੀ ਕਿਸੇ ਦੀ ਨਹੀਂ ਖੋਹੀ, ਨਾ ਕਿਸੇ ਤੇ ਧੱਕਾ ਕਰਨਾ ਹੈ, ਪਰ ਪਰਜਾ ਨੂੰ ਸੁਖੀ ਜ਼ਰੂਰ ਕਰਨਾ ਹੈ।

***ਹਮ ਰਹਿਂ ਤਿਮ ਗਿਰਪਤ ਜਿਮ ਹਮਸੋਂ॥***
***ਬਿਖਮ ਬਿਖਮ ਸੋਂ ਸਮ ਹੁਇਂ ਸਮ ਸੋਂ॥***
***ਪ੍ਰਥਮ ਬਿਰੋਧ ਨਹੀਂ ਕਿਮ ਕਰੈਂ॥***
***ਮਿਲਹਿਂ ਤੇ ਮੇਲਹਿਂ ਲਰਹਿਂ ਤ ਲਰੈਂ॥***

*ਗੁਰ ਕੋ ਘਰ ਆਦਰਸ਼ ਸਮਾਨੂੰ॥*
*ਸਦਾ ਬਿਮਲ ਤੇ ਬਿਮਲ ਮਹਾਨੂੰ॥*
*ਉਜਲ ਬਦਨ ਭਾਵਨਾ ਜੈਸੇ॥*
*ਕਰਹਿ ਬਿਲੋਕਨ ਫਲ ਕੋ ਤੈਸੇ॥*

ਇਕ ਦਿਨ ਸ੍ਰੀ ਗੁਰੂ ਜੀ ਸ਼ਿਕਾਰ ਚੜ੍ਹੇ। ਰਣਜੀਤ ਨਗਾਰਾ ਭੀ ਨਾਲ ਲੈ ਲਿਆ, ਨਾਲ ਚੋਖੀ ਸੈਨਾ ਹੋ ਲਈ। ਸ਼ਿਕਾਰ ਕਰਦੇ ਦੂਰ ਨਿਕਲ ਗਏ, ਜਿੱਥੇ ਕਿ ਬਿਲਾਸਪੁਰ ਦਾ ਰਾਜਾ ਭੀ ਕਿਤੇ ਨੇੜੇ ਹੀ ਸੀ। ਏਥੇ ਕੁ ਜਦ ਰਣਜੀਤ ਨਗਾਰੇ ਤੇ ਦੂਹਰੀ ਚੋਬ ਪਈ ਤਾਂ ਭੀਮ ਚੰਦ ਰਾਜਾ ਆਪਣੇ ਦਰਬਾਰੀਆਂ ਵਿਚ ਬੈਠਾ ਸੋਚਵਾਨ ਹੋ ਗਿਆ ਕਿ ਏਡੀ ਭਾਰੀ ਗਰਜ ਕਿਸ ਦੇ ਨਗਾਰੇ ਦੀ ਆ ਪਈ ਹੈ। ਕੁਝ ਚਿਰ ਵਿਚਾਰ ਕੇ ਉਸ ਨੇ ਵਜ਼ੀਰ ਤੋਂ ਪੁੱਛਿਆ ਕਿ ਇਹ ਨਗਾਰਾ ਕਿਸਦਾ ਵਜਦਾ ਪਿਆ ਹੈ? ਵਜੀਰ ਸਿਆਣਾ ਸੀ - ਗੁਰੂ ਘਰ ਦੇ ਅਨੁਕੂਲ ਸੀ ਤੇ ਰਾਜੇ ਦਾ ਗੁਰੂ ਘਰ ਨਾਲ ਵਿਰੋਧ, ਨੀਤੀ ਦੇ ਨੁਕਤੇ ਤੋਂ ਭੀ ਮੁਨਾਸਬ ਨਹੀਂ ਸੀ ਸਮਝਦਾ, ਸਹਿਜ ਨਾਲ ਕਹਿਣ ਲੱਗਾ, ਰਾਜਾ! ਇਹ ਨਗਾਰਾ ਗੁਰੂ ਤੇਗ ਬਹਾਦਰ ਜੀ ਦੇ ਸੁੱਪਤਰ ਦਸਮੇ ਗੁਰੂ ਦਾ ਹੈ, ਜੋ ਕਦੇ ਕਦੇ ਇਸ ਪਾਸੇ ਸ਼ਿਕਾਰ ਨੂੰ ਚੜ੍ਹ ਆਉਂਦਾ ਹੈ। ਇਹ ਗੁਰੂ ਕਿਸੇ ਲੋਭ ਲਾਲਚ, ਜ਼ੋਰ ਜ਼ੁਲਮ ਵਿਚ ਨਹੀਂ ਹੈ। ਧਰਮ ਪ੍ਰਚਾਰਦਾ ਹੈ, ਪਰ ਠਾਠ ਰਾਜਸੀ ਰਖਦਾ ਹੈ। ਇਸ ਦੇ ਦਾਦਾ ਜੀ ਗੁਰੂ ਹਰਗੋਬਿੰਦ ਜੀ ਸਨ, ਜਿਨ੍ਹਾਂ ਨੇ ਗਵਾਲੀਅਰ ਤੋਂ 52 ਰਾਜੇ ਰਾਣੇ ਕੈਦੋਂ ਛੁਡਵਾਏ ਸਨ। ਇਨ੍ਹਾਂ ਦੀ ਸਿੱਖੀ ਬਲਖ ਬੁਖਾਰੇ, ਸੰਗਲਾਦੀਪ ਤੇ ਕਾਮਰੂਪ ਆਸਾਮ ਤੱਕ ਫੈਲੀ ਹੋਈ ਹੈ। ਹੁਣੇ ਹੀ ਆਸਾਮ ਦਾ ਇਕ ਰਾਜਾ ਪੰਜ ਚਾਰ ਮਹੀਨੇ ਰਹਿ ਕੇ ਗਿਆ ਹੈ ਤੇ ਚਰਨ ਪਰਸਦਾ ਰਿਹਾ ਹੈ।

ਰਾਜਾ - ਇਨ੍ਹਾਂ ਦੇ ਪਿਤਾ ਜੀ ਦਾ ਦਰਸ਼ਨ ਤਾਂ ਮੈਂ ਆਪਣੇ ਪਿਤਾ ਜੀ ਨਾਲ ਇਕ ਵੇਰ ਕੀਤਾ ਸੀ। ਬੜੇ ਸਾਧੂ ਪੁਰਖ ਸਨ, ਦੇਵ ਮੂਰਤੀ। ਪਾਤਸ਼ਾਹੀ ਕੋਪ ਪਤਾ ਨਹੀਂ ਕਿਉਂ ਪੈ ਗਿਆ। ਧਰਮ ਦੀ ਖਾਤਰ। ਹੈਂ ਉਹ ਤਾਂ ਸੁਣੀਂਦਾ ਹੈ ਧਰਮ ਦੀ ਖਾਤਰ ਜਾਨ ਤੇ ਖੇਲ੍ਹ ਗਏ। ਕੀਹ ਕਰੀਏ, ਇਕ ਪਾਸੇ ਧਰਮ ਹੈ, ਦੂਜੇ ਪਾਸੇ ਤੁਰਕ ਰਾਜ, ਇਨ੍ਹਾਂ ਨੂੰ ਬੀ ਕਦੋਂ ਇਸ ਰਾਜ ਸਾਜ ਵਿਚ ਰਹਿਣ ਦੇਣ ਲੱਗਾ ਹੈ ਸ਼ਾਹ। ਹੈਂ?

ਵਜ਼ੀਰ - ਠੀਕ ਹੈ, ਪਰ ਉਹ ਹੁਣ ਰੁੱਝਾ ਹੈ ਦੱਖਣ, ਸਾਡੇ ਲਈ ਭੀ ਕਠਨਤਾ ਹੈ। ਇਹ ਘਰ ਕਰਾਮਾਤ ਵਾਲਾ ਹੈ। ਧਰਮ ਵਾਲਾ ਹੈ, ਉਪਕਾਰ ਵਾਲਾ ਹੈ। ਇਨ੍ਹਾਂ ਨਾਲ ਭੀ ਮੇਲ ਹੀ ਚੰਗਾ ਹੈ। ਸਾਡੇ ਭੀ ਰਾਜੇ ਸਾਰੇ ਅੰਦਰੋਂ ਤਾਂ ਅਨੁਕੂਲ ਨਹੀਂ ਨਾ। ਕਟੋਚ ਦੇ ਪੇਚਾਂ ਤੋਂ ਆਪ ਜਾਣੂ ਹੀ ਹੋ। ਏਹ ਸਾਡੇ ਰਾਜ ਵਿਚ ਹੈਨ, ਸੈਨਾ ਭਾਵੇਂ ਅਜੇ ਪੰਜ ਛੀ ਸੌ ਦੇ ਲਗਭਗ ਹੋਸੀ, ਪਰ ਬੜੀ ਸੂਰਬੀਰ ਹੈ। ਆਪ ਚੜ੍ਹਦੀ ਜਵਾਨੀ ਦਾ ਬੀ ਮੁੱਢ ਹੀ ਹੈ, ਪਰ ਬਲ ਇਮਤਿ ਹੈ। ਬਣੀ ਰਹੇ, ਜੈਸੀ ਕਿ ਬਣੀ ਹੋਈ ਹੈ, ਤਾਂ ਪਤਾ ਨਹੀਂ ਕਿਸੇ ਵੇਲੇ ਕੰਮ ਆਵੇ ਇਹ ਤਾਕਤ। ਇਸਨੂੰ ਅਨੁਕੂਲ ਰੱਖਣਾ ਨੀਤੀ ਹੈ, ਪ੍ਰਤਿਕੂਲ ਕਰ ਲੈਣਾ ਜਾਂ ਮਲ ਸਿੱਟਣਾ ਨੀਤੀ ਵਿਰੁੱਧ ਹੈ।

ਰਾਜਾ - ਠੀਕ ਹੈ, ਤੁਸੀਂ ਜਾਓ ਮੇਲ ਮਿਲਾਪ ਰੱਖੋ। ਜੇ ਸਤਿਕਾਰ ਪੂਰਬਕ ਬਿਧ ਬਣ ਸਕੇ ਤਾਂ ਮੈਂ ਭੀ ਇਕ ਵੇਰ ਮਿਲ ਗਿਲ ਕੇ ਵੇਖ ਆਵਾਂ, ਬਲ, ਓਜ, ਪ੍ਰਾਕ੍ਰਮ, ਨੀਤੀ, ਧਰਮ ਤੇ ਉਪਕਾਰ।

ਵਜ਼ੀਰ - ਬਹੁਤ ਚੰਗੀ ਗੱਲ ਹੈ।

ਇਸ ਤਰ੍ਹਾਂ ਦੀ ਗੱਲਬਾਤ ਦੇ ਮਗਰੋਂ ਸਾਰੇ ਰਾਜਧਾਨੀ ਨੂੰ ਚਲੇ ਗਏ। ਉਧਰ ਗੁਰੂ ਜੀ ਆਨੰਦਪੁਰ ਜਾ ਬਿਰਾਜੇ। ਵਜੀਰ-ਪਰਮਾਨੰਦ ਨੇ ਆਪਣੀ ਵਿਚਾਰ ਮੂਜਬ ਪਹਿਲਾਂ ਆਪ ਆਨੰਦਪੁਰ ਜਾਣ ਦਾ ਪ੍ਰਬੰਧ ਕੀਤਾ। ਸ੍ਰੀ ਗੁਰੂ ਜੀ ਨੂੰ ਮਿਲਿਆ ਤੇ ਫੇਰ ਰਾਜੇ ਦੇ ਮੇਲ ਗੇਲ ਦਾ ਪ੍ਰਬੰਧ ਕੀਤਾ। ਵਜ਼ੀਰ ਨੇ ਵਿਉਂਤ ਇਉਂ ਦੀ ਬਣਾਈ ਕਿ ਜਿਵੇਂ ਧਰਮ ਦੇ ਇਕ ਮੰਨੇ ਪ੍ਰਮੰਨੇ ਆਗੂ ਨੂੰ ਰਾਜਾ ਮਿਲਨ ਆ ਰਿਹਾ ਹੈ। ਜਿਸ ਵਿਚ ਰਾਜੇ ਦਾ ਆਉਣਾ ਹੀਨਤਾ ਵਾਲੀ ਗੱਲ ਨਾ ਰਹੇ, ਪਰ ਉਸਦਾ ਆਉਣਾ ਗੁਰੂ ਜੀ ਦੇ ਪੂਰੇ ਸਨਮਾਨ ਨੂੰ ਕਾਇਮ ਰੱਖਣੇ ਵਾਲਾ ਹੋਵੇ। ਸੋ ਜਦੋਂ ਰਾਜਾ ਆਇਆ, ਮਾਮਾ ਜੀ ਤੇ ਹੋਰ ਵੱਡੇ-ਵੱਡੇ ਗੁਰੂ ਘਰ ਦੇ ਕਾਰਦਾਰਾਂ ਨੇ ਸੋਹਣੇ ਥਾਂ ਉਤਾਰਾ ਦਿਤਾ, ਖਾਤਰ ਕੀਤੀ ਤੇ ਪ੍ਰਾਹੁਣਚਾਰੀ ਪੂਰੀ-ਪੂਰੀ ਕਰ ਦਿਤੀ। ਅਗਲੇ ਦਿਨ ਰਾਜਾ ਦਰਬਾਰ ਵਿਚ ਆਇਆ। ਕੁਝ ਰੁਪਿਆ ਤੇ ਭੇਟ ਅੱਗੇ ਧਰੀ ਤੇ ਨਮਸਕਾਰ ਕਰਕੇ ਬੈਠ ਗਿਆ। ਸਤਿਗੁਰੂ ਜੀ ਨੇ ਆਦਰ ਦਿੱਤਾ, ਖੇਮ ਕੁਸ਼ਲ ਪੁੱਛੀ ਤੇ ਕਿਤਨਾ ਚਿਰ ਪਹਿਲਾਂ ਧਰਮ ਸਬੰਧੀ, ਫੇਰ ਸਮੇਂ ਦੇ ਹਾਲਾਤ ਜੋ ਵਰਤ ਰਹੇ ਸਨ, ਉਨ੍ਹਾਂ ਪਰ ਵਾਰਤਾਲਾਪ ਰਹੀ। ਮਗਰੋਂ ਸ਼ਸਤਰਾਂ ਸਬੰਧੀ ਕੁਝ ਗੱਲਬਾਤ ਹੋਈ, ਰਾਜਾ ਮਿਲ ਕੇ ਤਾਂ ਪ੍ਰਸੰਨ ਹੋਇਆ ਕਿ ਇਸ ਬੀਰ ਬਾਂਕਰੇ ਨਾਲ ਮੇਲ ਗੇਲ ਸੁਹਣਾ ਹੈ ਤੇ ਸੁਖਦਾਈ ਹੋਵੇਗਾ, ਪਰ ਐਸ਼੍ਵਰਜ, ਪ੍ਰਤਾਪ, ਸ਼ਾਹੀ ਠਾਠ ਤੇ ਸਾਮਾਨ ਦੇਖ ਕੇ ਕੁਦਰਤੀ ਚਿੰਗਾਰੀ ਈਰਖਾ ਦੀ, ਜੋ ਦੂਜੇ ਪਾਸਿਓਂ ਈਰਖਾ ਦੀ ਸੁਲਗ ਮਿਲਨ ਤੋਂ ਬਿਨਾਂ ਹੀ ਉਠ ਪਿਆ ਕਰਦੀ ਹੈ, ਸੁਲਗ ਉਠੀ। ਨੀਤੀਵੇਤਾ ਭੀ ਸੀ ਤੇ ਸਮੇਂ ਦਾ ਸੂਰਮਾ ਭੀ ਸੀ। ਇਸ ਸੋਚ ਵਿਚ ਭੀ ਗਿਆ ਕਿ ਜੇ ਇਹ ਤਾਕਤ ਤਾਬੇ ਨਾ ਰਹੇ ਤਾਂ ਮੁਸ਼ਕਲ ਹੈ। ਪਾਤਸ਼ਾਹ ਵਲੋਂ ਪਤਾ ਨਹੀਂ ਕਿਵੇਂ ਬਣੇ। ਇਸ਼ਾਰੇ ਤਾਂ ਦੱਬ ਘੁੱਟ ਕੇ ਰੱਖਣ ਦੇ ਆਉਂਦੇ ਹੀ ਰਹਿੰਦੇ ਹਨ। ਸੋ ਇਹ ਸੋਚ ਨਾਲ ਲੈ ਕੇ ਵਿਦਾ ਹੋਇਆ ਕਿ ਕਿਵੇਂ ਇਹ ਅਨੁਕੂਲ ਭੀ ਰਹਿਣ ਪਰ ਨਿਉਂ ਕੇ ਰਹਿਣ। ਦੱਬਕ ਕੇ ਰਹਿਣਗੇ। ਤਾਂ ਇਥੋਂ ਦੇ ਬਾਹੂ ਬਲ ਤੇ ਇਥੇ ਆ ਰਹੇ ਪਦਾਰਥ ਤੇ ਮਾਲ ਤੇ ਭੀ ਹੁਕਮ ਰਹੇਗਾ ਤੇ ਆਪਣੇ ਕੰਮ ਆਵੇਗਾ। ਐਸ ਤਰ੍ਹਾਂ ਦੀਆਂ ਵਿਚਾਰਾਂ ਲੈ ਕੇ ਅਸ਼ਾਂਤ ਚਿੱਤ ਪਰ ਸ਼ਾਂਤੀ ਸੂਲ੍ਹਾ ਵਾਲੇ ਵਾਕ ਕਰਦਾ ਰਾਜਾ ਵਿਦਾ ਹੋ ਗਿਆ।

ਸਤਿਗੁਰ ਦੇ ਦਰਬਾਰ ਉਹੋ ਰੰਗ ਉਹੋ ਠਾਠ ਸੀ। ਸਤਿ ਧਰਮ ਦਾ ਪ੍ਰਚਾਰ ਹੋ ਰਿਹਾ ਤੇ ਸੰਗਤਾਂ ਦੀ ਗਹਿਮਾ ਗਹਿਮ ਰਹਿੰਦੀ ਸੀ ਤੇ ਆਪ ਆਪਣੇ ਦੁਇ ਕੰਮ ਕਰੀ ਜਾਂਦੇ ਤੇ ਜਗਤ ਨੂੰ ਤਾਰ ਰਹੇ ਸਨ।

ਸਾਧ ਸੰਗਤ ਜੀ! ਇਹ ਹਨ ਸੰਖੇਪ ਜਿਹੇ ਸਮਾਚਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਹਿਲੀ ਉਮਰਾ ਦੇ। ਅੱਗੋਂ ਦੇ ਹਾਲਾਤ ਬਹੁਤ ਲੰਮੇ ਹਨ ਤੇ ਸਮਾਂ ਥੋੜ੍ਹਾ ਹੈ। ਸੋ ਆਪ ਇਹ ਹਾਲ ਵੀਚਾਰ ਕੇ ਸਤਿਗੁਰ ਦੀ ਬਾਣੀ ਪੜ੍ਹੋ, ਵੀਚਾਰਾਂ ਕਰੋ ਤੇ ਜੀਵਨ ਨੂੰ ਸੰਵਾਰੋ। ਸਤਿਗੁਰ ਦਸਵੇਂ ਪਾਤਸ਼ਾਹ ਦੀ ਬਾਣੀ ਪੜ੍ਹੋ ਤੇ ਵੀਚਾਰੋ ਤੇ ਖਾਲਸੇ ਬਣੋ। ਆਪ

ਫੁਰਮਾਉਂਦੇ ਹਨ –

> ***ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥***
> ***ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।.***
> ***ਤੀਰਥ ਦਾਨ ਦਯਾ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥***
> ***ਪੂਰਨ ਜੋਤਿ ਜਗੈ ਘਟ ਮਹਿ ਤਬ ਖ਼ਾਲਸਾ ਤਾਹਿ ਨਖਾਲਸ ਜਾਨੈ॥***

## ਜੁੱਧ ਭੰਗਾਣੀ

ਗੁਰਪੁਰਬ ਦੀ ਕਥਾ ਦਾ ਭੋਗ ਪਾ ਕੇ ਸੰਤ ਬਿਮਲਾ ਸਿੰਘ ਜੀ ਵਿਹਲੇ ਹੋ ਕੇ ਇਕ ਬਗੀਚੀ ਦੇ ਵਿਚ ਇਕਲਵੰਜੇ ਬੈਠੇ ਸਨ ਕਿ ਇਕ ਨੌਜਵਾਨ ਆ ਗਏ ਤੇ ਸਤਿਕਾਰ ਨਾਲ ਫਤਹਿ ਬੁਲਾਈ। ਸੰਤਾਂ ਨੇ ਪਿਆਰ ਨਾਲ ਉਤਰ ਦਿਤਾ ਤੇ ਬਹਾਲ ਲਿਆ।

ਨੌਜਵਾਨ – ਮੈਂ ਅੱਜ ਦੇ ਦਿਨ ਲਈ ਹੀ ਇੱਥੇ ਆਇਆ ਸਾਂ ਤੇ ਕੱਲ ਟੁਰ ਜਾਣਾ ਹੈ। ਇਸ ਲਈ ਆਪ ਦੇ ਇਕਾਂਤ ਸਮੇਂ ਵਿਚ ਆ ਹਰਜ ਕੀਤਾ ਹੈ। ਕੁਛ ਗੱਲਾਂ ਤੇ ਆਪ ਪਾਸੋਂ ਵਧੀਕ ਚਾਨਣੇ ਦੀ ਲੋੜ ਹੈ, ਜੇ ਔਖ ਨਾ ਹੋਵੇਂ ਤਾਂ ਪੁੱਛਾਂ?

ਸੰਤ – ਜੀ ਸਦਕੇ ਪੁੱਛੋ! ਭਾਈ, ਇਹ ਜੀਵਨ ਸਾਧ ਸੰਗਤ ਦਾ ਹੈ, ਇਸੇ ਕਰਕੇ ਅਸੀਂ ਗ੍ਰਿਹਸਤ ਵਿਚ ਨਹੀਂ ਹਾਂ, ਸੋ ਸਾਰਾ ਸਮਾਂ ਗੁਰੂ ਕੇ ਬਖਸ਼ੇ ਪ੍ਰਕਾਸ਼ ਨੂੰ ਵੰਡਣ ਤੇ ਸਫਲ ਹੋਵੇ। ਗੁਰਸਿੱਖੀ ਵਿਚ ਗੁਰਮੁਖਤਾਈ ਦੀ ਸਫਲਤਾ ਇਹੋ ਹੁੰਦੀ ਹੈ ਕਿ ਗੁਰਬਾਣੀ ਵਿਚ ਗੁਰੂ ਦੇ ਦੱਸੇ ਗਿਆਨ ਵਿਚ ਆਪ ਟੁਰਨ ਦਾ ਸਾਰਾ ਤਾਣ ਲਾਇਆ ਜਾਵੇ ਤੇ ਅੱਗੋਂ ਇਸਦਾ ਪ੍ਰਚਾਰ ਕੀਤਾ ਜਾਵੇ। ਸਿੱਖੀ ਨਾਮ ਹੈ ਰਹਿਣੀ ਦਾ ਤੇ ਰਹਿਣੀ ਵਾਲੀ ਕਹਿਣੀ ਦਾ, ਸਿੱਖੀ ਨਾਮ ਹੈ ਅੰਤਰ ਆਤਮੇ ਕਰਤਾਰ ਨਾਲ ਜੁੜੇ ਰਹਿਣ ਦਾ, ਉਸ ਦੀ ਹਜ਼ੂਰੀ ਵਿਚ ਵੱਸਣ ਦਾ, ਉਸ ਦੇ ਪਿਆਰ ਨਾਲ ਭਰੇ ਰਹਿਣ ਦਾ, ਫੇਰ ਉਸ ਜਾਗੇ ਹੋਏ ਅੰਦਰ ਤੇ ਪ੍ਰੇਮ ਨਾਲ ਪਾ ਕੇ ਅੰਦਰ ਦੇ ਪਿਆਰੇ ਨੂੰ ਜਗਤ ਦੇ ਭਲੇ ਵਿਚ ਵਰਤਣ ਦਾ। ਪ੍ਰਮੇਸ਼ੁਰ ਪ੍ਰਿਯ ਸਰੂਪ ਹੈ, ਪਿਆਰ ਨਾਲ ਹੀ ਉਹ ਪਾਈਦਾ ਹੈ, ਪਿਆਰ ਨਾਲ ਹੀ ਉਹ ਜਣਾਈਦਾ ਹੈ ਦੂਸਰਿਆਂ ਨੂੰ। ਪਿਆਰ ਜਦ ਕਿਸੇ ਦੇ ਅੰਦਰ ਪ੍ਰਕਾਸ਼ ਪਾ ਕੇ ਉਮੱਲਦਾ ਹੈ ਤਾਂ ਜਗਤ ਵਰੋਸਾਉਂਦਾ ਹੈ।

ਨੌਜਵਾਨ – ਗੁਰਬਾਣੀ ਤੋਂ ਇਹੀ ਸਮਝ ਪੈਂਦੀ ਹੈ ਪਰ ਮੈਂ ਇਹ ਗੱਲ ਪੁੱਛਣੀ ਹੈ ਕਿ ਕਈ ਲੋਕ ਹੁਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਸ਼ ਹਿਤੈਸ਼ੀ ਆਖਦੇ ਹਨ। ਦੇਸ਼ ਹਿਤੈਸ਼ੀ ਵਿਚ ਉਬਾਲ ਤਾਂ ਹੁੰਦਾ ਹੈ, ਪਰ ਉਸਦੀ ਵੰਡ ਕਾਣੀ ਹੁੰਦੀ ਹੈ, ਜਗਤ-ਪ੍ਰੇਮ ਉਸਦੇ ਅੰਦਰ ਨਹੀਂ ਹੁੰਦਾ। ਜਦੋਂ ਉਹ ਆਪਣੇ ਦੇਸ਼ ਨੂੰ ਸਭ ਤੋਂ ਵੱਖਰਾ ਉਚਾ ਤੇ ਚੰਗਾ ਮੰਨਦਾ ਹੈ, ਤਾਂ ਬਾਕੀ ਦਿਆਂ ਨਾਲ ਦ੍ਵੈਖ ਕਰਦਾ ਹੈ। ਫੇਰ ਜੇ ਗੁਰੂ ਜੀ ਐਸੇ ਸਨ ਤਾਂ ਉਨ੍ਹਾਂ ਦਾ ਪ੍ਰੇਮ ਸਰਵ ਵਿਆਪੀ ਕੀਕੂੰ ਹੋਇਆ?

ਸੰਤ – ਭਾਈ, ਗੁਰੂ ਜੀ ਜਗਤ ਹਿਤੈਸ਼ੀ ਸਨ, ਇਹ ਗੱਲ ਉਨ੍ਹਾਂ ਦੀ ਆਪਣੀ ਬਾਣੀ ਤੋਂ ਸਪਸ਼ਟ ਹੈ, ਜਦ ਉਹ ਆਪ ਮਨੁੱਖ ਦੀਆਂ ਸਭ ਜਾਤਾਂ ਨੂੰ ਇਕ ਵਰਣਨ ਕਰਦੇ ਹਨ –

> ***ਕੋਊ ਭਇਓ ਮੁੰਡੀਆ ਸੰਨਿਆਸੀ,***
> ***ਕੋਊ ਜੋਗੀ ਭਇਓ, ਕੋਈ ਬ੍ਰਹਮਚਾਰੀ***
> ***ਕੋਊ ਜਤੀਅਨੁ ਮਾਨਬੋ॥***
> ***ਹਿੰਦੂ ਤੁਰਕ ਕੋਊ ਰਾਫਜੀ ਇਮਾਨ ਸ਼ਾਫੀ***
> ***ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ॥***
> ***ਕਰਤਾ ਕਰੀਮ ਸੋਈ, ਰਾਜਕ ਰਹੀਮ ਓਈ,***
> ***ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥***
> ***ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ***
> ***ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥***
>
> ***ਅਕਾਲ ਉਸਤਤਿ***

ਨੌਜਵਾਨ – ਫਿਰ ਉਹ ਦੇਸ਼ ਹਿਤੈਸ਼ੀ ਤਾਂ ਨਾ ਹੋਏ?

ਸੰਤ – ਦੇਸ਼ ਹਿਤੈਸ਼ੀ ਵੀ ਸਨ। ਇਹ ਨਾਮ ਉਨ੍ਹਾਂ ਦੇ ਉਸ ਵੇਲੇ ਦੀ ਹਿੰਦੀ ਪਰਜਾ ਦੇ ਭਾਰ ਹਰਨ ਕਰਕੇ ਦਿੱਤਾ ਜਾਂਦਾ ਹੈ। ਉਨ੍ਹਾਂ ਦੀ ਸਿੱਖਿਆ ਤੇ ਉਦਮ ਸੀ ਪਾਪ ਦਾ ਦੂਰ ਕਰਨਾ, ਜ਼ੁਲਮ ਨੂੰ ਹਟਾਉਣਾ ਤੇ ਇਸ ਤਰ੍ਹਾਂ ਨਿਰਭੈ ਤੇ ਸੁਤੰਤਰ ਹੋਇਆਂ ਦਾ ਪਰਮੇਸੁਰ ਦੀ ਹਜ਼ੂਰੀ ਵਿਚ ਵਸਾਉਣਾ ਤੇ ਇਸ ਪ੍ਰੇਮ ਦੀ ਜਾਗ ਲਾ ਕੇ ਜਗਤ ਨੂੰ ਤਾਰਨਾ। ਸੋ ਉਸ ਵੇਲੇ ਸਾਡੇ ਦੇਸ਼ ਵਿਚ ਜ਼ੁਲਮ ਹੋ ਰਿਹਾ ਸੀ, ਰਾਜਾ ਜੋ ਤਦੋਂ ਰਾਜ ਕਰਦਾ ਸੀ, ਵਿਦੇਸ਼ ਤੋਂ ਆਇਆਂ ਹੋਇਆਂ ਦੀ ਵੰਸ਼ ਵਿਚੋਂ ਸੀ, ਉਹ ਆਪਣੇ ਮਤ ਦੀ ਵਰਤੋਂ ਦੀ ਤੰਗ-ਦਿਲੀ ਵਿਚ ਸੀ, ਆਪਣੇ ਰਾਜਸੀ ਬਲ ਨੂੰ ਪਰਜਾ ਦੇ ਧਰਮ ਵਿਚ ਦਖ਼ਲ ਦੇ ਕੇ ਭਾਈਚਾਰੇ ਤੇ ਵਿਦਿਆ ਆਦਿ ਵਿਚ ਆਪਣੇ ਪੱਖ ਤੇ ਵਰਤਦਾ ਸੀ, ਉਸ ਦੇ ਹੱਥੋਂ ਪਰਜਾ ਅਤਿ ਦੁਖੀ ਸੀ। ਜਿੱਥੇ ਬਲ ਹੁੰਦਾ ਹੈ ਉਥੇ ਇਸ ਦਾ ਵਰਤਾਉ ਗਲਤ ਹੋ ਜਾਣਾ ਮਾਮੂਲੀ ਗੱਲ ਹੈ ਬਲ ਪਾ ਕੇ ਮਦ ਉਪਜਦਾ ਹੈ, ਮਦ ਦੂਰਦਰਸ਼ਤਾ ਨੂੰ ਖਾ ਹੁੰਦਾ ਹੈ ਤੇ ਧੱਕੇ ਕਰਵਾਉਂਦਾ ਹੈ ਇਸ ਨੂੰ ਭੰਨਣ ਵਾਸਤੇ ਵਧਵੇਂ ਬਲ ਦੀ ਲੋੜ ਹੁੰਦੀ ਹੈ। ਉਹ ਬਲ ਫੇਰ ਉਸੇ ਤਰ੍ਹਾਂ ਮਦ ਦੇ ਕੁੱਛੜ ਜਾ ਚੜ੍ਹਦਾ ਹੈ, ਇਸ ਕਰਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਹਉਂ ਹੰਕਾਰ ਦੇ ਭਾਵ ਤੋਂ ਤੇ ਖੁਦਗਰਜ਼ੀ ਦੀ ਵਰਤਣ ਤੋਂ ਸਫਾ ਕੀਤਾ। ਅਸਲ ਵਿਚ ਤਾਂ ਆਦਿ ਸਤਿਗੁਰ ਤੋਂ ਲੈ ਕੇ ਦਸਮ ਪਾਤਸ਼ਾਹ ਜੀ ਤੱਕ ਸਾਰੇ ਗੁਰੂ ਸਾਹਿਬ ਪ੍ਰਮੇਸ਼ੁਵਰ ਦੇ ਪਿਆਰ ਵਿਚ ਪਾ ਕੇ ਸਿੱਖਾਂ ਨੂੰ ਹਉਂ ਦੇ ਭਾਵ ਤੇ ਸ੍ਵਾਰਥ ਦੀ ਵਰਤੋਂ ਤੋਂ ਸਾਫ ਕਰਦੇ ਆਏ ਸਨ। ਇਹ ਸ੍ਵਾਰਥ ਦੀ ਵਰਤੋਂ ਹੈ, ਇਹੋ ਹਉਂ ਹੰਕਾਰ ਹੈ ਜੋ ਦੇਸ਼ ਹਿਤ ਨੂੰ 'ਜਗਤ ਹਿਤ' ਤੋਂ ਨਿਖੇੜਦਾ ਹੈ ਇਹੋ ਹੈ ਜੋ 'ਦੇਸ਼ ਹਿਤ' ਨੂੰ ਕਾਮਯਾਬੀ ਦੇ ਬਾਦ ਜ਼ੁਲਮ ਵਿਚ ਪਲਟਾ ਦਿੰਦਾ ਹੈ। ਸੋ ਗੁਰੂ ਜੀ ਨੇ ਆਪਣੇ ਜਗਤ ਉਧਾਰ ਦੇ ਕੰਮ ਵਿਚੋਂ ਜਦ 'ਹਉਂ' ਤੇ 'ਸ੍ਵਾਰਥ' ਦੂਰ ਕੀਤੇ ਤੇ ਆਪਣੇ ਸਿੱਖਾਂ ਦੇ ਦਿਲ ਵਿਚ ਪ੍ਰੇਮ ਦ੍ਰਿੜਾ ਦਿਤਾ ਤਾਂ ਉਨ੍ਹਾਂ ਦੇ ਅਮਲ ਵਿਚੋਂ ਤੇ ਆਦਰਸ਼ ਵਿਚੋਂ ਸਾਫ ਦਿੱਸ ਰਿਹਾ ਹੈ ਕਿ ਉਨ੍ਹਾਂ ਦਾ ਜਗਤ ਹਿਤ ਉਨ੍ਹਾਂ ਦੇ ਦੇਸ਼ ਹਿਤ ਦੀ ਰੋਕ ਨਹੀਂ ਸੀ

ਬਣਿਆ ਤੇ ਨਾ ਉਨ੍ਹਾਂ ਦਾ ਦੇਸ਼ ਹਿਤ ਉਨ੍ਹਾਂ ਦੇ ਜਗਤ ਹਿਤ ਦੀ ਰੋਕ ਸੀ। ਉਸ ਵੇਲੇ ਦੁਖੀ ਹਿੰਦ ਦੀ ਪਰਜਾ ਸੀ, ਇਸ ਦਾ ਦੁੱਖ ਦੂਰ ਕਰਨਾ ਉਨ੍ਹਾਂ ਦਾ ਦੇਸ਼ ਹਿਤ ਬੀ ਸੀ ਤੇ ਜਗਤ ਹਿਤ ਬੀ। ਜਿਸ ਜ਼ੁਲਮ ਕਰ ਰਹੇ ਨੂੰ ਉਹ ਜ਼ੁਲਮ ਤੋਂ ਉਪਦੇਸ ਨਾਲ ਕਿ ਬਲ ਨਾਲ ਵਰਜਦੇ ਸੇ, ਉਸਨੂੰ ਜ਼ੁਲਮ ਤੋਂ ਰੋਕਦੇ ਸੇ, ਬਦੀ ਤੋਂ ਹੋੜਦੇ ਸੇ, ਪਰ ਉਸ ਦੀ ਜਾਤ ਨਾਲ, ਉਸ ਦੇ ਧਰਮ ਨਾਲ ਉਸ ਦੀ ਨਸਲ ਨਾਲ ਕੋਈ ਵਿਰੋਧ ਨਹੀਂ ਰੱਖਦੇ ਸਨ। ਜੇ ਕਦੇ ਉਸ ਵੇਲੇ ਦਾ ਜ਼ੁਲਮ ਕਰਨ ਵਾਲਾ ਮਤ ਯਾ ਨਸਲ ਆਪ ਮਜ਼ਲੂਮ ਹੁੰਦੇ ਤਾਂ ਜਗਤ ਹਿਤ ਦੇ ਰਸੂਲ ਗੁਰੂ ਗੋਬਿੰਦ ਸਿੰਘ ਜੀ ਮੇਰੀ ਮਤਿ ਕਹਿੰਦੀ ਹੈ, ਮੈਂ ਅਲਪੱਗ ਹਾਂ ਕਿ ਗੁਰੂ ਜੀ ਉਸ ਦੀ ਰੱਖਿਆ ਕਰਦੇ।

ਨੌਜਵਾਨ - ਠੀਕ, ਮੈਂ ਸਮਝਿਆ, ਪਰ ਗੁਰੂ ਜੀ ਨੇ ਸਿਖਾਇਆ ਤਾਂ ਮਾਰਨਾ ਹੀ ਸੀ ਨਾ।

ਸੰਤ - ਇਉਂ ਨਹੀਂ ਭਾਈ, ਉਸ ਸਮੇਂ ਦਾ ਇਤਿਹਾਸ ਪੜ੍ਹੋ ਤਾਂ ਪਤਾ ਲੱਗੇਗਾ ਕਿ ਹਿੰਦੂ ਪਰਜਾ ਤੇ ਹਿੰਦੂ ਜਾਤੀ ਮੂਲੋਂ ਕਮਜ਼ੋਰ ਹੋ ਚੁੱਕੀ ਸੀ ਤੇ ਇਸੇ ਵਾਸਤੇ ਜ਼ੁਲਮ ਸਹਾਰਦੀ ਸੀ ਤੇ ਇਸ ਦੇ ਆਤਮਿਕ, ਮਾਨਸਿਕ, ਵਿਦਿਆਕ, ਭਾਈਚਾਰਕ ਤੇ ਧਾਰਮਿਕ ਗੁਣ ਦਲੇ ਜਾ ਰਹੇ ਸਨ। ਸੋ ਸਤਿਗੁਰਾਂ ਨੇ ਇਸ ਮਰ ਰਹੀ ਪਰਜਾ ਵਿਚ ਜਾਨ ਭਰਨੇ ਲਈ ਤੇ ਮਨੁਖਤ੍ਵ ਦੇ ਆਦਰਸ਼ ਤੇ ਮਰਦਊਪਨੇ ਵਿਚ ਖੜਾ ਕਰਨੇ ਲਈ ਪਹਿਲਾਂ ਇਸਨੂੰ ਸੱਚ ਲਈ ਦੁਖ ਸਹਿਣੇ ਤੇ ਮਰਨੇ ਦੀ ਜਾਚ ਸਿਖਾਈ। ਪੰਜਵੇਂ ਸਤਿਗੁਰਾਂ ਦੀ ਤੇ ਨੌਵੇਂ ਸਤਿਗੁਰਾਂ ਦੀ ਪਵਿੱਤ੍ਰ ਸ਼ਹਾਦਰ ਇਹੋ ਗਿੱਲ ਦੱਸਦੀ ਹੈ ਕਿ ਜਿਸ ਤੋਂ ਕਿ ਸਿੱਖਾਂ ਵਿਚ ਸੱਚ ਲਈ ਦੁੱਖ ਸਹਿਣ ਤੇ ਜਾਨ ਦੇਣਾ ਦਾ, ਹਉਂ ਰਹਿਤ ਪਰੋਪਕਾਰੀ ਜਜ਼ਬਾ ਕਾਇਮ ਹੋ ਗਿਆ। ਜਦੋਂ ਦਸਮੇਂ ਪਾਤਸ਼ਾਹ ਲਈ ਰਾਜ ਨੇ ਅਨੰਦਪੁਰ ਰਹਿਣ ਔਖਾ ਕਰ ਦਿਤਾ ਤਾਂ ਉਹ ਪਾਉਂਟੇ ਚਲੇ ਗਏ, ਤਦੋਂ ਸਿੱਖਾਂ ਵਿਚੋਂ ਅਨੇਕਾਂ ਉੱਥੇ ਆਪ ਪਾਸ ਜਾ ਰਹੇ, ਪਰ ਉੱਥੇ ਜਾ ਕੇ ਭੀ ਆਹਾਰ ਦਿੱਸ ਰਹੇ ਸੇ ਕਿ ਇੱਥੇ ਭੀ ਰਹਿਣਾ ਕਠਨ ਹੋ ਜਾਏਗਾ। ਤਦ ਸੱਚ ਉਤੇ ਖੜ੍ਹੇ ਹੋ ਕੇ ਆਪ ਨੇ ਜ਼ੁਲਮ ਦਾ ਮੁਕਾਬਲਾ ਕਰਨੇ ਦੀ ਜਾਚ ਸਿੱਖਾਂ ਨੂੰ ਸਿਖਾਈ। ਉਥੇ ਹੀ ਜੰਗੀ ਤਾਕਤ ਆਰੰਭ ਹੋਈ ਤੇ ਪਹਿਲਾ ਟਾਕਰਾ ਹੋਇਆ। ਇਹ ਟਾਕਰਾ ਗੁਰੂ ਜੀ ਨੇ ਆਪ ਹਮਲਾ ਕਰਕੇ ਨਹੀਂ ਕੀਤਾ, ਸਗੋਂ ਮਿਲਵੀਂ ਜ਼ਬਰਦਸਤ ਰਾਜਸੀ ਤਾਕਤ ਜਦ ਹਮਲਾਆਵਰ ਹੋਈ ਤਾਂ ਉਸ ਦੀ ਰੋਕ ਕੀਤੀ ਗਈ ਅਰ ਇਸ ਰੋਕ ਵਿਚ ਕਾਮਯਾਬੀ ਹੋਈ।

ਨੌਜਵਾਨ - ਫਿਰ ਗੁਰੂ ਜੀ ਨੇ ਆਪ ਤਾਕਤ ਪੈਦਾ ਕਰਨੇ ਦੀ ਜਾਚ ਸਿਖਾਈ ਨਾ?

ਸੰਤ ਜੀ - ਠੀਕ ਹੈ, ਪਰ ਇਸ ਲਈ ਤੁਸੀਂ ਜਗਤ ਦੀ ਉਸ ਵੇਲੇ ਦੀ ਤੇ ਇਸ ਵੇਲੇ ਦੀ ਆਮ ਦਿਮਾਗੀ ਹਾਲਤ ਨੂੰ ਵਿਚਾਰੋ, ਜੋ ਇਹ ਹੈ ਕਿ ਇਨਸਾਨ ਦੇ ਅੰਦਰ ਦੀ ਖੁਦਗਰਜ਼ੀ ਜੋ ਅਸਲ ਵਿਚ ਇਸ ਦੇ ਜੀਵਨ ਨੂੰ ਪਾਲਨ ਤੇ ਰੱਖਿਆ ਕਰਨ ਆਦਿ ਵਾਸਤੇ ਦਿਤੀ ਗਈ ਸੀ ਉਹ ਦੂਸਰਿਆਂ ਨੂੰ ਖੋਹਣ ਤੇ ਮਾਰਨ ਵਿਚ ਵਰਤੀ ਜਾਂਦੀ ਹੈ। ਇਸ ਮਾੜੀ ਬਾਣੀ ਤੋਂ ਅਜੇ ਇਨਸਾਨ ਉੱਚਾ ਨਹੀਂ ਹੋਇਆ। ਇਸ ਲਈ ਕੋਈ ਤਾਕਤ, ਕੋਈ ਬਲ ਚਾਹੀਦਾ ਹੈ ਜੋ ਨੇਕੀ ਦੇ ਅਸੂਲ ਤੇ ਖੜ੍ਹਾ ਹੋਵੇ ਤੇ ਇਨਸਾਨ ਦੀ ਇਸ ਪਰਸਪਰ ਦੀ ਵਰਤੋਂ ਨੂੰ ਅੰਦਾਜ਼ੇ ਤੇ ਪੈਮਾਨੇ ਦੇ ਅੰਦਰ ਰੱਖੇ ਜੋ ਪਰਸਪਰ ਇਨਸਾਫ ਦਾ ਵਰਤਾਉ ਰਹੇ। ਰਾਜਾ ਯਾ ਰਾਜ ਪ੍ਰਬੰਧ ਦਾ ਇਹੋ ਮਨੋਰਥ ਹੁੰਦਾ ਹੈ, ਉਹ ਪ੍ਰਬੰਧ ਇਨਸਾਨ ਦੀ ਪਾਪਮਈ ਖੁਦਗਰਜ਼ੀ ਨੂੰ ਜੋ ਉਹ ਦੂਸਰੇ ਇਨਸਾਨਾ ਨਾਲ ਵਰਤਦਾ ਹੈ, ਰੋਕਦਾ ਹੈ ਅਤੇ ਓਹੋ ਜਦ ਦੂਸਰੇ ਦੇਸ਼ ਦੇ ਰਾਜੇ ਪ੍ਰਬੰਧ ਉਸਦੇ ਰਾਜ ਪ੍ਰਬੰਧ ਨੂੰ ਤੋੜ ਕੇ ਪ੍ਰਜਾ ਨੂੰ ਲੁੱਟਣਾ ਮਾਰਨਾ ਚਾਹੁੰਦੇ ਹਨ ਤਾਂ ਉਹ ਆਪਣੇ ਦੇਸ਼ ਦੀ ਰੱਖਿਆ ਕਰਦਾ ਹੈ। ਸੋ ਇਸ ਪ੍ਰਬੰਧ ਲਈ ਕਾਤਕ ਦਾ ਪੈਦਾ ਕਰਨ ਤੇ ਜਥੇਬੰਦ ਕਰਨਾ ਅਜੇ ਤਕ ਸੰਸਾਰ ਵਿਚ ਜ਼ਰੂਰੀ ਹੈ। ਤੁਸੀਂ ਦੇਖ ਲਓ ਕਿ ਕੋਈ ਗੁਲਾਮ ਕੌਮ, ਚਾਹੇ ਬਾਹੂ ਬਲ ਨਾਲ, ਚਾਹੇ ਇਖਲਾਕੀ ਬਲ ਨਾਲ ਜੇ ਸੁਤੰਤਰਤਾ ਪ੍ਰਾਪਤ ਕਰ ਲਵੇ ਤਾਂ ਉਸਨੂੰ ਫੇਰ ਜਥੇਬੰਦ ਤਾਕਤ ਦੀ ਲੋੜ ਪੈਂਦੀ ਹੈ ਜੋ ਸੁਤੰਤਰ ਹੋਈ ਪਰਜਾ ਦਾ ਪਰਸਪਰ ਆਪਣੇ ਹੱਕਾਂ ਵਿਚ ਰਹਿਣੇ ਦਾ ਪ੍ਰਬੰਧ ਕਰੇ ਨਾਲ ਹੀ ਵਿਦੇਸ਼ੀ ਰਾਜ ਪ੍ਰਬੰਧਾਂ ਦੇ ਧੱਕੇ ਧੋੜਿਆਂ ਤੋਂ ਆਪਣੇ ਦੇਸ਼ ਦੀ ਰੱਖਿਆ ਕਰਨੇ ਦਾ ਪ੍ਰਬੰਧ ਕਰੇ। ਸੋ ਵਿਚਾਰ ਲਓ ਕਿ ਇਸ ਗੱਲ ਲਈ ਜ਼ਰੂਰੀ ਸੀ ਕਿ ਗੁਰੂ ਜੀ ਜਥੇਬੰਦ ਪ੍ਰਬੰਧ ਵਾਲੀ ਤਾਕਤ ਬਣਾਉਂਦੇ, ਅਰ ਉਸਨੂੰ ਹੱਲੇ ਲਈ ਨਹੀਂ, ਪਰ ਪਾਪਮਈ ਹੱਲਿਆਂ ਨੂੰ ਰੋਕ ਪਾਉਣ ਲਈ ਵਰਤ ਕੇ ਇਸ ਜੋਗ ਕਰ ਦਿੰਦੇ ਕਿ ਉਹ ਸਮਾਂ ਆਏ ਤੇ ਸੁਤੰਤਰ ਹੋਇਆਂ ਦਾ ਆਦਰਸ਼ਕ ਪ੍ਰਬੰਧ ਕਰ ਸਕੇ। ਇਸ ਤਰ੍ਹਾਂ ਦੀ ਤਾਕਤ ਬਣਾ ਕੇ ਡਰ ਹਿ ਹੁੰਦਾ ਹੈ ਕਿ ਉਹ ਨਵੀਂ ਤਾਕਤ ਮਤਾਂ ਮਦ ਵਿਚ ਆ ਕੇ ਫੇਰ ਹੋਰ ਤਰ੍ਹਾਂ ਦਾ ਅਤਿਆਚਾਰ ਨਾ ਆਰੰਭ ਕਰ ਦੇਵੇ, ਇਸ ਕਰਕੇ ਗੁਰੂ ਜੀ ਨੇ ਪਹਿਲਾਂ ਆਪਣੀ ਕੌਮ ਨੂੰ ਅੰਦਰੋਂ ਹਉਮੈ ਦੀ ਨਰਿਤੀ ਤੇ ਬਾਹਰ ਵਰਤਾਵੇ ਵਿਚ ਖੁਦਗਰਜ਼ੀ ਦੇ ਤਿਆਗ ਵਾਲੀ ਨਿਸ਼ਕਾਮ ਪਿਆਰ ਵਾਲੀ ਵਰਤੋਂ ਸਿਖਾਈ। ਆਤਮ ਜੀਵਨ ਦੇ ਨਾਲ ਧਰਮ ਦੇ ਅਸੂਲ ਦ੍ਰਿੜਾਏ ਤੇ ਵਿਦਿਆ ਦਾ ਪ੍ਰਚਾਰ ਬੀ ਕੀਤਾ। ਇਸ ਨਿਸ਼ਕਾਮ ਪਿਆਰ ਵਾਲੀ ਵਰਤੋਂ ਲਈ, ਪਹਿਲੋਂ ਅੰਤਰ-ਆਤਮੇ ਪ੍ਰਮੇਸ਼ਰ ਦੀ ਹੋਂਦ, ਉਸ ਤੇ ਭਰੋਸਾ ਤੇ ਉਤੋਂ ਜਾਗ ਪਈ ਅੰਤ੍ਰੀਵ ਜਾਗ੍ਰਤ ਦੀ ਲੋੜ ਹੈ ਜੋ ਆਪ ਨੇ ਇਉਂ ਸਿਖਾਈ -

***ਜਾਗਤ ਜੋਤਿ ਜਪੈ ਨਿਸ ਬਾਸੁਰ***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਐਸੇ ਜਾਗ ਪਏ ਤੇ ਪੂਰੇ ਖਾਲਸ (ਪਵਿੱਤਰ) ਹੋ ਗਿਆਂ ਨੂੰ ਆਪ ਨੇ ਖਾਲਸਮਾ ਬਣਾਇਆ, ਖਾਲਸੇ ਦੇ ਮੋਢੇ ਤੇ ਭਾਰ ਰੱਖਿਆ ਭਗਤੀ ਪ੍ਰੇਮ ਦੇ ਪ੍ਰਚਾਰ ਦਾ, ਸਤਿਗੁਰਾਂ ਦੇ ਆਦਰਸ਼ ਨੂੰ ਜਗਤ ਵਿਚ ਪੁਚਾਉਣ ਦਾ, ਪਰੋਪਕਾਰ ਕਰਨ ਦਾ, ਜ਼ੁਲਮ ਦੂਰ ਕਰਨੇ ਲਈ ਦੁੱਖ ਸਹਿਣ ਤੇ ਖੁਸ਼ੀ ਨਾਲ ਮਰਨ ਦਾ, ਫਿਰ ਜਦ ਲੋੜ ਪਵੇ ਤਾਂ ਖੁਦਗਰਜ਼ੀ ਤੋਂ ਰਹਿਤ ਭਲੇ ਨਮਿੱਤ ਘਰ ਦਾ, ਭਾਈਚਾਰੇ ਦਾ, ਨੱਗਰ ਦਾ ਕਿ ਦੇਸ਼ ਦਾ

ਪ੍ਰਬੰਧ ਕਰਨ ਦਾ ਤੇ ਰਾਖੀ ਕਰਨ ਦਾ।

ਨੌਜਵਾਨ - ਬਹੁਤ ਖੂਬ, ਪਰ ਜੀ ਕੀਹ ਨਿਰਾ ਦੁੱਖ ਸਹੀ ਜਾਣ ਵਾਲੀ ਚਾਲ ਨਾਲ ਕਾਮਯਾਬੀ ਨਹੀਂ ਹੋ ਸਕਦੀ?

ਸੰਤ - ਭਾਈ, ਸਾਫ-ਸਾਫ ਆਖੋ ਤੇ ਸਮਝੋ ਕਿ ਦੁਖ ਸਹੀ ਜਾਣ ਨਾਲ ਜਦ ਕੋਈ ਕੌਮ ਸੁਤੰਤਰ ਹੋ ਜਾਏਗੀ, ਉਹ ਫਿਰ ਜਥੇਬੰਦ ਹੋ ਕੇ ਆਪਣੇ ਆਦਰਸ਼ ਦਾ ਰਾਜ ਪ੍ਰਬੰਧ ਕਰੇਗੀ ਕਿ ਨਾ? ਉਹ ਜਥੇਬੰਦੀ ਬਿਨਾਂ ਪ੍ਰਬੰਧ ਕੀਕੂੰ ਹੋਏਗਾ, ਉਸ ਵਿਚ ਪਰਸਪਰ ਵਰਤੋਂ ਲਈ, ਜੋ ਬੀ ਤੋਰੇ ਤੋਰੇ ਜਾਣਗੇ, ਕਈ ਲੋਕ ਉਸ ਵਿਚ ਖੁਦੀ ਵਾੜ ਕੇ ਉਨ੍ਹਾਂ ਨੂੰ ਤੋੜਨਗੇ ਕਿ ਨਾ, ਫੇਰ ਤਾਕਤ ਦੀ ਲੋੜ ਪਵੇਗੀ ਕਿ ਨਾ, ਉਹ ਤਾਕਤ ਨਿਸ਼ਪਾਪ ਚਾਹੀਏ ਪਰ ਲੋੜ ਤਾਂ ਪਵੇਗੀ ਨਾ ਤਾਕਤ ਦੀ। ਜੇ ਉਸ ਦੇਸ਼ ਤੇ ਕੋਈ ਅਸੱਭਯ ਕੌਮ ਹਮਲਾ ਕਰ ਦੇਵੇ ਤਾਂ ਉਸ ਦੀ ਰੋਕ ਵਾਸਤੇ ਫੇਰ ਜਥੇਬੰਦ ਤਾਕਤ ਤੇ ਆਪਾ ਵਾਰ ਕੁਰਬਾਨੀਆਂ ਦੀ ਲੋੜ ਪਵੇਗੀ ਕਿ ਨਾ? ਸੋਚ ਲਓ।

ਨੌਜਵਾਨ - ਠੀਕ ਹੈ।

ਸੰਤ - ਭਾਈ ਸਭ ਤੋਂ ਵੱਡੀ ਲੋੜ ਹੈ ਇਸਨਾਨ ਵਿਚੋਂ ਖੁਦਗਰਜ਼ੀ ਘਟਾਉਣ ਦੀ, ਇਸੇ ਕਰਕੇ ਸ੍ਰੀ ਗੁਰੂ ਜੀ ਨੇ ਆਪਣੀ ਖਾਲਸ ਸਾਜੀ ਜਥੇਬੰਦੀ ਦਾ ਆਦਰਸ਼ - ਜੋ ਮੈਂ ਦੱਸ ਚੁੱਕਾ ਹਾਂ - ਇਹ ਬੱਧਾ ਤੇ ਸਭ ਨੂੰ ਗੁਰਬਾਣੀ ਨਾਲ ਜੋੜਿਆ, ਤਾਂ ਜੋ ਗੁਰਬਾਣੀ ਦੇ ਪਾਠ ਵੀਚਾਰ ਨਾਲ ਨਿਸ਼ਕਾਮ ਸੇਵਾ ਦਾ ਆਦਰਸ਼ ਰੋਜ਼ ਇਨ੍ਹਾਂ ਦੇ ਨੈਣਾਂ ਅੱਗੇ ਆਉਂਦਾ ਰਹੇ। ਬਾਬੇ ਬੰਦੇ ਨੇ ਬੀ ਗੁਰਬਾਣੀ ਤੋਂ ਖਾਲਸੇ ਨੂੰ ਨਹੀਂ ਸੀ ਵਿਛੋੜਿਆ ਤੇ ਮਗਰੋਂ ਬੁੱਢਾ ਦਲ, ਤਰੁਨਾ ਦਲ ਸਮੇਂ ਗੁਰਬਾਣੀ ਦਾ ਪ੍ਰੇਮ ਜਾਰੀ ਰਿਹਾ, ਜਿਸ ਕਰਕੇ ਉਹ ਆਦਰਸ਼ ਹਉ ਰਹਿਤ ਵਰਤਾਉ ਦਾ ਜਾਰੀ ਰਿਹਾ। ਇਕ ਹੋਰ ਨੁਕਤਾ ਧਿਆਨ ਦੇ ਕੇ ਸਮਝ ਲਓ - ਸਿੱਖ ਧਰਮ ਤੋਂ ਪਹਿਲਾਂ ਧਰਮ ਤੇ ਬਲ ਵੱਖੋ-ਵੱਖ ਤੁਰੇ ਆ ਰਹੇ ਸਨ। ਧਰਮ ਵਿਚ ਅਹਿੰਸਾ ਜੂਆਂ ਤਕ ਦੀ ਰੱਖਿਆ ਤਕ ਪੁੱਜ ਪਈ ਸੀ ਤੇ ਬਲ ਵਾਲੇ ਪਾਸੇ ਰੱਬ ਦੇ ਨਾਮ ਤੇ ਕਤਲ, ਖੂਨ, ਲੁੱਟਾਂ ਤੇ ਮਾਰੇ ਬਕਾਰੇ ਜਾਇਜ਼ ਸਮਝੇ ਗਏ ਸੇ। ਸੋ ਧਰਮ ਤੇ ਬਲ ਦੁਹਾਂ ਵਿਚ ਇਕ ਲੰਮੀ ਖੱਡ ਪੈ ਗਈ ਸੀ।

ਇਕ ਬੀਬੀ ਹੋਈ ਗੱਲ ਸੁਣੋ। ਸਿੰਘ ਦੇ ਜਦੋਂ ਇਕ ਕਿੱਲ੍ਹੇਦਾਰ ਨੂੰ ਅਰਬ ਦੇ ਹਮਲਾਆਵਰ ਨੇ ਕਿਹਾ ਕਿ ਆ ਲੜਾਈ ਕਰ ਯਾ ਰਾਜ ਦੇ ਦੇਹ, ਤਾਂ ਅਹਿੰਸਕ ਕਿਲ੍ਹੇਦਾਰ ਨੇ ਕਿਹਾ ਕਿ ਤੁਹਾਡਾ ਕੋਈ ਹੱਕ ਨਹੀਂ ਕਿ ਦੂਸਰੇ ਦਾ ਘਰ ਯਾ ਦੇਸ਼ ਆ ਕੇ ਕੁਹਵੋ, ਆਪਣੇ ਘਰ ਦੇਸ਼ ਦਾ ਰਾਜ ਕਰੋ, ਸਾਨੂੰ ਆਪਣਾ ਕਰਨ ਦਿਓ। ਪਰ ਉਸ ਧਅਕੇ ਖੋਰ ਹਮਲਾਆਵਰ ਨੇ ਕਿਹਾ, ਨਹੀਂ ਕਾਫਰਾਂ ਨੂੰ ਮਾਰਨਾ ਹੈ, ਤੇਰੇ ਵਿਚ ਬਲ ਹੈ ਤਾਂ ਦੋ ਹੱਥ ਕਰ ਲੈ। ਉਸ ਨੇ ਕਿਹਾ, ਮੇਰੇ ਧਰਮ ਵਿਚ ਜੰਗ ਕਰਨਾ ਮਨ੍ਹੇ ਹੈ, ਐਹ ਲੈ ਕਿਲ੍ਹੇ ਦੀਆਂ ਕੁੰਜੀਆਂ। ਇਸ ਅਹਿੰਸਕ ਕਿਲ੍ਹੇਦਾਰ ਦੀ ਇਸ ਅਹਿੰਸਾ ਨੇ ਜੋ ਸਿੰਘ ਵਿਚ ਜਾਬਰ ਹਮਲਾਆਵਰਾਂ ਦੇ ਹੱਥੋਂ ਪਰਜਾ ਦੀ ਹਿੰਸਾ ਕਰਵਾਈ, ਉਸਦਾ ਅੰਦਾਜ਼ਾ ਲਾਉਣਾ ਕਠਨ ਹੈ। ਸੋ ਬਰਖੁਰਦਾਰ ਜੀਓਂ ਗੁਰੂ ਜੀ ਨੇ ਸੱਚ ਲਈ ਦੁੱਖ ਸਹਾਰਨਾ ਤੇ ਮਰਨਾ ਇਹ ਪਹਿਲਾ ਸਬਕ ਦਿਤਾ। ਫੇਰ ਸਬਕ ਦਿਤਾ ਕਿ ਆਪ ਬਲ ਪਾ ਕੇ ਮਦ ਵਿਚ ਨਹੀਂ ਜਾਣਾ, ਜਾਗਤੀ ਜੋਤ ਅਕਾਲ ਪੁਰਖ ਨੂੰ ਯਾਦ ਰੱਖਣਾ ਹੈ, ਉਸ ਦੀ ਹਜ਼ੂਰੀ ਵਿਚ ਵੱਸ ਕੇ ਘਟ ਜੋਤਿ ਜਗਾਉਣੀ ਹੈ। ਇਸ ਚਾਨਣੇ ਵਿਚ, ਜਗਤ ਵਿਚ ਭ੍ਰਾਤ੍ਰੀ ਭਾਵ ਤੇ ਪਿਆਰ ਪਸਾਰਨਾ ਹੈ। ਜੀਵਨ ਪਰਉਪਕਾਰ ਦਾ ਕਰਕੇ ਤਾਕਤ ਦੇ ਮਦ ਤੋਂ ਸਦਾ ਬਚਣਾ ਹੈ, ਪਰ ਤਾਕਤ ਗੁਆ ਕੇ ਦੁਬੇਲ ਤੇ ਹੀਣੇ ਨਹੀਂ ਹੋ ਜਾਣਾ।

ਨੌਜਵਾਨ - ਮੈਂ ਇਹ ਗੱਲ ਸਮਝ ਲੀਤੀ ਹੈ, ਆਪ ਦਾ ਧੰਨਵਾਦ ਹੈ। ਕੀਹ ਮੈਂ ਪਹਿਲੇ ਜੁੱਧ ਬਾਬਤ ਕੁਛ ਆਪਣੇ ਸੰਸੇ ਨਵਿਰਤ ਕਰ ਲਵਾਂ, ਆਗਿਆ ਹੈ?

ਸੰਤ - ਭਾਈ, ਅਸੀਂ ਸਿੱਖ ਇਤਿਹਾਸ ਵਾਚਿਆ ਤਾਂ ਹੈ, ਪਰ ਸਾਡੀ ਵਾਕਬੀ ਥੋੜ੍ਹੀ ਹੈ, ਜਿੰਨੀ ਕੁ ਹੈ ਤੇ ਜੋ ਸਾਨੂੰ ਪਤਾ ਹੈ, ਜੀ ਸਦਕੇ ਪੁੱਛੋ, ਹਾਜ਼ਰ ਹਾਂ।

ਨੌਜਵਾਨ - ਗੁਰੂ ਸਾਹਿਬ ਜੀ ਆਨੰਦਪੁਰ ਤੋਂ ਪਾਉਂਟੇ ਕਿਉਂ ਚਲੇ ਗਏ ਸੇ?

ਸੰਤ - ਬਿਲਾਸਪੁਰ ਦੇ ਰਾਜੇ ਭੀਮਚੰਦ ਵਲੋਂ ਕੁਛ ਸਖਤੀਆਂ ਸ਼ੁਰੂ ਹੋ ਗਈਆਂ ਸਨ। ਉਨ੍ਹਾਂ ਅਨਯਾਵਾਂ ਦੇ ਅੱਗੇ ਗੁਰੂ ਸਾਹਿਬ ਜੀ ਝੁਕਣਾ ਨਹੀਂ ਸਨ ਚਾਹੁੰਦੇ, ਆਪ ਵਧੀਕੀ ਕਰਕੇ ਉਸ ਪਰ ਹਮਲਾ ਨਹੀਂ ਸਨ ਕਰਨਾ ਚਾਹੁੰਦੇ। ਉਸਦੇ ਇਸ਼ਾਰੇ ਨਾਲ ਸੰਗਤਾਂ ਨੂੰ ਆਨੰਦਪੁਰ ਦੇ ਰਸਤੇ ਵਿਚ ਦੀਆਂ ਕਈ ਗੁੱਜਰ ਆਦਿ ਲੜਾਕੀਆਂ ਕੌਮਾਂ ਤੋਂ ਲੁੱਟ ਮਾਰ ਦੇ ਤਸੀਹੇ ਮਿਲਣ ਲਗ ਪਏ ਸਨ। ਗੁਰੂ ਜੀ ਪਾਸ ਬੀ ਬਾਹੂਬਲ ਸੀ, ਪਰ ਆਪ ਜਰਦੇ ਰਹੇ ਤੇ ਪਹਿਲ ਨਹੀਂ ਕੀਤੀ। ਉਧਰ ਰਾਜਾ ਨਾਹਨ ਨੇ ਆਪਨੂੰ ਸੱਦ ਭੇਜਿਆ ਤਾਂ ਆਪ ਉਸ ਦੇ ਰਾਜ ਵਿਚ ਚਲੇ ਗਏ ਤੇ ਜਮਨਾ ਕਿਨਾਰੇ ਪਾਉਂਟੇ ਜਾ ਟਿਕੇ।

ਨੌਜਵਾਨ - ਫੇਰ ਜੰਗ ਕੀਕੂੰ ਹੋ ਪਿਆ?

ਸੰਤ - ਜੰਗ ਹੋਣ ਦੇ ਕਾਰਣ ਦਾ ਪਤਾ ਅਜੇ ਖੋਜ ਗੋਚਰਾ ਹੈ। ਸ੍ਰੀ ਗੁਰੂ ਜੀ ਨੇ ਆਪ ਇਸ ਪਹਿਲੇ ਜੁੱਧ ਦਾ ਸੰਖੇਪ ਹਾਲ ਲਿਖਿਆ ਹੈ। ਉੱਥੇ ਦੱਸਿਆ ਹੈ -

ਫਤੇ ਸਾਹ ਕੋਪਾ ਤਬ ਰਾਜਾ।

ਲੋਹ ਪਰਾ ਹਮ ਸੋਂ ਬਿਨ ਕਾਜਾ।

ਭਾਵ ਇਹ ਕਿ ਸਾਡੀ ਵਲੋਂ ਜੁੱਧ ਦਾ ਕੋਈ ਕਾਰਨ ਨਹੀਂ ਦਿਤਾ ਗਿਆ। ਰਾਜਾ ਨਿਰਾਰਥਕ ਸਾਡੇ ਨਾਲ ਲੜਿਆ। ਸੂਰਜ ਪ੍ਰਕਾਸ਼ ਆਦਿ ਤੋਂ ਪਤਾ ਲਗਦਾ ਹੈ ਕਿ ਰਾਜਾ ਭੀਮਚੰਦ ਬਿਲਾਸਪੁਰ ਦਾ ਰਾਜਾ ਸੀ, ਆਨੰਦਪੁਰ ਇਸ ਦੀ ਰਿਆਸਤ ਵਿਚ ਸੀ, ਗੁਰੂ ਜੀ ਦੀ ਵਧਦੀ ਤਾਕਤ ਤੋਂ ਉਦਾਸ ਸੀ, ਇਸ ਨੇ ਗੁਰੂ ਜੀ ਨੂੰ ਨੀਵਾਂ ਰੱਖਣ ਲਈ ਕੁਛ ਉਪਰਾਲੇ ਕੀਤੇ, ਜਿਨ੍ਹਾਂ ਦੇ ਅੱਗੇ ਉਹ ਨਾ ਝੁਕੇ ਤੇ ਜੰਗ ਦਾ ਰੰਗ ਪੈਦਾ ਹੋ ਗਿਆ। ਨਾਹਨ ਦੇ ਰਾਜੇ ਨੇ ਇਸ ਮਸੇਂ ਗੁਰੂ ਜੀ ਨੂੰ ਆਪਣੀ ਰਿਆਸਤ ਵਿਚ ਸੱਦ ਘੱਲਿਆ ਤੇ ਗੁਰੂ ਜੀ ਉੱਥੇ ਜਾ ਰਹੇ। ਬਿਲਾਸਪੁਰ ਵਾਲੇ ਦਾ ਲੜਕਾ ਗੜ੍ਹਵਾਲ ਦੇ ਰਾਜੇ ਫਤਹਸ਼ਾਹ ਦੀ ਧੀ ਨਾਲ ਮੰਗਿਆ ਹੋਇਆ ਸੀ। ਫਤਹਸ਼ਾਹ ਦਾ ਰਾਜ ਡੇਰਾਦੂਨ ਤੇ ਇਸਤੋਂ ਅਗਲੇਰੇ ਪਹਾੜਾਂ ਵਿਚ ਸੀ, ਇਧਰ ਜਮਨਾ ਤੱਕ ਸੀ। ਜਮਨਾ ਦੇ ਉਰਾਰ

ਨਾਹਨ ਤੇ ਪਾਰ ਗੜ੍ਹਵਾਲੀਏ ਦਾ ਰਾਜ ਤੇ ਦਬਦਬਾ ਸੀ। ਜਦੋਂ ਵਿਆਹ ਦਾ ਸਮਾਂ ਆਇਆ ਤਾਂ ਰਾਜਾ ਭੀਮ ਚੰਦ ਦੇ ਨਾਲ ਬਹੁਤ ਰਾਜੇ ਤੇ ਸੈਨਾ ਸੀ। ਸੂਰਜ ਪ੍ਰਕਾਸ਼ ਤੇ ਹੋਰ ਚੀਜ਼ਾਂ ਦਾ ਮੁਤਾਲਿਆ ਦੱਸਦਾ ਹੈ ਕਿ ਇਨ੍ਹਾਂ ਦੇ ਦਿਲ ਵਿਚ ਗੁਰੂ ਜੀ ਤੇ ਹੱਲੇ ਦਾ ਖਿਆਲ ਸੀ। ਹਰ ਹਾਲ ਗੁਰੂ ਜੀ ਨੇ ਉਸ ਸਾਰੀ ਸਨੱਧਬੱਧ ਸੈਨਾ ਦਾ ਆਪਣੇ ਕਿਲ੍ਹੇ ਦੇ ਪਾਸੋਂ ਲੰਘਣਾ ਬਖੇੜੇ ਪੈਦਾ ਹੋ ਜਾਣ ਤੋਂ, ਠੀਕ ਨਾ ਸਮਝਿਆ, ਇਸ ਲਈ ਉਨ੍ਹਾਂ ਨੇ ਲਾੜਾ ਤੇ ਪ੍ਰੋਹਤ ਆਦਿ ਨੂੰ ਤਾਂ ਆਪਣੇ ਘਾਟ ਤੋਂ ਲੰਘਾ ਦਿਤਾ ਤੇ ਬਾਕੀ ਸੈਨਾ ਤੇ ਰਾਜੇ ਦੂਸਰੇ ਰਸਤੇ ਗਏ। ਸੋ ਭੀਮਚੰਦ ਤੇ ਰਾਜਿਆਂ ਨੇ ਫਤਹਸ਼ਾਹ ਨੂੰ ਚੁੱਕਿਆ ਕਿ ਉਹ ਗੁਰੂ ਜੀ ਨਾਲ ਲੜੇ। ਪਰ ਰਾਜੇ ਨਾਂਹ ਕੀਤੀ, ਛੇਕੜ ਡੋਲਾ ਛੱਡ ਜਾਣ ਦਾ ਡਰਾਵਾ ਦਿਤਾ, ਤਾਂ ਉਹ ਤਿਆਰ ਹੋਇਆ। ਸੋ ਉਹ ਸਾਰੇ ਰਾਜੇ ਤੇ ਉਨ੍ਹਾਂ ਦੀ ਸੈਨਾ ਇਕੱਠੀ ਹੋ ਗਈ। ਫੇਰ ਹੋਰ ਉਪੱਦਰ ਕੀਤਾ ਕਿ ਇਨ੍ਹਾਂ ਰਾਜਿਆਂ ਨੇ ਪੰਜ ਸੌ ਪਠਾਣ ਨੌਕਰ ਗੁਰੂ ਜੀ ਦੇ ਆਪਣੇ ਵਲ ਲਾਲਚ ਦੇ ਕੇ ਕਰ ਲਏ। ਸੋ ਸ਼ਾਦੀ ਤੋਂ ਵਿਹਲੇ ਹੋ ਕੇ ਉਪਰ ਕਹੇ ਰਾਜੇ ਜੰਗ ਲਈ ਤਿਆਰ ਹੋਏ।

ਸੈਨਾਪਤ ਨੇ ਆਪ ਗੁਰ ਸ਼ੋਭਾ ਵਿਚ ਪਾਉਂਟੇ ਜਾਣ ਦਾ ਕਾਰਨ ਤੇ ਫਤੇਸ਼ਾਹ ਦੇ ਲੜਨ ਦਾ ਕਾਰਨ ਕੋਈ ਨਹੀਂ ਦਿੱਤਾ, ਤੇ ਨਾ ਹੀ ਬਚਿਤ੍ਰ ਨਾਟਕ ਵਿਚ ਕਾਰਨ ਦਿਤਾ ਹੈ, ਬਿਨ ਕਾਜਾ ਲੋਹ ਪੜਾ ਇੰਨੀ ਗੱਲ ਬਚਿਤ੍ਰ ਨਾਟਕ ਵਿਚ ਲਿਖੀ ਮੈਂ ਦੱਸ ਚੁੱਕਾ ਹਾਂ। ਸੋ ਅਸਲ ਕਾਰਨ ਗੁਪਤ ਜਾਪਦਾ ਹੈ। ਇਕ ਹੋਰ ਸ਼ੈ ਹੈ - ਜੰਗਨਾਮਾ ਗੁਰੂ ਗੋਬਿੰਦ ਸਿੰਘ। ਇਸ ਵਿਚ ਲਿਖਿਆ ਹੈ ਕਿ ਔਰੰਗਜ਼ੇਬ ਨੂੰ ਆਪ ਖਿਆਲ ਪੈਦਾ ਹੋਇਆ ਕਿ ਗੁਰੂ ਗੋਬਿੰਦ ਸਿੰਘ ਨੂੰ ਵਿਨਾਸ਼ ਕਰੀਏ। ਉਸੇ ਦੇ ਲਿਖਣੇ ਤੇ ਰਾਜਿਆਂ ਨੇ ਗੁਰੂ ਜੀ ਪਰ ਹੱਲਾ ਕੀਤਾ। ਪਠਾਣਾਂ ਦੇ ਸਰਦਾਰ ਹਯਾਤ ਖਾਂ ਨੂੰ ਭੀ ਇਸੇ ਨੇ ਘੱਲਣਾ ਲਿਖਿਆ ਹੈ। ਘਰ ਵਿਚ ਜਦ ਸਲਾਹ ਹੁੰਦੀ ਹੈ ਤਾਂ ਜ਼ਬੂੰਨਿਸਾ ਮਨ੍ਹਾ ਕਰਦੀ ਹੈ, ਪਰ ਔਰੰਗਜ਼ੇਬ ਮੰਨਦਾ ਨਹੀਂ। ਉਂਞ ਸਾਰਾ ਹਾਲ ਇਸ ਜੰਗ ਨਾਮੇ ਵਿਚ ਭੰਗਾਣੀ ਦੇ ਜੁੱਧ ਦਾ ਦਿੱਤਾ ਹੈ। ਸੂਰਜ ਪ੍ਰਕਾਸ਼ ਵਿਚੋਂ ਬੀ ਇਸ ਗੱਲ ਦੀ ਸੂਹ ਮਿਲ ਜਾਂਦੀ ਹੈ। ਜਦੋਂ ਅਜੇ ਗੁਰੂ ਜੀ ਆਨੰਦਪੁਰ ਸੇ ਤੇ ਭੀਮਚੰਦ ਆਪ ਤੋਂ ਹਾਥੀ ਮੰਗ ਘੱਲਦਾ ਹੈ, ਉਸ ਵੇਲੇ ਦੀ ਬਾਤ ਚੀਤ ਵਿਚ ਆਖਦਾ ਹੈ 'ਉਤ ਹਜਰਤ ਬਿਗਰਯੋ ਇਨ ਸੰਗਾ' ਜਿਸ ਤੋਂ ਸਾਫ ਪਤਾ ਲਗ ਗਿਆ ਕਿ ਪਾਉਂਟੇ ਆਉਣ ਤੋਂ ਪਹਿਲਾਂ ਹੀ ਔਰੰਗਜ਼ੇਬ ਗੁਰੂ ਜੀ ਨਾਲ ਬਿਗੜ ਰਿਹਾ ਸੀ ਤੇ ਭੀਮ ਚੰਦ ਨੂੰ ਪਤਾ ਸੀ। ਅਚਰਜ ਨਹੀਂ, ਜੈਸਾ ਕਿ ਜੰਗ ਨਾਮੇ ਵਾਲੇ ਨੇ ਲਿਖਿਆ ਹੈ ਕਿ ਭੀਮ ਚੰਦ ਨੂੰ ਗੁਰੂ ਸਾਹਿਬ ਦੀ ਰੂਹਾਨੀ ਤੇ ਜਿਸਮਾਨੀ ਤਾਕਤ ਹੈ ਦਲ ਸਿੱਟਣ ਦਾ ਇਸ਼ਾਰਾ ਯਾ ਗੁਪਤ ਆਗਿਆ ਔਰੰਗਜ਼ੇਬ ਦੀ ਹੀ ਹੋਵੇ।

ਨੌਜਵਾਨ - ਠੀਕ ਹੈ, ਆਪ ਦੇ ਦੱਸੇ ਹਾਲਾਤ ਤੋਂ ਇਹੀ ਸੰਭਵ ਜਾਪਦਾ ਹੈ ਕਿ ਤਹਿ ਵਿਚ ਔਰੰਗਜ਼ੇਬ ਯਾ ਉਸਦੀ ਸਰਕਾਰ ਹੀ ਹੋਣੀ ਹੈ ਜਦ ਔਰੰਗਜ਼ੇਬ ਗੁਰੂ ਹਰਿਰਾਇ ਸਾਹਿਬ ਵੇਲੇ ਤੌਖਲੇ ਵਿਚ ਸੀ ਤੇ ਰਾਮ ਰਾਇ ਜੀ ਨੂੰ ਪਾਸ ਰਖਦਾ ਸੀ ਜੋ ਐਉਂ ਗੁਰੂ ਘਰ ਤੇ ਉਸਦਾ ਅਸਰ ਬਣਿਆ ਰਹੇ, ਫੇਰ ਅੱਠਵੇਂ ਗੁਰਾਂ ਨੂੰ ਦਿੱਲੀ ਸਦਵਾ ਘੱਲਦਾ ਹੈ, ਫੇਰ ਨਾਵੇਂ ਸਤਿਗੁਰਾਂ ਦੀ ਸ਼ਹੀਦੀ ਤੱਕ ਨੌਬਤ ਪੁਚਾ ਦਿੰਦਾ ਹੈ, ਤਦ ਉਹ ਕਿਸ ਤਰ੍ਹਾਂ ਗੁਰੂ ਜੀ ਤੋਂ ਤੇ ਉਨ੍ਹਾਂ ਦੇ ਹਾਲਾਤ ਤੋਂ ਅਨਜਾਣ ਰਹਿ ਸਕਦਾ ਹੈ, ਤੇ ਉਨ੍ਹਾਂ ਦੀ ਨਵੀਨ ਉਪਜ ਰਹੀ ਬੀਰ ਰਸੀ ਤਾਕਤ ਨੂੰ ਦਬਵਾ ਦੇਣ ਤੋਂ ਅਨਜਾਣਪੁਣੇ ਵਿਚ ਯਾ ਬੇਪਰਵਾਹੀ ਵਿਚ ਰਹਿ ਸਕਦਾ ਹੈ। ਉਸ ਦਾ ਗੁਰੂ ਘਰ ਨਾਲ ਪਿਛਲਾ ਵਰਤਾਉ ਤੇ ਉਸਦਾ ਸੱਕ ਸ਼ੁਭੇ ਵਾਲਾ ਸੁਭਾਉ ਤੇ ਉਸਦੀ ਰਾਜਸੀ ਚੌਕਸਤਾਈ ਕਦੇ ਉਸਨੂੰ ਅਵੇਸਲੇ ਨਹੀਂ ਰਹਿਣ ਦੇ ਸਕਦੀਆਂ। ਆਪ ਦਾ ਖਿਆਲ ਠੀਕ ਹੈ, ਇਸ ਪਾਸੇ ਖੋਜ ਹੋਰ ਹੋਣੀ ਚਾਹੀਏ।

ਭਲਾ ਜੀ ਫਤਹਸ਼ਾਹ ਕਿਵੇਂ ਜੰਗ ਵਿਚ ਸ਼ਾਮਲ ਹੋ ਗਿਆ? ਓਹ ਤਾਂ ਪਹਿਲੇ ਗੁਰੂ ਜੀ ਦਾ ਸੱਜਣ ਸੀ?

ਸੰਤ - ਜੋ ਕੁਛ ਲਿਖਿਆ ਮਿਲਦਾ ਹੈ, ਸੋ ਤਾਂ ਇਹੋ ਹੈ ਕਿ ਭੀਮ ਚੰਦ ਦੇ ਪੁੱਤਰ ਦਾ ਉਸਦੀ ਧੀ ਨਾਲ ਵਿਆਹ ਹੋ ਚੁੱਕਾ ਤਾਂ ਉਸ ਨੇ ਫਤਹਿਸ਼ਾਹ ਤੇ ਲੜਨ ਵਾਸਤੇ ਜ਼ੋਰ ਪਾਇਆ ਤੇ ਇਥੋਂ ਤਕ ਡਰਾਵਾ ਦਿਤਾ ਕਿ ਜੇ ਤੂੰ ਨਾ ਮੰਨੇਗਾ ਤਾਂ ਤੇਰੀ ਧੀ ਦਾ ਡੋਲਾ ਛੋੜ ਜਾਵਾਂਗੇ, ਤਦ ਉਹ ਮੰਨਿਆ ਤੇ ਜੰਗ ਨਾਮੇ ਆਦਿ ਵਿਚ ਲਿਖੇ ਨੂੰ ਵਾਚਿਆ ਤੇ ਉਪਰ ਕਹੇ ਹਾਲਾਤ ਨੂੰ ਸੋਚਿਆ ਪਤਾ ਲਗਦਾ ਹੈ ਕਿ ਭੀਮਚੰਦ ਨੇ ਸ਼ਾਹ ਦੀ ਰਿਸ ਤੇ ਇਸ਼ਾਰੇ ਦਾ ਪਤਾ ਫਤਹਸ਼ਾਹ ਨੂੰ ਦਿਤਾ ਹੋਵੇ ਯਾ ਫਤਹਸ਼ਾਹ ਵਲ ਬੀ ਗੁਪਤ ਪਰਵਾਨਾ ਆ ਗਿਆ ਹੋਵੇ।

ਨੌਜਵਾਨ - ਠੀਕ ਹੈ। ਇਹ ਕੁਛ ਅਚਰਜ ਨਹੀਂ ਔਰੰਗਜ਼ੇਬ ਤੋਂ। ਪਰ ਜੀ ਮੈਨੂੰ ਹੋਰ ਇਕ ਗੱਲ ਸਮਝਾਓ, ਕੀ ਗੁਰੂ ਸਾਹਿਬ ਜੀ ਇਕ ਜੰਗੀ ਫੌਜ ਔਰੰਗਜ਼ੇਬ ਦੇ ਟਾਕਰੇ ਦੀ ਪੈਦਾ ਕਰਨੀ ਚਾਹੁੰਦੇ ਸੀ?

ਸੰਤ - ਸਤਿਗੁਰ ਦੀਆਂ ਸਤਿਗੁਰ ਜਾਣੇ, ਪਰ ਪੜ੍ਹਿਆਂ ਤਾਂ ਥਹੁ ਇਹ ਪੈਂਦਾ ਹੈ ਕਿ ਨਾ ਤਾਂ ਉਨ੍ਹਾਂ ਨੂੰ ਆਪਣੇ ਲਈ ਰਾਜ ਪੈਦਾ ਕਰਨ ਦਾ ਸ਼ੌਕ ਯਾ ਲਾਲਚ ਸੀ, ਜੈਸਾ ਕਿ ਭੀਮਚੰਦ ਦੇ ਇਕ ਖਤ ਦੇ ਜਵਾਬ ਵਿਚ ਉਸਨੂੰ ਪੁੱਛਦੇ ਹਨ, ਕਿ ਕੀ ਮੈਂ ਕੋਈ ਭੋਂ ਤੇਰੀ ਮੱਲ ਲਈ ਹੈ ਕਿ ਰਾਜ ਖੋਹ ਲਿਆ ਹੈ, ਕਿ ਰਾਹ ਰੋਕ ਲਏ ਤੇ ਕਰ ਲਾ ਲਏ ਨੇ। ਇਸ ਤਰ੍ਹਾਂ ਦੇ ਹੋਰ ਕਈ ਸਾਮਾਨ ਦੱਸਦੇ ਹਨ ਕਿ ਉਹ ਰਾਜ ਦੇ ਲੋਭ ਵਿਚ ਨਹੀਂ ਸੇ, ਦੁਖੀ ਪਰਜਾ ਵਿਚ ਤਾਕਤ ਭਰਨੀ ਚਾਹੁੰਦੇ ਸੇ ਕਿ ਉਹ ਸ਼ਾਹ ਨੂੰ ਜ਼ੁਲਮ ਤੋਂ ਹੋੜ ਸਕੇ, ਜੇ ਨਾ ਹਟੇ ਤਾਂ ਜੈ ਕਰ ਸਕੇ। ਆਪ ਨੇ ਪਹਿਲਾਂ ਉਨ੍ਹਾਂ ਰਾਜਿਆਂ ਨੂੰ ਵੰਗਿਆ, ਜੋ ਪਹਾੜਾਂ ਵਿਚ ਰਾਜ ਕਰਦੇ ਸੇ। ਪਰ ਉਹ ਨਾ ਮੰਨੇ, ਫੇਰ ਉਨ੍ਹਾਂ ਨੇ ਪਰਜਾ ਵਿਚ ਹੀ ਤਾਕਤ ਭਰੀ ਤੇ ਉਨ੍ਹਾਂ ਵਿਚ ਦੁੱਖ ਸਹਿਣ ਦੀ ਤਾਕਤ ਭਰੀ। ਮਾਰਨ ਦੀ ਨਹੀਂ, ਪਰ ਮਰਨ ਦੀ ਜਾਚ ਸਿਖਾਈ। ਦ੍ਰਿੜ੍ਹਤਾ ਸਿਖਾਈ ਜੋ ਦਿਲ ਦੇ ਬਹਾਦਰ ਹੋ ਕੇ ਝੱਲੇ ਤੇ ਜੀਵਨ ਨੂੰ ਵਾਰ ਦੇਵੇ। ਫੇਰ ਉਨ੍ਹਾਂ ਨੂੰ ਜਥੇਬੰਦੀ ਸਿਖਾਈ। ਦੂਸਰੀ ਕਮਜ਼ੋਰੀ ਇਹ ਸੀ ਜਿਸ ਨੇ ਕਾਬਲ ਤੇ ਹੋਰ ਪੱਛਮੀ ਹਮਲਾਆਵਰਾਂ ਦੇ ਸਾਮ੍ਹਣੇ ਹਿੰਦੀਆਂ ਨੂੰ ਸਦਾ ਹਾਰ ਦਿਤੀ - ਹਿੰਦੀਆਂ ਵਿਚ ਜਥੇਬੰਦੀ ਘੱਟ ਸੀ ਤੇ ਖੁਦਗਰਜ਼ੀ ਬਹੁਤ ਵਧ ਗਈ ਸੀ। ਹੁਣ ਤੱਕ ਬੀ ਹਿੰਦੂ ਜਾਤੀਆਂ ਵਿਚ ਖੁਦਗਰਜ਼ੀ ਬਹੁਤ ਹੈ ਤੇ ਜਥੇਬੰਦੀ ਅਜੇ ਬੀ ਆਦਰਸ਼ਕ ਨਹੀਂ ਹੋਈ। ਖੁਦਗਰਜ਼ੀ ਦੂਰ ਕਰਾ ਕੇ ਗੁਰੂ ਜੀ ਨੇ ਜਥੇਬੰਦੀ ਦਾ ਸਬਕ ਦਿਤਾ ਰਾਜੇ ਤੇ ਆਗੂ

ਜਦ ਨਾ ਮੰਨੇ ਤਾਂ ਪਰਜਾ ਨੂੰ ਮੱਤ ਦਿਤੀ। ਜਦ ਪਰਜਾ ਬੀ ਮੁਰਦਿਹਾਨ ਵਿਚ ਦੇਖੀ ਤਦ ਆਪ ਨੇ ਸਿੱਖਾਂ ਨੂੰ ਜਥੇਬੰਦ ਕਰਕੇ ਇਸ ਰਾਹੇ ਟੋਰ ਦਿਤਾ। ਨਵਾਂ ਸਤਿਗੁਰਾਂ ਦੀ ਕਮਾਈ ਨਾਲ ਪੰਥ ਵਿਚੋਂ ਖੁਦਗਰਜ਼ੀ ਘਟ ਚੁਕੀ ਸੀ ਆਚਰਨ ਉੱਚੇ ਹੋ ਚੁੱਕੇ ਸੇ, ਅੰਦਰੋਂ ਹਉਂ ਦਾ ਭਾਵ ਨੀਵਾ ਪੈ ਕੇ ਚੜ੍ਹਦੀਆਂ ਕਲਾਂ ਵਲ ਰੁਖ ਬਣਾ ਚੁੱਕਾ ਸੀ। ਛੇਵੇਂ ਸਤਿਗੁਰ ਜੀ ਜਥੇਬੰਦੀ ਤੇ ਉਪਕਾਰੀ ਜੰਗੀ ਜੀਵਨ ਦੀ ਜਾਚ ਸਿੱਖਾਂ ਗਏ ਸੇ। ਸੋ ਦਸਵੇਂ ਪਾਤਸ਼ਾਹ ਨੇ ਇਕ ਨਵਾਂ ਆਦਰਸ਼ ਖਾਲਸੇ ਦਾ ਸਾਜ ਕੇ ਆਪਣੇ ਸਿਖਾਂ ਨੂੰ ਇਸ ਗੱਲ ਲਈ ਤਿਆਰ ਕਰ ਲਿਆ। ਪਹਿਲਾਂ ਤਾਂ ਉਂਞ ਤਾਕਤ ਪੈਦਾ ਕਰਦੇ ਰਹੇ, ਅੰਤ ਇਹ ਜਗਤ ਹਿਤ ਵਾਲੀ ਜਥੇਬੰਦੀ ਜਾਗਤ ਬੰਦਿਆਂ ਦੀ ਥਾਪ ਕੇ, ਆਪਣੀ ਸਤਿਅਤਾ ਦੀ ਢਾਲ ਜ਼ੁਲਮ ਦੀ ਕਟਾਰ ਦੇ ਵਾਰ ਨੂੰ ਝੱਲ ਲੈਣ ਲਈ ਰਚ ਦਿਤੀ। ਮੈਂ ਹੁਣੇ ਕਿਹਾ ਸੀ ਕਿ ਧਰਮ ਤਾਂ ਅਹਿੰਸਕ ਹੋ ਕੇ ਨਿਪੁੰਸਕਤਾਈ ਤਕ ਜਾ ਪੁੱਜਾ ਸੀ ਤੇ ਦੂਜੇ ਪਾਸੇ ਧਰਮ ਦੀ ਆੜ ਲੈ ਕੇ ਜ਼ੋਰ ਜ਼ੁਲਮ ਦੁਪਹਿਰਾਂ ਤੇ ਸੀ। ਗੁਰੂ ਜੀ ਨੇ 'ਧਰਮ ਤੇ ਬਲਞ ਇਕੱਠੇ ਕਰ ਦਿਤੇ, ਸ਼ਾਂਤ ਰਸ ਤੇ ਬੀਜ ਰਸ ਦਾ ਸੰਮੇਲਨ ਕਰ ਦਿਤਾ। ਇਹ ਇਕ ਕਰਾਮਾਤ ਸੀ, ਇਹ ਇਕ ਨਵਾਂ ਤਜਰਬਾ ਸੀ, ਜੋ ਉਨ੍ਹਾਂ ਨੇ ਕਾਮਯਾਬੀ ਨਾਲ ਕਰ ਵਿਖਾਇਆ ਤੇ ਉਨ੍ਹਾਂ ਦੇ ਮਗਰੋਂ ਬੀ ਹੁੰਦਾ ਰਿਹਾ, ਪਰ ਅੱਜਕਲ੍ਹ ਆਦਰਸ਼ ਵਿਚ ਫਰਕ ਪੈ ਰਿਹਾ ਹੈ ਪਰ ਖਾਲਸੇ ਦੇ ਸਿਰ ਕਰ ਹੈ ਕਿ ਆਪਣਾ ਇਹ ਤਜਰਬਾ ਕਾਇਮ ਰੱਖੇ ਕਿ ਧਰਮ ਤੇ ਬੀਰਤਾ ਇਕੱਠੇ ਚੱਲ ਸਕਦੇ ਹਨ, ਸ਼ਾਂਤੀ ਤੇ ਬਲ ਇਕ ਮਿਆਨ ਵਿਚ ਰਹਿ ਸਕਦੇ ਹਨ, ਉੱਚਾ ਇਖ਼ਲਾਕ ਤੇ ਬੀਰਤਾ ਦਾ ਕਰਤੱਬ ਨਿਭ ਸਕਦੇ ਹਨ, ਖਾਲਸੇ ਨੇ ਇਹ ਕਰਕੇ ਜਗਤ ਨੂੰ ਦੱਸਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਬੰਨ੍ਹਿਆਂ ਆਦਰਸ਼ ਦਰੁਸਤ ਹੈ ਤੇ ਤਜਰਬੇ ਕੀਤਾ ਹੋਇਆ ਹੈ ਤੇ ਅਸੀਂ ਕਰਕੇ ਦੱਸ ਰਹੇ ਹਾਂ।

*********

(ਪੰਨਾ 41 ਦਾ ਬਾਕੀ)

ਹੋਣਾ ਆਪਣਾ ਆਪ ਮੇਰਾ ਖਤਮ ਹੋ ਜਾਣਾ ਹੈ, ਮਹਾਰਾਜ ਜੀ ਹੋ ਜਾਣੇ ਕਿਉਂਕਿ ਉਨ੍ਹਾਂ ਨੇ ਬਚਨ ਕਰਿਆ ਸੀ, ਸੰਗਤਾਂ ਨੂੰ ਮੈਂ ਲੈ ਕੇ ਗਿਆ ਸੀ ਮੈਂ ਕਿਹਾ ਸੀ ਮਹਾਰਾਜ! ਇਨ੍ਹਾਂ ਨੂੰ ਨਾਮ ਦੀ ਜੁਗਤੀ ਦੱਸ ਦਿਓ, ਇਕ ਕਰੋੜ ਮੂਲਮੰਤਰ ਦਾ ਪਾਠ ਇਨ੍ਹਾਂ ਤੋਂ ਕਰਾ ਦਿਤਾ। ਹਾਪੜ ਲੈ ਆਈਂ। ਹਾਪੜ ਜਾਣ ਦਾ ਪ੍ਰਬੰਧ ਨਾ ਬਣਿਆ। ਜਦੋਂ ਮੈਂ ਨਿਕਲਣ ਲੱਗਿਆ, ਕਹਿੰਦੇ ਗੱਲ ਸੁਣ। ਕਹਿੰਦੇ ਤੂੰ ਦੇ ਦਿਆ ਕਰ ਨਾਮ? ਮੈਂ ਕਿਹਾ ਮਹਾਰਾਜ ਜੀ! ਐਡੀ ਵੱਡੀ ਗੱਲ ਮੈਂ ਤਾਂ ਨਹੀਂ ਕਰ ਸਕਦਾ। ਕਹਿੰਦੇ ਚੰਗਾ, ਇਕ ਗੱਲ ਕਰੀਂ ਕਿ ਜਦੋਂ ਤੂੰ ਬਚਨ ਕਰਨਾ ਹੋਵੇ, ਸਰੀਰ ਮੈਨੂੰ ਦੇ ਦਿਆ ਕਰ, ਮੈਂ ਆਪੇ ਕਰ ਲਿਆ ਕਰਾਂਗਾ। ਮੈਂ ਕਿਹਾ ਸਰੀਰ ਤਾਂ ਮੈਂ ਮੰਨਿਆ ਹੀ ਨਹੀਂ ਆਪਣਾ, ਤੁਹਾਡਾ ਹੀ ਹੈ ਸਰੀਰ। ਇਹ ਤਾਂ ਅਮਾਨਤ ਲਈਂ ਫਿਰਦਾ ਹਾਂ, ਇਹ ਮੇਰੀ ਨਹੀਂ ਹੈ ਤੁਹਾਡੀ ਹੀ ਹੈ। ਕਹਿੰਦੇ ਫੇਰ ਤਾਂ ਗੱਲ ਮੁੱਕ ਗਈ, ਫੇਰ ਕਰੀ ਜਾਈਂ, ਕੀਰਤਨ ਨਾ ਛੱਡੀਂ ਕਦੇ ਵੀ, ਜ਼ਮੀਨ ਵਗੈਰਾ ਵੇਚ ਦੇਈਂ, ਆਹ ਫਿਲਮਾਂ ਬਣਾ ਕੇ ਪ੍ਰਚਾਰ ਕਰੀਂ। ਓਦੋਂ ਫਿਲਮਾਂ ਦਾ ਨਾਮ ਨਿਸ਼ਾਨ ਨਹੀਂ ਸੀ ਹੁੰਦਾ। ਆਪੇ ਹੀ ਬਣਨੀਆਂ ਸ਼ੁਰੂ ਹੋ ਗਈਆਂ। ਇਕ ਹਜ਼ਾਰ ਤੋਂ ਉਪਰ ਫਿਲਮਾਂ ਵੱਖਰੇ-ਵੱਖਰੇ ਵਿਸ਼ਿਆਂ ਤੇ, ਵੱਖਰੇ-ਵੱਖਰੇ ਸਿਧਾਂਤਾਂ ਤੇ ਬਣੀਆਂ ਹੋਈਆਂ ਨੇ ਗੁਰੂ ਅੰਗਦ ਸਾਹਿਬ ਸਿਰਫ ਸਾਢੇ ਤਿੰਨ ਜਾਂ ਚਾਰ ਸਾਲ ਗੁਰੂ ਨਾਨਕ ਸਾਹਿਬ ਕੋਲ ਰਹੇ ਸੀ, ਉਨ੍ਹਾਂ ਨੇ ਉਹ ਕਿਹੜਾ ਕੌਤਕ ਕਰ ਦਿਤਾ ਕਿ ਬਾਬਾ ਬੁੱਢਾ ਜੀ ਵੀ ਪਿੱਛੇ ਰਹਿ ਗਏ, ਹੋਰ ਵੀ ਜਿਹੜੇ ਸੀ ਉਹ ਵੀ ਪਿੱਛੇ ਰਹਿ ਗਏ ਤੇ ਉਹ ਕਿਵੇਂ ਪਹੁੰਚ ਗਏ, ਉਹ ਸਾਰੀ ਵਿਚਾਰ 17 ਫਿਲਮਾਂ ਵਿਚ ਕੀਤੀ ਹੈ, 51 ਘੰਟੇ ਦਾ ਦੀਵਾਨ ਹੈ ਲਗਾਤਾਰ। ਜੇ ਕਿਸੇ ਨੇ ਸਮਝਣਾ ਹੋਵੇ ਤਾਂ ਸਮਝ ਲਓ ਉਹਦੇ ਵਿਚ ਹਰ ਚੀਜ਼ ਸਮਝਾਈ ਗਈ ਹੈ। ਸੋ ਇਸ ਤਰ੍ਹਾਂ ਉਨ੍ਹਾਂ ਦਾ ਹੁਕਮ ਸੀ। ਇਹ ਫਿਲਮਾਂ ਸਾਰੀ ਦੁਨੀਆਂ 'ਚ ਘੁੰਮ ਰਹੀਆਂ ਨੇ। ਚਿੱਠੀਆਂ ਆਉਂਦੀਆਂ ਨੇ ਲੋਕਾਂ ਦੀਆਂ ਕਿ ਸਾਨੂੰ ਐਨੀਆਂ ਭੇਜ ਦਿਓ, ਐਨੀਆਂ ਭੇਜ ਦਿਓ। ਹੁਣ ਮੇਰੇ ਸਮਝ ਵਿਚ ਆਉਂਦਾ ਹੈ ਕਿ ਮਹਾਰਾਜ ਜੀ ਨੇ ਇਹ ਬਚਨ ਓਸ ਵੇਲੇ ਕਰਿਆ ਸੀ ਜਦੋਂ ਫਿਲਮਾਂ ਦਾ ਨਾਮ ਨਿਸ਼ਾਨ ਵੀ ਨਹੀਂ ਸੀ ਹੁੰਦਾ। ਉਸ ਵੇਲੇ ਉਨ੍ਹਾਂ ਨੂੰ ਪਤਾ ਸੀ ਕਿ ਜੇ ਆਹ ਮੀਡੀਆ ਵਰਤਿਆ ਜਾਵੇ ਤਾਂ ਸਿੱਖੀ ਦਾ ਪ੍ਰਚਾਰ ਹੋ ਸਕਦਾ ਹੈ।

ਸੋ ਆਪ ਰਮਜ਼ਾਂ ਦਿੰਦੇ-ਦਿੰਦੇ ਜਹਾਜ਼ ਚੜ੍ਹ ਜਾਂਦੇ ਨੇ, ਸ਼ਰਧਾ ਵਾਲੇ ਪਿਆਰ ਵਾਲੇ, ਉਸੇ ਤਰ੍ਹਾਂ ਇੰਤਜ਼ਾਰ ਕਰਦੇ ਨੇ ਜਿਸ ਤਰ੍ਹਾਂ ਬਾਬਾ ਰਾਮ ਸਿੰਘ ਜੀ ਨੂੰ ਰੰਗਰੂਨ ਲੈ ਗਿਆ ਸੀ ਅੰਗਰੇਜ਼। ਚੀਕਾਂ ਮਾਰਦੇ ਸੀ, ਸਹੀ ਨਹੀਂ ਸੀ ਜਾਂਦੀ ਉਨ੍ਹਾਂ ਦੀ ਬਿਰਹੁੰ ਦੀ ਵੇਦਨਾ ਦੀ ਆਵਾਜ਼, ਕੂਕ ਸਹਿ ਨਹੀਂ ਸਕਿਆ ਕਰਦਾ ਕੋਈ ਐਨੀ ਹਿਰਦੇ 'ਚੋਂ ਨਿਕਲਦੀ ਸੀ। ਸੋ ਸਰੀਰ ਕਰਕੇ ਸਦੀਵੀ ਵਿਛੋੜਾ ਦੇ ਗਏ।

ਦੇਹ ਤਾਂ ਬਿਨਸਨਹਾਰੀ ਹੈ, ਸ਼ਬਦ ਹਾਜ਼ਰ ਨਾਜ਼ਰ ਹੈ, ਅੰਦਰ ਸ਼ਬਦ ਪ੍ਰਗਟ ਹੋ ਗਿਆ, ਉਹ ਮਹਾਂਪੁਰਸ਼ਾਂ ਦੇ ਨਾਲ ਬ੍ਰਹਮ ਰੂਪ ਵਿਚ ਜਾ ਰਲਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਵਿਚਾਰਾਂ ਆਪਾਂ ਕੀਤੀਆਂ ਨੇ, ਭਾਗਾਂ ਵਾਲਿਆਂ ਨੇ ਸੁਣੀਆਂ ਨੇ। ਮਹਾਂਪੁਰਸ਼ਾਂ ਦੀਆਂ ਵਡਿਆਈਆਂ ਸੁਣੀਆਂ ਨੇ, ਜਿਹੜੀ ਮਹਾਂਪੁਰਸ਼ਾਂ ਦੀ ਵਡਿਆਈ ਹੁੰਦੀ ਹੈ ਵਾਹਿਗੁਰੂ ਦੀ ਵਡਿਆਈ ਹੁੰਦੀ ਹੈ। ਵਾਹਿਗੁਰੂ ਨੂੰ ਇਹ ਵਡਿਆਈ ਭਾਅ ਜਾਂਦੀ ਹੈ। ਵਾਹਿਗੁਰੂ ਤਾਂ ਹੈਗਾ ਹੀ ਵੱਡਾ। ਉਸ ਅੱਗੇ ਕੀ ਗੱਲ ਕਰ ਦੇਵਾਂਗੇ ਅਸੀਂ। ਉਸ ਤੋਂ ਅੱਗੇ ਤਾਂ ਕੋਈ ਗੱਲ ਹੀ ਨਹੀਂ ਹੁੰਦੀ। ਜਿਸਦਾ ਕੋਈ ਖਾਤਮਾ ਹੀ ਨਹੀਂ ਹੈ, ਜੇ ਉਹਦੇ ਪਿਆਰੇ ਦੀ ਵਡਿਆਈ ਕਰ ਦਿਓ ਉਹ ਉਸਨੂੰ ਭਾਅ ਜਾਇਆ ਕਰਦੀ। ਸੋ ਆਪਾਂ ਨੇ ਉਨ੍ਹਾਂ ਦੇ ਪਿਆਰਿਆਂ ਦੀਆਂ ਵਡਿਆਈਆਂ ਕਰੀਆਂ ਨੇ। ਇਹ ਭਾਅ ਗਈਆਂ ਨੇ।

***************

# ਮਨੋਭਾਵਾਂ ਦੀ ਰਚਨਾਤਮਕ ਵਰਤੋਂ
# ((Creative Use of Emotions))

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

## ਅਧਿਆਇ ਪਹਿਲਾ
## ਚੇਤਨਾ ਦਾ ਵਿਸਤਾਰ

ਇਹ ਚਾਨਣ ਦਾ ਉਪ ਚਾਨਣ ਹੈ, ਇਹ ਨਿਰੋਲ ਚੇਤਨਾ ਹੈ ਇਸ ਦਾ ਚਾਨਣ ਸੰਸਾਰ ਦੀ ਹਰ ਵਸਤੂ ਵਿਚ ਹੈ, ਸੂਰਜ ਤੋਂ ਲੈ ਕੇ ਤਾਰਿਆਂ ਤੱਕ ਅਚੇਤ ਮਨ ਤੋਂ ਲੈ ਕੇ ਚੇਤਨ ਤਰਕ ਤਕ, ਸਿਖਰ ਤੱਕ ਅਨੰਤ ਤਕ, ਇਥੋਂ ਤੱਕ ਵੀ ਜਿਸਨੂੰ ਹਨ੍ਹੇਰਾ ਕਹਿੰਦੇ ਹਾਂ ਉਥੇ ਤਕ ਵੀ 'ਅਯੁਕਤ' ਤਕ ਅਣਦਿਸਦੇ ਤਕ ਵੀ। ਇਹ ਉਪਨਿਸ਼ਦਾਂ ਦਾ ਕਥਨ ਹੈ।

ਅੱਜ ਦੇ ਸਮੇਂ ਵਿਚ ਜੇ ਕਿਸੇ ਸ਼ਬਦ ਦੀ ਦੁਰ ਵਰਤੋਂ ਹੋਈ ਹੈ, ਜਿਹੜਾ ਸ਼ਬਦ ਲਿਖਣ ਵਿਚ ਸੁਣਨ ਵਿਚ ਦੁਰ ਉਪਯੋਗ ਕੀਤਾ ਗਿਆ ਹੈ ਉਹ ਸ਼ਬਦ ਹੈ 'ਚੇਤਨਾ ਤੇ ਸਚੇਤਨਤਾ।' ਇਹ ਦੋਨੋਂ ਸ਼ਬਦ ਇਕ ਵਚਨ ਹਨ ਜਿਸ ਤੋਂ ਭਾਵ ਹੈ ਕਿ ਸਾਡੀ ਇਕ ਹੀ ਚੇਤਨਾ ਹੈ ਜਾਂ ਇਕ ਹੀ ਸਚੇਤਨਤਾ ਹੈ, ਹਾਂ ਇਹ ਗੱਲ ਵਖਰੀ ਹੈ ਕਿ ਇਹ ਵੱਖ-ਵੱਖ ਪੱਧਰ ਤੇ ਹਨ। ਇਸ ਗੱਲ ਲਈ ਅਸੀਂ ਵੀ ਆਪਣੇ ਆਪ ਵਿਚ ਜਾਣੂ ਹਾਂ, ਕਿਸੇ ਹੱਦ ਤੱਕ ਅਸੀਂ ਜਾਣੂ ਹਾਂ। ਇਕ ਜਾਨਵਰ ਵੀ ਆਪਣੇ ਆਪ ਵਿਚ ਚੇਤਨ ਹੈ, ਮਨੁੱਖ ਦੀ ਤਰ੍ਹਾਂ ਹੀ। ਜਦੋਂ ਮਨੁੱਖ ਪੂਰੀ ਤਰ੍ਹਾਂ ਨਾਲ ਦੂਸਰਿਆਂ ਦੀ ਹੋਂਦ ਲਈ ਸਚੇਤ ਹੋ ਜਾਂਦਾ ਹੈ, ਭਾਵ ਜਿੰਨੇ ਵੀ ਉਸ ਦੇ ਆਸ ਪਾਸ ਹਨ ਉਨ੍ਹਾਂ ਦੀ ਹੋਂਦ ਜਾਣ ਜਾਂਦਾ ਹੈ, ਮਨੁੱਖ ਦੀ ਚੇਤਨਾ ਦਾ ਵਿਸਤਾਰ ਹੋ ਜਾਂਦਾ ਹੈ, ਮਨੁੱਖ ਫੇਰ ਆਪਣਾ ਜੀਵਨ ਉਦੇਸ਼ ਪੂਰਾ ਕਰ ਲੈਂਦਾ ਹੈ।

ਜਿੰਨੇ ਹੀ ਤੁਸੀਂ ਸਤਿ ਦੇ ਪ੍ਰਤੀ ਚੇਤਨ ਹੋਵੋਂਗੇ ਪੂਰਣ ਸਤਿ ਨੂੰ ਜਾਣੋਗੇ ਉਨਾਂ ਹੀ ਤੁਸੀਂ ਉਸ ਸਤਿ ਨੂੰ ਜਾਣੋਗੇ, ਉਸ ਲਈ ਉਨੇ ਹੀ ਸਚੇਤਨ ਹੋ ਸਕੋਗੇ, ਉਹ ਸਤਿ ਜਿਹੜਾ ਸਵੈ ਮੌਜੂਦ ਹੈ ਆਪਣੇ ਆਪ ਹੈ ਜਿਹੜਾ ਸਮੇਂ ਤੋਂ, ਪੁਲਾੜ ਤੋਂ, ਕਾਰਣ ਤੋਂ ਪਰ੍ਹੇ ਹੈ 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਚੇਤਨਾ, ਸਚੇਤਨਤਾ, ਸਤਿ ਇਹ ਸਭ ਭੂਤ, ਵਰਤਮਾਨ ਭਵਿੱਖ ਤੋਂ ਪਰ੍ਹੇ ਹਨ। ਮਨੁੱਖ ਦਾ ਮਨ ਸਭ ਤੋਂ ਉਤਮ ਤੇ ਸੋਹਣ ਜੰਤਰ ਹੈ ਜਿਹੜਾ ਉਸ ਬਿੰਦੂ ਤੱਕ ਪਹੁੰਚਣ ਲਈ ਸਿਖਾਇਆ ਜਾ ਸਕਦਾ ਹੈ। ਟਰੇਂਡ ਕੀਤਾ ਜਾ ਸਕਦਾ ਹੈ ਜਿਥੋਂ ਚੇਤਨਾ ਵੱਖ-ਵੱਖ ਥਾਵਾਂ ਨੂੰ ਜਾਂਦੀ ਹੈ, ਕਿਉਂਕਿ ਮਨੁੱਖ ਦਾ ਮਨ ਸਿਖਾਇਆ ਨਹੀਂ ਹੋਇਆ, ਪੂਰੀ ਤਰ੍ਹਾਂ ਨਾਲ ਟਰੇਂਡ ਨਹੀਂ ਕੀਤਾ ਹੋਇਆ ਇਸ ਕਰਕੇ ਇਸ ਦਾ ਕੁਝ ਹਿੱਸਾ ਹੀ ਸਚੇਤਨ ਹੈ, ਚੇਤਨ ਹੈ।

ਮਨੁੱਖ ਦੇ ਗੁਣਾਂ ਅਨੁਸਾਰ ਉਸ ਦੇ ਹਾਲਾਤਾਂ ਅਨੁਸਾਰ ਹੀ ਮਨੁੱਖ ਦੀ ਚੇਤਨਾ ਦਾ ਵਿਸ਼ੇਸ਼ ਕਾਰਜ ਕੇਂਦਰ ਤੇ ਕਾਰਜ ਖੇਤਰ ਹੁੰਦਾ ਹੈ। ਅਸੀਂ ਇਸ ਨੂੰ ਇਕ ਛੋਟੀ ਬੱਤੀ ਨਾਲ ਤੁਲਨਾ ਕਰ ਸਕਦੇ ਹਾਂ ਜਿਹੜੀ ਆਪਣੇ ਆਲੇ ਦੁਆਲੇ ਜਿਥੇ ਤੱਕ ਹੋ ਸਕੇ ਉਥੇ ਤਕ ਚਾਨਣ ਦੇ ਰਹੀ ਹੈ। ਚੇਤਨਾ ਦਾ ਪ੍ਰਕਾਸ਼ ਤਾਂ ਵਿਸ਼ਵ ਵਿਚ ਆਪਣਾ ਚਾਨਣ ਪਸਾਰ ਰਿਹਾ ਹੈ, ਠਾਠਾਂ ਮਾਰ ਰਿਹਾ ਹੈ ਉਹ ਤਾਂ ਸਾਰੇ ਕਿਤੇ ਪਸਰਿਆ ਹੋਇਆ ਹੈ ਭਾਵੇਂ ਥੋੜ੍ਹਾ ਭਾਵੇਂ ਬਹੁਤਾ, ਭਾਵੇਂ ਥੋੜ੍ਹੀ ਦੇਰ ਲਈ ਭਾਵੇਂ ਬਹੁਤੀ ਦੇਰ ਲਈ ਫੇਰ ਵੀ ਮਨੁੱਖ ਇਹ ਜਾਨਣ ਤੋਂ ਅਸਮਰਥ ਹੈ ਕਿ ਇਸ ਸਾਰੇ ਯਤਨ ਦੀ ਕੀ ਪੂਰੀ ਰੂਪ ਰੇਖਾ ਹੈ, ਕੀ ਪੂਰਾ ਨਕਸ਼ਾ ਹੈ? ਕੀ ਅਰਥ ਹੈ? ਕੀ ਮੰਤਵ ਹੈ? ਕਿਸ-ਕਿਸ ਚੀਜ਼ ਨੂੰ ਉਸ ਚੇਤਨਾ ਦੀ ਛੋਹ ਪ੍ਰਾਪਤ ਹੋ ਰਹੀ ਹੈ।

ਇਸ ਗੱਲ ਨੂੰ ਚੰਗੀ ਤਰ੍ਹਾਂ ਨਾਲ ਸਮਝਣ ਲਈ ਹੇਠ ਲਿਖੀ ਘਟਨਾ ਨੂੰ ਜਾਂਚੋ।

ਤੁਸੀਂ ਇਕ ਡੂੰਘੀ ਖਾਈ ਵਿਚ ਹੋ ਤੁਸੀਂ ਜਿਥੇ ਖੜ੍ਹੇ ਹੋ ਦੋਨੋਂ ਪਾਸੇ ਮੀਲਾਂ ਦੂਰ ਤਕ ਖਾਈ ਹੀ ਹੈ, ਤੁਸੀਂ ਹੌਲੀ ਹੌਲੀ ਲਾਲਟੈਨ ਲੈ ਕੇ ਆਪਣਾ ਰਸਤਾ ਦੇਖ ਰਹੇ ਹੋ, ਆਸ ਪਾਸ ਦੇਖ ਰਹੇ ਹੋ, ਜਾਣੂ ਹੋ ਰਹੇ ਹੋ ਆਪਣੇ ਹਾਲਾਤਾਂ ਨੂੰ ਜਾਣ ਰਹੇ ਹੋ। ਚਾਨਣ ਕੇਵਲ ਥੋੜ੍ਹੇ ਜਿਹੇ ਹਿੱਸੇ ਤੇ ਹੀ ਪੈ ਰਿਹਾ ਹੈ ਜਿਹੜਾ ਤੁਹਾਡੇ ਬਹੁਤ ਨੇੜੇ ਹੈ, ਤੁਸੀਂ ਦੇਖਦੇ ਹੋ ਦੂਰ ਤੁਹਾਨੂੰ ਝੌਲਾ ਪੈਂਦਾ ਹੈ ਜਿਵੇਂ ਕੋਈ ਪਰਛਾਵੇਂ ਹੋਣ। ਤੁਹਾਨੂੰ ਪੱਕਾ ਪਤਾ ਨਹੀਂ ਉਹ ਕੀ ਹੈ। ਉਨ੍ਹਾਂ ਨੂੰ ਦੇਖ ਕੇ ਤੁਹਾਨੂੰ ਇਸ ਤਰ੍ਹਾਂ ਲਗਦਾ ਹੈ, ਤੁਹਾਨੂੰ ਪੁਰਾਣੇ ਸਮੇਂ ਦੇ ਲੋਕੀ ਯਾਦ ਆਉਂਦੇ ਹਨ ਜਿਹੜੇ ਤੁਹਾਨੂੰ ਯਾਦ ਹਨ, ਪੁਰਾਣੀਆਂ ਚੀਜ਼ਾਂ ਤੁਹਾਨੂੰ ਯਾਦ ਆਉਂਦੀਆਂ ਹਨ, ਤੁਸੀਂ ਕਲਪਨਾ ਕਰਨ ਲਗ ਪੈਂਦੇ ਹੋ, ਇਹ ਕੀ ਹੋ ਸਕਦੇ ਹਨ ਕੌਣ ਹੋ ਸਕਦੇ ਹਨ।

ਇਕ ਦਮ ਲਾਲਟੈਨ ਬੰਦ ਹੋ ਜਾਂਦੀ ਹੈ ਤੁਸੀਂ ਕੇਵਲ ਆਪਣੀਆਂ ਯਾਦਾਂ ਦੇ ਸਹਾਰੇ ਰਹਿ ਜਾਂਦੇ ਹੋ, ਆਪਣੀ ਕਲਪਨਾ ਦੇ ਸਹਾਰੇ ਰਹਿ ਜਾਂਦੇ ਹੋ। ਤੁਸੀਂ ਹੌਲੀ-ਹੌਲੀ ਹਨ੍ਹੇਰੇ ਵਿਚ ਤੁਰੇ ਜਾਂਦੇ ਹੋ ਆਸ ਪਾਸ ਟੋਂਹਦੇ-ਟੋਂਹਦੇ ਜਾਂਦੇ ਹੋ, ਫੇਰ ਇਕ ਦਮ ਕਿਸੇ ਤਰ੍ਹਾਂ ਰੋਸ਼ਨੀ ਹੁੰਦੀ ਹੈ, ਫੇਰ ਤੁਸੀਂ ਦੇਖਦੇ ਹੋ ਖਾਈ ਦਾ ਕੁਝ ਹਿੱਸਾ ਚਾਨਣਾ ਹੋ ਜਾਂਦਾ ਹੈ, ਹੁਣ ਤੁਸੀਂ ਜੋ ਦੇਖ ਰਹੇ ਹੋ ਉਹ ਬਿਲਕੁਲ ਫਰਕ, ਵਖਰਾ ਜੋ ਕੁਝ ਪਹਿਲਾਂ ਦੇਖਿਆ ਸੀ ਉਸ ਤੋਂ ਅਲੱਗ। ਕੁਝ ਨਵੀਆਂ ਝਲਕੀਆਂ ਤੁਸੀਂ ਦੇਖ ਰਹੇ ਹੋ, ਹੋਰ ਜਿਹੜੀਆਂ ਦੂਰ ਹਨ ਉਹ ਕੋਈ ਸਾਫ ਤਰ੍ਹਾਂ ਨਹੀਂ ਦਿਸ ਰਹੀਆਂ। ਉਨ੍ਹਾਂ ਵਿਚੋਂ ਕੁਝ ਤਾਂ ਬੜੀਆਂ ਸੋਹਣੀਆਂ ਹਨ ਕੁਝ ਕੁ ਬੜੀਆਂ ਵਿਪਰੀਤ, ਰੋਸ਼ਨੀ ਇਕ ਵਾਰੀ ਫੇਰ ਚਲੀ ਜਾਂਦੀ ਹੈ, ਤੁਸੀਂ ਇਕ ਵਾਰੀ ਫੇਰ ਘੁੰਮਣ ਘੇਰੀਆਂ ਵਿਚ ਫਸ ਜਾਂਦੇ ਹੋ, ਤੁਹਾਨੂੰ ਕੁਝ ਪਤਾ ਨਹੀਂ ਕਿਥੇ ਕੀ ਹੋ ਰਿਹਾ ਹੈ, ਕਿੱਥੇ ਤੱਕ ਅੱਗੇ ਜਾਣਾ ਹੈ। ਜਿਸ ਤਰ੍ਹਾਂ ਹੀ ਤੁਸੀਂ ਇਸ ਤਰ੍ਹਾਂ ਨਾਲ ਟੁਰੀ ਜਾਂਦੇ ਹੋ ਤੁਹਾਨੂੰ ਬਹੁਤ ਸਾਰੇ ਰੌਚਕ ਸੀਨ ਅਨੁਭਵ ਹੁੰਦੇ ਹਨ, ਬਹੁਤ ਸਾਰੇ ਮਨਮੋਹਕ ਦ੍ਰਿਸ਼ ਦੇਖਣ ਵਿਚ ਆਉਂਦੇ ਹਨ। ਤੁਸੀਂ ਮਹਿਸੂਸ ਕਰਦੇ ਹੋ ਇਸ ਸਾਰੇ ਅਨੁਭਵ ਨੂੰ ਲੈ ਕੇ ਤੁਹਾਡੀ ਚੇਤਨਾ ਉਸ ਗੁਫਾ ਪ੍ਰਤੀ, ਤੁਹਾਡੀ ਧਾਰਣਾ, ਤੁਹਾਡਾ ਗਿਆਨ ਵਧਦਾ ਹੈ।

ਸਾਡੇ ਵਿਚੋਂ ਬਹੁਤ ਸਾਰੇ ਜੀਵਨ ਇਸ ਤਰ੍ਹਾਂ ਹੀ ਜੀਉਂਦੇ ਹਨ ਜਿਵੇਂ ਉਪਰ ਦਸਿਆ ਗਿਆ ਹੈ। ਅਸੀਂ ਸੋਚਦੇ ਹਾਂ ਚੇਤਨਤਾ ਤੋਂ ਭਾਵ ਹੈ ਵੱਧ ਤੋਂ ਵੱਧ ਵਖਰਾ-ਵਖਰਾ ਅਨੁਭਵ ਇਕੱਠਾ ਕਰਨਾ, ਜਿੰਨਾਂ ਵੀ ਇਸ ਜੀਵਨ ਵਿਚ ਹੋ

ਸਕੇ। ਅਸੀਂ ਕਦੀ ਇਕ ਪਾਸੇ ਭਟਕਦੇ ਹਾਂ ਕਦੀ ਦੂਸਰੇ ਪਾਸੇ, ਜਿੰਨੇ ਔਖੇ ਕੰਮ ਕਰ ਸਕੀਏ ਓਨੇ ਕਰਦੇ ਹਾਂ। ਜਦੋਂ ਅਸੀਂ ਇਹ ਸਭ ਕੁਝ ਕਰ ਚੁਕਦੇ ਹਾਂ ਭਾਵ ਜਗ੍ਹਾ ਜਗ੍ਹਾਂ ਭਟਕ ਚੁਕਦੇ ਹਾਂ, ਵੱਖ-ਵੱਖ ਘਰਾਂ ਵਿਚ ਜਾ ਚੁੱਕੇ ਹਾਂ, ਜਗ੍ਹਾ-ਜਗ੍ਹਾ ਨੌਕਰੀ ਕਰ ਚੁਕਦੇ ਹਾਂ, ਰਿਸ਼ਤੇ ਨਿਭਾ ਚੁਕਦੇ ਹਾਂ ਹੋਰ ਜੋ ਕੁਝ ਵੀ ਜੀਵਨ ਵਿਚ ਆਇਆ ਉਹ ਭੁਗਤ ਚੁਕਦੇ ਹਾਂ, ਇਸ ਸਭ ਕੁਝ ਤੋਂ ਬਾਅਦ ਵੀ ਅਸੀਂ ਸੋਚਦੇ ਹਾਂ ਇਹ ਸਭ ਕੁਝ ਕਿਉਂ ਹੋਇਆ ਤਾਂ ਵੀ ਇਹ ਬੁਝਾਰਤ ਹੀ ਬਣਿਆ ਰਹਿੰਦਾ ਹੈ। ਬਹੁਤ ਵਾਰੀ ਇਹ ਹੁੰਦਾ ਹੈ, ਅੰਤ ਤੇ ਆ ਕੇ ਅਸੀਂ ਸੋਚਦੇ ਹਾਂ, ਹੈਰਾਨ ਹੁੰਦੇ ਹਾਂ ਇਹ ਸਭ ਕੁਝ ਕੀ ਸੀ?

ਇਕ ਵਾਰੀ ਫੇਰ ਗੁਫਾ ਦੇ ਅਨੁਭਵ ਨੂੰ ਦੇਖੀਏ, ਤੁਸੀਂ ਕਲਪਨਾ ਕਰੋ ਕਿ ਤੁਸੀਂ ਹੁਣ ਆਪਣੀ ਰੋਸ਼ਨੀ ਦੀ ਬੱਤੀ ਚੰਗੀ ਤਰ੍ਹਾਂ ਠੀਕ ਕਰ ਲਈ ਹੈ, ਹੁਣ ਉਹ ਬੁਝੇਗੀ ਨਹੀਂ, ਜਦੋਂ ਤੁਸੀਂ ਠੀਕ ਕਰਕੇ ਉਸਨੂੰ ਜਲਾਉਂਦੇ ਹੋ ਤੁਸੀਂ ਸਭ ਕੁਝ ਸਾਫ ਦੇਖ ਸਕਦੇ ਹੋ, ਦੂਰ ਦੀਆਂ ਚੀਜ਼ਾਂ ਵੀ ਜਿਹੜੀਆਂ ਪਹਿਲਾਂ ਸਾਫ ਨਹੀਂ ਸੀ ਦਿਸਦੀਆਂ ਹੁਣ ਸਾਫ ਦਿਸ ਰਹੀਆਂ ਹਨ, ਹਰ ਇਕ ਚੀਜ਼ ਦਾ ਆਕਾਰ ਸ਼ਕਲ ਬਿਲਕੁਲ ਸਾਫ ਦਿਸ ਰਹੀ ਹੈ। ਜਿਸ ਤਰ੍ਹਾਂ ਦੀ ਰੋਸ਼ਨੀ ਹੋਰ ਤਿੱਖੀ ਹੁੰਦੀ ਹੈ, ਤੇਜ਼ ਹੁੰਦੀ ਹੈ ਸਾਰੀ ਗੁਫਾ ਹੀ ਜਗਮਗਾ ਉਠਦੀ ਹੈ ਤੁਸੀਂ ਸਾਰੀ ਗੁਫਾ ਵਿਚ ਤੁਰ ਕੇ ਦੇਖ ਸਕਦੇ ਹੋ, ਗੁਫਾ ਦੇ ਅੰਦਰ ਕੀ-ਕੀ ਹੈ, ਹਰ ਇਕ ਚੀਜ਼ ਸਾਫ ਦਿਸ ਰਹੀ ਹੈ, ਪਤਾ ਲਗ ਰਿਹਾ ਹੈ ਹਰ ਇਕ ਚੀਜ਼ ਦੀ ਸਮਝ ਆ ਰਹੀ ਹੈ।

ਚੇਤਨਤਾ ਦਾ ਵਿਕਾਸ ਇਹ ਨਹੀਂ ਕਿ ਤੁਸੀਂ ਕੋਈ ਰੋਸ਼ਨੀ ਲੈ ਕੇ ਚੱਲ ਰਹੇ ਹੋ ਉਹ ਰੋਸ਼ਨੀ ਕਦੀ ਕਿਤੇ ਪੈ ਰਹੀ ਹੈ, ਕਦੀ ਕਿਤੇ ਇਸ ਸਭ ਕੁਝ ਦਾ ਤੁਹਾਨੂੰ ਪਤਾ ਨਹੀਂ। ਚੇਤਨਤਾ ਦਾ ਵਿਕਾਸਤਾ ਇਕ ਸਥਿਰ, ਅਡੋਲ ਤੇ ਕਰਮਬੱਧ ਤਰੀਕੇ ਨਾਲ ਤੁਹਾਡੀ ਦ੍ਰਿਸ਼ਟੀ ਦਾ ਵਿਕਾਸ ਹੈ ਤਾਂ ਜੋ ਵੱਧ ਤੋਂ ਵੱਧ ਤੁਸੀਂ ਆਪਣੇ ਅੰਦਰ ਲੈ ਸਕੋ, ਉਦੋਂ ਤੱਕ ਲੈਂਦੇ ਰਹੋ ਜਦੋਂ ਤੱਕ ਬਾਹਰ ਕੁਝ ਰਹਿ ਹੀ ਨਾ ਜਾਏ। ਚੇਤਨਤਾ ਦਾ ਵਿਕਾਸ ਇਸ ਗੱਲ ਵਿਚ ਨਹੀਂ ਕਿ ਤੁਸੀਂ ਵਧੇਰੇ ਸੰਖਿਆ ਵਿਚ ਅਨੁਭਵ ਇਕੱਠਾ ਕਰੋ, ਚੇਤਨਤਾ ਦਾ ਵਿਕਾਸ ਤਾਂ ਗੁਣਾਤਮਕ ਅਨੁਭਵ ਵਿਚ ਹੈ, ਇਨ੍ਹਾਂ ਨੂੰ ਇਕੱਠਾ ਕਰਨਾ ਹੈ।

ਵਿਕਾਸ ਦਾ ਮਾਰਗ ਭਾਵੇਂ ਉਹ ਵਿਅਕਤੀਗਤ ਹੋਵੇ, ਭਾਵੇਂ ਸਮੁੱਚੀ ਮਾਨਵਤਾ ਦਾ ਹੋਵੇ ਉਸ ਦੇ ਗੁਣਾਂ ਦਾ ਤੱਤ ਜਾਨਣਾ ਤੇ ਸਮਝਣਾ ਉਸ ਦਾ ਧੀਮੀ ਤੇ ਪ੍ਰਗਤੀਸ਼ੀਲ ਚੇਤਨਤਾ ਦਾ ਵਿਕਾਸ ਹੈ। ਇਸ ਗੱਲ ਨੂੰ ਸਮਝਣਾ ਕਿ ਚੇਤਨਤਾ ਦਾ ਵਿਕਾਸ ਕਿਸ ਤਰ੍ਹਾਂ ਹੁੰਦਾ ਹੈ, ਕਿਨ੍ਹਾਂ ਨਿਯਮਾਂ ਨਾਲ ਉਸ ਦਾ ਵਿਕਾਸ ਹੁੰਦਾ ਹੈ, ਇਨ੍ਹਾਂ ਨੂੰ ਜਾਂਚ ਕੇ ਅਸੀਂ ਆਪਣੇ ਜੀਵਨ ਦਾ ਅਰਥ ਸਮਝ ਸਕਦੇ ਹਾਂ, ਜੀਵਨ ਦਾ ਮਾਰਗ ਦਰਸ਼ਨ ਕਰ ਸਕਦੇ ਹਾਂ। ਇਸ ਵਿਕਾਸ ਨੂੰ ਜਾਂਚ ਕੇ ਸਾਨੂੰ ਸੀਮਤ ਚੇਤਨਤਾ ਦੇ ਗੁਣ ਤੇ ਵਿਸ਼ੇਸ਼ਤਾਵਾਂ ਪਤਾ ਲਗ ਸਕਦੀਆਂ ਹਨ, ਨਾਲ ਹੀ ਵਿਪਰੀਤ ਚੇਤਨਤਾ ਦੇ ਗੁਣ ਤੇ ਵਿਸ਼ੇਸ਼ਤਾਵਾਂ ਵੀ ਪਤਾ ਲਗ ਸਕਦੀਆਂ ਹਨ। ਜੇ ਅਸੀਂ ਚੇਤਨਤਾ ਦੇ ਵਿਕਾਸ ਦਾ ਇਕ ਆਮ ਨਿਰਣਾ ਲੈ ਕੇ ਦੇਖੀਏ ਕਿਸ ਤਰ੍ਹਾਂ ਇਸ ਦਾ ਵਿਕਾਸ ਹੁੰਦਾ ਹੈ ਸਾਨੂੰ ਪਤਾ ਲਗ ਸਕਦਾ ਹੈ ਅਸੀਂ ਇਸ ਮਾਰਗ ਤੇ ਕਿੱਥੇ ਖੜ੍ਹੇ ਹਾਂ, ਸਾਨੂੰ ਅੱਗੇ ਆਉਣ ਵਾਲੇ ਚਾਨਣ ਮੁਨਾਰਿਆਂ ਦਾ ਵੀ ਪਤਾ ਲਗ ਸਕਦਾ ਹੈ। ਇਸ ਤਰ੍ਹਾਂ ਨਾਲ ਸਾਡੇ ਅੱਗੇ ਤਰੱਕੀ ਕਰਨ ਦਾ ਇਕ ਨਕਸ਼ਾ ਹੋਵੇਗਾ ਤਾਂ ਜੋ ਅਸੀਂ ਚੰਗੀ ਤਰ੍ਹਾਂ ਨਾਲ ਸੁਚੱਜੀ ਤਰ੍ਹਾਂ ਨਾਲ ਤਰੱਕੀ ਕਰ ਸਕੀਏ, ਬਜਾਏ ਕਿਸੇ ਉਨ੍ਹਾਂ ਅਨੁਭਵਾਂ ਵਿਚ ਫਸ ਜਾਈਏ ਜਿਹੜੇ ਕਿਸੇ ਪੱਧਰ ਤੇ ਹੋਏ ਹੋਣ।

ਇਸ ਪੁਸਤਕ ਵਿਚ ਵਿਸਤਾਰ ਨਾਲ ਖੋਜ ਕਰਕੇ ਦੱਸਿਆ ਗਿਆ ਹੈ ਕਿ ਤੁਹਾਡੀ ਸੋਚ, ਮਨੋਭਾਵ, ਮਨੋਵਿਰਤੀ, ਸਵੈ ਧਾਰਣਾ ਕਿਵੇਂ ਨਿਯਮਤ ਤਰੀਕੇ ਨਾਲ ਆਪਣਾ ਰੂਪ ਬਦਲ ਲੈਂਦੀਆਂ ਹਨ, ਜਿਵੇਂ-ਜਿਵੇਂ ਚੇਤਨਤਾ ਦਾ ਵਿਸਤਾਰ ਹੁੰਦਾ ਹੈ, ਇਨ੍ਹਾਂ ਦਾ ਰੂਪ ਪਰਿਵਰਤਨ ਹੁੰਦਾ ਹੈ।

**ਇਕ ਨਵਾਂ ਦ੍ਰਿਸ਼ਟੀਕੋਣ**

ਸਭ ਤੋਂ ਵੱਡਾ ਬਦਲਾਵ ਜਿਹੜਾ ਚੇਤਨਤਾ ਦੇ ਵਿਸਤਾਰ ਨਾਲ ਆਉਂਦਾ ਹੈ ਉਹ ਇਹ ਹੈ ਇਕ ਸੀਮਤ, ਤੰਗ ਦ੍ਰਿਸ਼ਟੀ ਤੋਂ ਬਦਲ ਕੇ ਵਧੇਰੇ ਵਿਆਪਕ ਤੇ ਸੰਮਿਲਿਤ ਦ੍ਰਿਸ਼ਟੀ ਹੋ ਜਾਂਦੀ ਹੈ। ਜਦੋਂ ਚੇਤਨਤਾ ਦੀ ਰੋਸ਼ਨੀ ਥੋੜ੍ਹੀ ਹੋਵੇ, ਘੱਟ ਹੋਵੇ ਜਿੱਥੇ ਇਹ ਰੋਸ਼ਨੀ ਨਹੀਂ ਪਏਗੀ ਜਿਹੜੀ ਚੀਜ਼ ਉਸ ਦਾਇਰੇ ਅੰਦਰ ਨਹੀਂ ਆਏਗੀ, ਉਹ ਓਪਰੀ ਹੀ ਰਹਿ ਜਾਏਗੀ। ਇਸ ਤਰ੍ਹਾਂ ਨਾਲ ਜਿਸ ਮਨੁੱਖ ਦੀ ਚੇਤਨਤਾ ਦਾ ਵਿਸਤਾਰ ਨਹੀਂ ਹੋਇਆ ਹੋਵੇਗਾ ਉਹ ਸੰਸਾਰ ਨੂੰ ਬੜੇ ਹੀ ਹਉਮੈ ਕੇਂਦਰਿਤ ਹੋ ਕੇ ਦੇਖੇਗਾ ਸ੍ਵੈ ਕੇਂਦਰਿਤ ਹੋ ਕੇ ਦੇਖੇਗਾ, ਜਿਸ ਨਾਲ ਉਹ ਦੂਸਰਿਆਂ ਦੇ ਵਿਚਾਰਾਂ ਦੀ, ਦੂਸਰਿਆਂ ਦੀਆਂ ਸਮੱਸਿਆਵਾਂ ਦੀ ਕਦਰ ਕਰ ਹੀ ਨਹੀਂ ਸਕਦਾ। ਇਸ ਤਰ੍ਹਾਂ ਦੇ ਮਨੁੱਖ ਦੇ ਜੀਵਨ ਵਿਚ ਬਹੁਤ ਦਵੰਦ ਪੈਦਾ ਹੋ ਜਾਂਦਾ ਹੈ, ਵਿਸ਼ੇਸ਼ ਕਰਕੇ ਜਦੋਂ ਉਹ ਆਪਣੇ ਆਲੇ ਦੁਆਲੇ ਦੇ ਲੋਕਾਂ ਨਾਲ ਸੰਪਰਕ ਪੈਦਾ ਕਰਦਾ ਹੈ।

ਇਹੋ ਜਿਹੇ ਮਨੁੱਖ ਦੇ ਮਨ ਦੇ ਅੰਦਰ ਦੇ ਲੱਛਣ ਵਿਸ਼ੇਸ਼ਤਾਵਾਂ ਬਾਹਰ ਦੇ ਅਨੁਭਵ ਦੀ ਏਕਤਾ ਤੇ ਸੰਗਠਨ ਦੇ ਨਾਂ ਹੋਣ ਤੇ ਝਲਕ ਪਾਉਂਦੀਆਂ ਹਨ ਦਿਸਦੀਆਂ ਹਨ ਕਿ ਮਨੁੱਖ ਦਾ ਅੰਤਰ ਦਵੰਦ ਦਾ ਭਰਿਆ ਪਿਆ ਹੈ। ਜੇ ਚੇਤਨਤਾ ਦਾ ਵਿਕਾਸ ਵਿਸਾਤਰ ਨਾ ਹੋਇਆ ਹੋਵੇ ਤਾਂ ਅਚੇਤ ਮਨ ਹੀ ਵਿਸਤ੍ਰਿਤ ਰਹਿੰਦਾ ਹੈ। ਵਿਚਾਰ, ਇਛਾਵਾਂ, ਸ੍ਵੈ ਧਾਰਨਾਵਾਂ ਟੋਟੇ-ਟੋਟੇ ਹੋਈਆਂ ਰਹਿੰਦੀਆਂ ਹਨ, ਇਕ ਦੂਸਰੇ ਨਾਲ ਭਿੜਦੀਆਂ ਰਹਿੰਦੀਆਂ ਹਨ। ਇਹ ਸਭ ਬਹੁਤ ਹੀ ਧੁੰਦਲੇ ਤੇ ਬੇਅਰਥ ਦਿਸਣ ਲਗ ਪੈਂਦੇ ਹਨ ਤੇ ਬਹੁਤ ਬੇਕਾਬੂ ਤੇ ਬੇਸੁਰੇ ਹੋ ਜਾਂਦੇ ਹਨ। ਇਸ ਤਰ੍ਹਾਂ ਦੀ ਸਾਡੇ ਅੰਦਰ ਦੀ ਅਨੇਕਤਾ, ਸਾਡੀ ਦੂਸਰਿਆਂ ਨਾਲ ਭੇਦਤਾ ਸਾਡਾ ਆਪਣੇ ਆਲੇ ਦੁਆਲੇ ਨਾਲ ਬੇਸੁਰਾਪਨ ਹੋਣ ਨਾਲ ਸਾਡੇ ਅੰਦਰ ਸੰਵੇਗਕ ਅਸਿਥਰਤਾ, ਡਰ, ਭੈ ਪਰੇਸ਼ਾਨੀ ਦੇ ਨਾਲ ਸਾਰਾ ਜੀਵਨ ਹੀ ਪਰੇਸ਼ਾਨੀਆਂ ਤੇ ਬੇਚੈਨੀਆਂ ਨਾਲ ਭਰ ਜਾਂਦਾ ਹੈ। ਪਰ ਜਿਸ ਤਰ੍ਹਾਂ ਹੀ ਚੇਤਨਤਾ ਦਾ ਵਿਸਤਾਰ ਹੁੰਦਾ ਹੈ, ਇਕ ਸੰਗਠਨ ਹੋਣਾ ਸ਼ੁਰੂ ਹੋ ਜਾਂਦਾ ਹੈ ਸਾਰੇ ਦਵੰਦ ਸਭ ਖਤਮ ਹੋ ਜਾਂਦੇ ਹਨ। ਜਿਸ ਤਰ੍ਹਾਂ ਹੀ ਚੇਤਨਾ ਦੀ ਰੋਸ਼ਨੀ ਤੀਖਣ ਹੁੰਦੀ ਹੈ ਸਾਨੂੰ ਸਭ ਕੁਝ ਅੰਦਰ ਬਾਹਰ ਆਪਣੇ ਵਾਸਤਵ ਰੂਪ ਵਿਚ ਦਿਸਣ ਲਗ ਪੈਂਦਾ ਹੈ, ਇਸ ਤਰ੍ਹਾਂ ਸੂਝ ਨਾਲ ਵਧੇਰੇ ਤਸੱਲੀ ਤੇ ਅਨੰਦ ਦਾ ਅਭਾਸ ਹੋਣ ਲਗ ਪੈਂਦਾ ਹੈ।

ਆਓ ਹੁਣ ਅਸੀਂ ਇਕ ਹੋਰ ਉਦਾਹਰਣ ਲਈਏ, ਤੁਸੀਂ

ਕਲਪਨਾ ਕਰੋ, ਤੁਸੀਂ ਇਕ ਗਹਿਰੀ ਵਾਦੀ ਵਿਚ ਗੁਆਚ ਗਏ ਹੋ ਤੁਹਾਡੇ ਆਲੇ ਦੁਆਲੇ ਬਹੁਤ ਹੀ ਸੰਘਣੇ ਦਰਖਤ ਹਨ, ਝਾੜੀਆਂ ਹਨ। ਤੁਸੀਂ ਕੇਵਲ ਥੋੜ੍ਹੀ ਦੂਰ ਤੱਕ ਹੀ ਦੇਖ ਸਕਦੇ ਹੋ ਕਿਉਂਕਿ ਹਨ੍ਹੇਰਾ ਹੈ ਘਣਾ ਜੰਗਲ ਹੈ ਸੋ ਦਿਸਦਾ ਹੀ ਕੁਝ ਨਹੀਂ। ਤੁਸੀਂ ਇਸ ਸੋਚ ਵਿਚ ਹੋ ਕੇ ਤੁਸੀਂ ਕਿਵੇਂ ਆਪਣਾ ਬਚਾਅ ਕਰੋਗੇ? ਕਿਵੇਂ ਤੁਸੀਂ ਆਪਣੇ ਖਾਣ ਪੀਣ ਦਾ ਪ੍ਰਬੰਧ ਦੇਖੋਗੇ, ਪਾਣੀ ਕਿਥੇ ਹੋਵੇਗਾ ਭਾਵ ਤੁਸੀਂ ਆਪਣੇ ਆਪ ਨੂੰ ਕਿਵੇਂ ਸੁਰਖਿਅਤ ਰੱਖ ਸਕਦੇ ਹੋ, ਜੰਗਲੀ ਜਾਨਵਰਾਂ ਤੋਂ ਕਿਵੇਂ ਬਚੋਗੇ। ਤੁਸੀਂ ਡਰਦੇ ਹੋ, ਤੁਸੀਂ ਨਿਰਾਸ਼ ਹੁੰਦੇ ਹੋ, ਉਪਰਾਮ ਹੁੰਦੇ ਹੋ। ਸੋਚਦੇ ਹੋ, ਕੀ ਤੁਸੀਂ ਕਦੇ ਬਾਹਰ ਨਿਕਲ ਸਕੋਗੇ ਇਥੋਂ ਬਾਹਰ ਰਾਹ ਲੱਭ ਜਾਏਗਾ ਕਿ ਨਹੀਂ।

ਬਹੁਤ ਕੋਸ਼ਿਸ਼ ਕਰਕੇ ਤੁਸੀਂ ਘਾਟੀ ਦੇ ਉਪਰ ਚੜ੍ਹਦੇ ਹੋ ਜਿਸਦੇ ਚਾਰੋਂ ਪਾਸੇ ਵਾਦੀ ਹੈ, ਉਥੇ ਪਹੁੰਚ ਕੇ ਤੁਹਾਡੀ ਸਚੇਤਨਤਾ ਦਾ ਖੇਤਰ ਵਿਕਸਿਤ ਹੁੰਦਾ ਹੈ ਤੁਸੀਂ ਥੱਲੇ ਵਾਦੀ ਨੂੰ ਬਹੁਤ ਚੰਗੀ ਤਰ੍ਹਾਂ ਸਫਾਈ ਨਾਲ ਦੇਖ ਸਕਦੇ ਹੋ, ਤੁਸੀਂ ਉਹ ਜਗ੍ਹਾ ਦੇਖ ਸਕਦੇ ਹੋ ਜਿਥੇ ਤੁਸੀਂ ਸੀ। ਇਥੋਂ ਤੁਸੀਂ ਦੇਖਦੇ ਹੋ ਇਕ ਨਦੀ ਹੈ ਕੁਝ ਇਕ ਫਲਾਂ ਦੇ ਦਰਖਤ ਵੀ ਹਨ, ਉਸ ਤੋਂ ਕੇਵਲ ਥੋੜ੍ਹੀ ਦੂਰ ਜਿਥੇ ਤੁਸੀਂ ਖੜ੍ਹੇ ਸੀ। ਜਦੋਂ ਤੁਸੀਂ ਘਾਟੀ ਵਿਚ ਖੜ੍ਹੇ ਸੀ ਤੁਹਾਨੂੰ ਨਾ ਤਾਂ ਨਦੀ ਦਾ ਪਤਾ ਸੀ, ਨਾ ਹੀ ਫਲਾਂ ਦੇ ਦਰਖਤਾਂ ਦਾ ਹੀ ਪਤਾ ਸੀ, ਕਿਉਂਕਿ ਤੁਸੀਂ ਉਨ੍ਹਾਂ ਨੂੰ ਦੇਖ ਹੀ ਨਹੀਂ ਸੀ ਸਕਦੇ ਇਸ ਕਰਕੇ ਤੁਹਾਨੂੰ ਪਤਾ ਹੀ ਨਹੀਂ ਸੀ ਕਿ ਇਹ ਸਭ ਕੁਝ ਵੀ ਹੈ। ਤੁਹਾਡਾ ਡਰ ਕਿ ਤੁਸੀਂ ਪਿਆਸੇ ਹੋ ਤੁਸੀਂ ਭੁੱਖੇ ਰਹੋਗੇ ਇਹ ਸਭ ਡਰ ਬਿਲਕੁਲ ਸੱਚੇ ਤੇ ਠੀਕ ਸੀ ਪਰ ਹੁਣ ਜਦੋਂ ਤੁਸੀਂ ਉਪਰ ਚੜ੍ਹ ਗਏ ਹੋ, ਸਭ ਕੁਝ ਤੁਹਾਨੂੰ ਸਾਫ ਦਿਸ ਰਿਹਾ ਹੈ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੀ ਚਿੰਤਾ ਤਾਂ ਬੇਕਾਰ ਹੀ ਸੀ ਐਵੇਂ ਸੀ ਇਹ ਸਮਸਿਆਵਾਂ ਤਾਂ ਤੁਸੀਂ ਆਪ ਹੀ ਬਣਾ ਲਈਆਂ ਸੀ, ਤੁਸੀਂ ਆਪਣੀ ਕਲਪਨਾ ਨਾਲ ਹੀ ਘੜ ਲਈਆਂ ਸੀ ਕਿਉਂਕਿ ਤੁਹਾਡੀ ਸਚੇਤਨਤਾ ਹੀ ਸੀਮਤ ਸੀ, ਤੁਹਾਡਾ ਦ੍ਰਿਸ਼ਟੀਕੋਣ ਹੀ ਸੀਮਤ ਸੀ।

ਜਿਸ ਪਹਾੜੀ ਤੇ ਤੁਸੀਂ ਹੁਣ ਖੜ੍ਹੇ ਹੋ ਉਥੋਂ ਤੁਸੀਂ ਹੋਰ ਉਚੇ ਪਹਾੜ ਵੀ ਦੇਖ ਸਕਦੇ ਹੋ, ਨਾਲ ਹੀ ਤੁਸੀਂ ਹੈਰਾਨ ਹੁੰਦੇ ਹੋ ਇਸ ਤੋਂ ਅੱਗੇ ਕੀ ਹੈ? ਭਾਵੇਂ ਤੁਹਾਡਾ ਦ੍ਰਿਸ਼ਟੀਕੋਣ ਪਹਿਲੇ ਨਾਲੋਂ ਕਿਤੇ ਵਧੇਰੇ ਵਿਕਸਿਤ ਹੋ ਚੁੱਕਾ ਹੈ ਪਰ ਅਜੇ ਵੀ ਉਹ ਪੂਰਮ ਨਹੀਂ ਅਜੇ ਵੀ ਤੁਸੀਂ ਆਪਣੇ ਆਈਨੇ ਵਿਚੋਂ ਰਾਹ ਦੇਖ ਰਹੇ ਹੋ ਕੋਈ ਆਸਰਾ, ਕੋਈ ਓਟ, ਸ਼ਰਨ ਲੱਭ ਰਹੇ ਹੋ।

ਭਾਵੇਂ ਤੁਹਾਡਾ ਦੇਖਣ ਦਾ ਖੇਤਰ ਵਿਸਤਾਰ ਹੋ ਗਿਆ ਹੈ ਤੁਹਾਡੀ ਤਾਂਘ ਘਟ ਗਈ ਹੈ ਪਰ ਅਜੇ ਬਹੁਤ ਸਾਰੀ ਅਨਨਿਸਚਤਾ ਬਾਕੀ ਹੈ ਇਸ ਕਾਰਣ ਤੁਸੀਂ ਹੋਰ ਵਧੇਰੇ ਲਾਹਾ ਖੱਟਣਾ ਚਾਹੁੰਦੇ ਹੋ, ਤੁਸੀਂ ਅੱਗੇ ਹੋਰ ਉਪਰ ਜਾਣਾ ਚਾਹੁੰਦੇ ਹੋ। ਉਪਰ ਪਹੁੰਚਣ ਲਈ ਹੋਰ ਵਧੇਰੇ ਸਮਾਂ ਲਗਦਾ ਹੈ ਵਧੇਰੇ ਮਿਹਨਤ ਲਗਦੀ ਹੈ, ਪਰ ਅੰਤ ਨੂੰ ਜਦੋਂ ਤੁਸੀਂ ਹੋਰ ਉਪਰ ਪਹੁੰਚਦੇ ਹੋ ਤੁਸੀਂ ਥੱਕੇ ਹੁੰਦੇ ਹੋ, ਤੁਹਾਡੀ ਮਿਹਨਤ ਨੂੰ ਫਲ ਲਗਦਾ ਹੈ, ਤੁਹਾਡਾ ਦ੍ਰਿਸ਼ਟੀਕੋਣ ਹੋਰ ਵਧੇਰੇ ਵਿਕਸਿਤ ਹੁੰਦਾ ਹੈ, ਤੁਸੀਂ ਬਹੁਤ ਹੀ ਖੁਸ਼ ਹੁੰਦੇ ਹੋ, ਤੁਸੀਂ ਦੇਖਦੇ ਹੋ ਕਿ ਪੈਦਲ ਚੱਲਣ ਲਈ ਪੂਰੀ ਸੜਕ ਹੈ ਉਸ ਤੋਂ ਅੱਗੇ ਤੁਸੀਂ ਦੇਖਦੇ ਹੋ ਕੁਝ ਤੰਬੂ ਲੱਗੇ ਹੋਏ ਹਨ ਕੁਝ ਲੋਕ ਕੈਂਪ ਲਗਾ ਰਹੇ ਹਨ।

ਹਰ ਵਾਰੀ ਜਦੋਂ ਤੁਸੀਂ ਉਪਰ ਜਾਂਦੇ ਹੋ ਤੁਹਾਡਾ ਦ੍ਰਿਸ਼ਟੀਕੋਣ ਫੈਲਦਾ ਹੈ, ਵਧਦਾ ਹੈ, ਸਾਰੀ ਘਟਨਾ ਹੀ ਬਦਲ ਜਾਂਦੀ ਹੈ। ਤੁਸੀਂ ਸਭ ਕੁਝ ਹੋਰ ਵਧੇਰੇ ਸਪਸ਼ਟ ਸਾਫ ਦੇਖਦੇ ਹੋ ਤੁਸੀਂ ਨਿਸਚਿੰਤ ਹੋ ਜਾਂਦੇ ਹੋ ਤੁਹਾਡੀ ਤਾਂਘ ਖਤਮ ਹੋ ਜਾਂਦੀ ਹੈ ਤੁਸੀਂ ਆਪਣੇ ਆਲੇ ਦੁਆਲੇ ਨਾਲ ਜੁੜ ਜਾਂਦੇ ਹੋ, ਤੁਸੀਂ ਹੁਣ ਚਿੰਤਤ ਨਹੀਂ ਹੋ ਤੁਸੀਂ ਹੁਣ ਇਹ ਨਹੀਂ ਸੋਚਦੇ ਇਹ ਕਿਵੇਂ ਹੈ ਹੁਣ ਤੁਹਾਡੀ ਕਲਪਨਾ ਵੀ ਖਤਮ ਹੋ ਗਈ, ਹੁਣ ਤਾਂ ਤੁਸੀਂ ਉਸ ਦੇ ਸਾਂਝੀਵਾਲ ਹੋ, ਹੁਣ ਤੁਹਾਡੀ ਸਚੇਤਨਤਾ ਪੂਰੀ ਤਰ੍ਹਾਂ ਨਾਲ ਵਿਕਸਿਤ ਹੋ ਗਈ ਹੈ ਹੁਣ ਉਹ ਸੀਮਤ ਨਹੀਂ ਰਹੀ।

ਮਨੁੱਖ ਦੇ ਵਿਕਾਸ ਦਾ ਸਾਰਾ ਤਰੀਕਾ ਮਨੁੱਖ ਦੇ ਦ੍ਰਿਸ਼ਟੀਕੋਣ ਨੂੰ ਵਿਸਤ੍ਰਿਤ ਕਰਨ ਵਿਚ ਹੀ ਸਮਝਿਆ ਜਾ ਸਕਦਾ ਹੈ, ਜੇ ਅਸੀਂ ਆਪਣੀ ਸਭਿਅਤਾ ਦੇ ਇਤਿਹਾਸ ਨੂੰ ਦੇਖੀਏ ਜਾਂ ਬੱਚੇ ਦੇ ਵਿਕਾਸ ਨੂੰ ਦੇਖੀਏ ਅਸੀਂ ਇਕ ਤਰ੍ਹਾਂ ਦਾ ਨਕਸ਼ਾ ਦੇਖ ਸਕਦੇ ਹਾਂ। ਇਕ ਰੂਪ ਰੇਖਾ ਦੇਖ ਸਕਦੇ ਹਾਂ, ਉਸ ਦੇ ਨਾਲ ਹੀ ਸਾਡਾ ਸੰਦਰਭ ਚਲਦਾ ਹੈ, ਵਧਦਾ ਹੈ। ਪਹਿਲੇ ਪਹਿਲ ਸਾਡੇ ਦੇਖਣ ਦੀ ਸੀਮਾ ਘਟਦੀ ਹੈ, ਅਸੀਂ ਆਪਣੇ ਅਹੰਕਾਰ ਵਿਚ ਹੁੰਦੇ ਹਾਂ। ਸੰਸਾਰ ਨੂੰ ਅਸੀਂ ਆਪਣੇ ਆਲੇ ਦੁਆਲੇ ਹੀ ਦੇਖਦੇ ਹਾਂ, ਆਪਣੇ ਅਨੁਸਾਰ ਦੇਖਦੇ ਹਾਂ, ਆਪਣੀਆਂ ਨਿਗ੍ਹਾ ਰਾਹੀਂ ਹੀ ਦੇਖਦੇ ਹਾਂ। ਹੌਲੀ-ਹੌਲੀ ਜਦੋਂ ਚੇਤਨਾ ਦਾ ਵਿਸਤਾਰ ਹੁੰਦਾ ਹੈ ਅਸੀਂ ਘਟ ਸਵੈ ਕੇਂਦਰਤ ਹੋ ਜਾਂਦੇ ਹਾਂ, ਛੋਟੀਆਂ-ਛੋਟੀਆਂ ਗੱਲਾਂ ਵਿਚ ਘੱਟ ਉਲਝਦੇ ਹਾਂ। ਇਸ ਤਰ੍ਹਾਂ ਨਾਲ ਅਸੀਂ ਵਧੇਰੇ ਦੂਰ ਤੱਕ ਆਪਣਾ ਅਦਾਰਾ ਵਧਾ ਸਕਦੇ ਹਾਂ।

ਪੱਛਮੀ ਵਿਗਿਆਨ ਵਿਚ ਤੁਹਾਨੂੰ ਬਹੁਤ ਸਾਰੇ ਉਦਾਹਰਣ ਮਿਲ ਜਾਣਗੇ, ਕਿਵੇਂ ਚੇਤਨਤਾ ਦਾ ਪਸਾਰਾ ਹੁੰਦਾ ਹੈ, ਕਿਵੇਂ ਸਵੈ ਕੇਂਦਰਤ ਤੋਂ ਅਸੀਂ ਨਿਰਸੁਆਰਥੀ ਬਣਦੇ ਹਾਂ। ਉਦਾਹਰਣ ਵਜੋਂ ਇਕ ਸਮਾਂ ਸੀ ਜਦੋਂ ਮਨੁੱਖ ਨੇ ਇਹ ਸੋਚਿਆ ਸੀ ਕਿ ਧਰਤੀ ਵਿਸ਼ਵ ਦਾ ਧੁਰਾ ਹੈ, ਸੂਰਜ, ਦੂਸਰੇ ਗ੍ਰਹਿ ਤੇ ਤਾਰੇ ਧੁਰੇ ਦੇ ਆਲੇ ਦੁਆਲੇ ਘੁੰਮਦੇ ਹਨ। ਜਿਹੜਾ ਵੀ ਕੁਝ ਦੂਸਰੀ ਤਰ੍ਹਾਂ ਨਾਲ ਸੋਚਦਾ ਸੀ ਉਸ ਨੂੰ ਕਾਫਰ ਸਮਝਿਆ ਜਾਂਦਾ ਸੀ। ਫੇਰ ਕੋਪਰਨੀਕਸ ਨੇ ਇਕ ਬਹੁਤ ਭਾਰਾ ਬਦਲਾਵ ਲਿਆਦਾ, ਉਸ ਨੇ ਇਹ ਪੁਸ਼ਟੀ ਕੀਤੀ ਕਿ ਗ੍ਰਹਿ, ਸੂਰਜ, ਤਾਰੇ ਇਹ ਸਭ ਧਰਤੀ ਦੇ ਆਲੇ ਦੁਆਲੇ ਨਹੀਂ ਘੁੰਮਦੇ, ਵਾਸਤਵ ਵਿਚ ਧਰਤੀ ਸੂਰਜ ਦੇ ਆਲੇ ਦੁਆਲੇ ਘੁੰਮਦੀ ਹੈ। ਥੋੜ੍ਹੀ ਦੇਰ ਪਹਿਲਾਂ ਜਿਵੇਂ ਸਾਡਾ ਦ੍ਰਿਸ਼ਟੀਕੋਣ ਵਧੇਰੇ ਹਉਮੈ ਤੇ ਕੇਂਦਰਿਤ ਹੋਇਆ ਅਸੀਂ ਇਹ ਜਾਣਿਆ ਕਿ ਸਾਡਾ ਸੂਰਜ ਦਾ ਸਾਰਾ ਤਰੀਕਾ ਇਕ ਬਹੁਤ ਵੱਡੀ ਅਕਾਸ਼ ਗੰਗਾ ਦਾ ਹੀ ਹਿੱਸਾ ਹੈ, ਇਹ ਆਪਣੇ ਆਪ ਵਿਚ ਇਕ ਹੀ ਹੈ। ਜਿਵੇਂ ਹੀ ਸਾਡਾ ਵਿਸ਼ਵ ਬਾਰੇ ਗਿਆਨ ਵਧਦਾ ਹੈ ਅਸੀਂ ਇਹ ਸਮਝ ਜਾਂਦੇ ਹਾਂ ਕਿ ਅਸੀਂ ਧੁਰਾ ਨਹੀਂ ਹਾਂ। ਅਸੀਂ ਸਭ ਕੁਝ ਨੂੰ ਵਧੇਰੇ ਵਿਸ਼ਨਿਸ਼ਠਾ ਨਾਲ ਦੇਖਣ ਲਗ ਪੈਂਦੇ ਹਾਂ, ਇਹ ਸਮਝਣ ਲਗ ਪੈਂਦੇ ਹਾਂ ਕਿ ਵਿਸ਼ਵ ਦਾ ਹਰ ਅੰਗ ਕਿਵੇਂ ਇਕ ਦੂਸਰੇ ਨਾਲ ਜੁੜਿਆ ਹੋਇਆ ਹੈ ਇਕ ਦਾ ਦੂਸਰੇ ਨਾਲ ਕਿੰਨਾ ਗਹਿਰਾ ਸਬੰਧ ਹੈ।

ਵਿਗਿਆਨ ਦੇ ਦੂਸਰੇ ਹਿਸਿਆਂ ਵਿਚ ਵੀ ਇਹੋ ਜਿਹੇ ਵਿਕਾਸ ਦੇਖਣ ਵਿਚ ਆਏ ਹਨ ਜਿਹੜੇ ਕਿ ਵਧੇਰੇ ਵੱਡੇ

ਦਰਜੇ ਤੇ ਹਨ ਆਈਨਸਟਾਈਨ ਦੀ ਸਾਪੇਖਤਾ ਦੀ ਧਾਰਣਾ ਬਹੁਤ ਅੱਗੇ ਦੀ ਸੋਚ ਹੈ, ਮਨੁੱਖੀ ਕੇਂਦਰਤ ਅਵਸਥਾ ਤੋਂ ਅੱਗੇ ਦੀ ਗੱਲ ਹੈ। Nwton ਦੀ ਧਾਰਣਾ ਸਾਨੂੰ ਆਪਣੇ ਆਪ ਤੋਂ ਵੱਖ ਹੋ ਕੇ ਦੇਖਣ ਲਈ ਪ੍ਰੇਰਦੀ ਹੈ। ਜੀਵ ਵਿਗਿਆਨ, ਮਨੋਵਿਗਿਆਨ ਇਹ ਸਾਰੇ ਮਾਨਵ ਕੇਂਦਰ ਤੋਂ ਪਰ੍ਹੇ ਹੋ ਗਏ। Darwin ਤੇ Lamarck ਨੇ ਮਨੁੱਖ ਦੀ ਅਨੋਖੀ ਹੋਂਦ ਦੀ ਪਰੰਪਰਾ ਨੂੰ ਵੰਗਾਰਿਆ ਤੇ ਕਿਹਾ ਮਨੁੱਖ ਦੀ ਦੂਸਰੀਆਂ ਜਾਤੀਆਂ ਤੇ ਕੋਈ ਵਿਸ਼ੇਸ਼ਤਾ ਨਹੀਂ ਹੈ। ਇਸੇ ਤਰ੍ਹਾਂ Freud ਨੇ ਇਸ ਗਲ ਨੂੰ ਵੰਗਾਰਿਆ ਕਿ ਮਨੁੱਖ ਕਿਸੇ ਤਰ੍ਹਾਂ ਨਾਲ ਵੀ ਤਰਕਸ਼ੀਲ ਬੋਧਿਕ ਪ੍ਰਾਣੀ ਨਹੀਂ ਹੈ ਉਸ ਦਾ ਆਪਣੇ ਉਪਰ ਪੂਰਾ-ਪੂਰਾ ਕਾਬੂ ਨਹੀਂ ਹੈ ਜੋ ਕਿ ਉਦੋਂ ਦੇ ਵਿਚਾਰ ਅਨੁਸਾਰ ਮੰਨਿਆ ਜਾਂਦਾ ਸੀ ਕਿ ਮਨੁੱਖ ਦਾ ਆਪਣੇ ਕਰਮਾਂ ਤੇ ਆਪਣੇ ਫੈਸਲੇ ਤੇ ਪੂਰਾ-ਪੂਰਾ ਕਾਬੂ ਹੈ। ਇਨ੍ਹਾਂ ਸਾਰੀ ਧਾਰਨਾਵਾਂ ਵਿਚ ਇਨ੍ਹਾਂ ਸਾਰੇ ਵਿਚਾਰ ਖੇਤਰਾਂ ਵਿਚ ਜਿਵੇਂ-ਜਿਵੇਂ ਸਾਡਾ ਗਿਆਨ ਵਧਿਆ ਹੈ, ਮਨੁੱਖ ਦੀ 'ਮੈਂ' ਜੋ ਕਿ ਉਸ ਦਾ ਧੁਰਾ ਸੀ ਇਹ ਸੋਚ ਸੀ ਕਿ ਮੈਂ ਸਭ ਕੁਝ ਹਾਂ ਕਰ ਸਕਦਾ ਹਾਂ। ਉਸ ਦੀ ਥਾਂ ਵਧੇਰੇ ਵਿਸ਼ਾਲ ਵਿਚਾਰਾਂ ਨੇ ਲੈ ਲਈ ਜਿਸ ਨਾਲ ਮਨੁੱਖ ਇਹ ਦੇਖਣ ਦੇ ਕਾਬਲ ਹੋ ਗਿਆ ਕਿ ਉਹ ਪੂਰੇ ਵਾਤਾਵਰਣ ਦਾ ਪੂਰੀ ਕੁਦਰਤ, ਪੂਰੀ ਕਾਇਨਾਤ ਦਾ ਹਿਸਾ ਹੈ।

ਜੇ ਅਸੀਂ ਕਲਾ ਦਾ ਇਤਿਹਾਸ ਦੇਖੀਏ ਅਸੀਂ ਦੇਖਾਂਗੇ ਕਿ ਕਿਵੇਂ ਮਨੁੱਖ ਦੀ ਚੇਤਨਤਾ ਵਿਚ ਭਾਂਤ-ਭਾਂਤ ਦੇ ਬਹੁਖੰਡੀ ਦ੍ਰਿਸ਼ਟੀਕੋਣ ਦੀ ਪ੍ਰਸੰਸਾ ਲਈ ਵਾਧਾ ਹੋਇਆ ਹੈ। ਜੇ ਅਸੀਂ ਪਹਿਲਾਂ ਦੀਆਂ ਰਚਨਾਵਾਂ ਦੇਖੀਏ, ਅਸੀਂ ਦੇਖਾਂਗੇ ਉਨ੍ਹਾਂ ਦਾ ਕੋਈ ਇਕ ਖਾਸ ਦ੍ਰਿਸ਼ਟੀਕੋਣ ਨਹੀਂ ਹੁੰਦਾ। ਸੰਸਾਰ ਨੂੰ ਕੇਵਲ ਦੋ ਸਿੱਧੇ ਆਕਾਰ ਜਾਂ ਘੇਰੇ ਰਾਹੀਂ ਚਿਤਰਆਤਮਕ ਕਰਦੇ ਸੀ ਜਿਵੇਂ-ਜਿਵੇਂ ਚਿਤਰ ਕਲਾ ਵਿਸਤ੍ਰਿਤ ਹੁੰਦੀ ਗਈ ਉਸ ਤਰ੍ਹਾਂ ਦ੍ਰਿਸ਼ਟੀਕੋਣ ਤੇ ਕਮਾਲ ਪ੍ਰਾਪਤੀ ਹੁੰਦੀ ਰਹੀ। ਅੱਜ ਦੇ ਕਲਾਕਾਰ ਕੇਵਲ ਇਕ ਹੀ ਦ੍ਰਿਸ਼ਟੀਕੋਣ ਦੇ ਗੁਲਾਮ ਨਹੀਂ ਹਨ ਉਹ ਕੇਵਲ ਇਕ ਦ੍ਰਿਸ਼ਟੀਕੋਣ ਦੇ ਬੱਧੇ ਨਹੀਂ ਰਹਿੰਦੇ, ਉਹ ਆਪਣੇ ਚਿੱਤਰਾਂ ਨੂੰ ਬਹੁਪੱਖੀ ਦ੍ਰਿਸ਼ਟੀਕੋਣ ਤੋਂ ਦਰਸਾਉਂਦੇ ਹਨ। ਉਹ ਦਸਦੇ ਹਨ ਕਿ ਇਕੋ ਹੀ ਦ੍ਰਿਸ਼ ਨੂੰ ਪੂਰੀ ਤਰ੍ਹਾਂ ਨਾਲ ਵਿਕਲਪ ਅਨੁਭਵਾਂ ਨਾਲ ਪ੍ਰਮਾਣਿਤ ਕੀਤਾ ਜਾ ਸਕਦਾ ਹੈ।

ਜੇ ਅਸੀਂ ਮਨੁੱਖ ਦਾ ਵਿਕਾਸ ਦੇਖੀਏ ਸਾਨੂੰ ਇਹੋ ਜਿਹਾ ਪ੍ਰਤੀਰੂਪ ਦੇਖਣ ਵਿਚ ਆਏਗਾ। Jean piaget ਇਕ ਬਹੁਤ ਪ੍ਰਮੁੱਖ ਮਨੋਵਿਗਿਆਨਕ ਹੋਏ ਹਨ ਉਨ੍ਹਾਂ ਦਾ ਖੇਤਰ ਬੱਚਿਆਂ ਦਾ ਵਿਕਾਸ ਹੀ ਰਿਹਾ ਹੈ, ਉਹ ਦਸਦੇ ਹਨ ਵਿਕਾਸ ਦਾ ਤਰੀਕਾ ਇਕ ਬਿਲਕੁਲ ਸਵੈ ਕੇਂਦਰ ਤੋਂ ਹਟ ਕੇ ਹੈ। piaget ਦੇ ਵਿਚਾਰਾਂ ਨੂੰ ਇਕ ਮਨੋਵਿਗਿਆਨ ਨੇ ਇਸ ਤਰ੍ਹਾਂ ਦਰਸਾਇਆ ਹੈ।

ਇਕ ਬੱਚਾ ਸੋਚਦਾ ਹੈ ਕਿ ਜੋ ਕੁਝ ਉਸ ਦੇ ਆਸ ਪਾਸ ਹੈ ਉਹ ਇਸ ਕਰਕੇ ਹੈ ਕਿਉਂਕਿ ਉਹ ਉਨ੍ਹਾਂ ਚੀਜ਼ਾਂ ਨੂੰ ਦੇਖ ਸਕਦਾ ਹੈ, ਪਕੜ ਸਕਦਾ ਹੈ, ਹੱਥ ਲਗਾ ਸਕਦਾ ਹੈ। ਇਸ ਅਵਸਥਾ ਤੋਂ ਬਾਅਦ ਹੀ ਜਦੋਂ ਉਹ ਥੋੜ੍ਹਾ ਵੱਡਾ ਹੋ ਜਾਂਦਾ ਹੈ, ਸਮਝਣ ਲਗ ਪੈਂਦਾ ਹੈ, ਫੇਰ ਉਹ ਆਪਣੇ ਆਪ ਨੂੰ ਵੀ ਇਕ ਵਸਤੂ ਸਮਝਣ ਲਗ ਪੈਂਦਾ ਹੈ, ਫੇਰ ਉਹ ਆਪਣੇ ਆਪ ਨੂੰ ਵਿਸ਼ਵ ਦਾ ਹੀ ਇਹ ਹਿੱਸਾ ਜਾਣ ਲੈਂਦਾ ਹੈ।

ਸਵੈ ਕੇਂਦਰਤ ਹੋਣ ਕਾਰਣ ਬੱਚੇ ਦਾ ਸਾਰਾ ਵਿਵਹਾਰ ਨਿੱਜਤਵ ਹੀ ਹੁੰਦਾ ਹੈ, ਬੱਚਾ ਇਹ ਦੇਖ ਹੀ ਨਹੀਂ ਸਕਦਾ, ਸੋਚ ਹੀ ਨਹੀਂ ਸਕਦਾ ਕਿ ਦੂਸਰੇ ਕੋਈ ਉਸ ਤੋਂ ਫਰਕ ਹਨ, ਉਨ੍ਹਾਂ ਦਾ ਆਪਣਾ ਵੀ ਕੋਈ ਵਿਚਾਰ ਹੋ ਸਕਦਾ ਹੈ, ਉਹ ਵਿਚਾਰ ਉਸ ਦੇ ਵਿਚਾਰ ਤੋਂ ਅਲੱਗ ਹੈ।

ਇਹ ਮਨੋਵਿਗਿਆਨ ਦਸਦੇ ਹਨ ਕਿ ਵਾਸਤਵ ਵਿਚ ਬੱਚਾ ਜਦੋਂ ਸੱਤ ਸਾਲ ਦਾ ਹੋ ਜਾਂਦਾ ਹੈ ਉਦੋਂ ਹੀ ਉਹ ਦੂਸਰੇ ਬੱਚਿਆਂ ਨਾਲ ਠੀਕ ਤਰ੍ਹਾਂ ਨਾਲ ਗੱਲਬਾਤ ਕਰ ਸਕਦਾ ਹੈ ਉਸਨੂੰ ਇਸ ਗੱਲ ਦੀ ਸਮਝ ਆ ਜਾਂਦੀ ਹੈ ਕਿ ਉਹ ਇਕ ਵੱਖ ਵਿਅਕਤੀ ਹੈ ਉਸ ਦਾ ਆਪਣੇ ਵਿਚਾਰ ਹਨ, ਦੂਸਰੇ ਵੱਖ ਹਨ ਉਨ੍ਹਾਂ ਦਾ ਆਪਣਾ ਆਪਣਾ ਵਿਚਾਰ ਹੈ।

ਇਸ ਤਰ੍ਹਾਂ ਨਾਲ ਅਸੀਂ ਦੇਖਦੇ ਹਾਂ ਕਿ ਮਨੋਵਿਗਿਆਨ ਦੇ ਇਤਿਹਾਸ ਕਲਾ ਦਾ ਇਤਿਹਾਸ, ਮਨੁੱਖ ਦੇ ਆਪਣੇ ਵਿਕਾਸ ਇਨ੍ਹਾਂ ਸਾਰਿਆਂ ਵਿਚ ਇਕ ਸਾਂਝਾ ਝੁਕਾਅ ਹੈ ਇਕ ਸਾਂਝਾ ਰੁਖ ਹੈ ਜਿਹੜਾ ਸਵੈਕੇਂਦਰਤ ਤੋਂ ਹਟ ਕੇ ਜਿਹੜਾ ਵਧੇਰੇ ਕੋਮਲ ਹੈ ਜਿਸ ਵਿਚ ਬਹੁਤ ਸਾਰੇ ਵੱਖ-ਵੱਖ ਪ੍ਰਸਤਾਵ ਇਕੋ ਸਮੇਂ ਰੱਖੇ ਜਾ ਸਕਦੇ ਹਨ। ਵਿਕਾਸ ਦਾ ਇਹ ਤਰੀਕਾ ਸਾਨੂੰ ਦਵੰਦ ਤੋਂ ਦੂਰ ਵਿਵਾਦ ਤੋਂ ਦੂਰ ਹਟਾ ਕੇ ਏਕਤਾ ਤੇ ਸੰਗਠਨ ਵਲ ਲੈ ਜਾਂਦਾ ਹੈ।

ਜਦੋਂ ਅਸੀਂ ਮਹਾਨ ਹਸਤੀਆਂ ਦੀਆਂ ਜੀਵਨੀਆਂ ਪੜ੍ਹਦੇ ਹਾਂ ਜਾਂ ਜੀਵਨ ਦੇਖਦੇ ਹਾਂ ਜਾਂ ਉਨ੍ਹਾਂ ਦੀਆਂ ਜੀਵਨੀਆਂ ਪੜ੍ਹਦੇ ਹਾਂ ਜਿਹੜੇ ਸਿਰਜਨਾਤਮਕ ਰਹੇ ਹਨ ਜਿਹੜੇ ਸੰਸਾਰ ਵਿਚ ਗਤੀਸ਼ੀਲ ਰਹੇ ਹਨ ਅਸੀਂ ਇਨ੍ਹਾਂ ਸਾਰਿਆਂ ਵਿਚ ਕੁਝ ਸਾਂਝੇ ਗੁਣ ਦੇਖਦੇ ਹਾਂ। ਇਹ ਸਾਰੇ ਹੀ ਵਿਅਕਤੀਗਤ ਤੋਂ ਹਟ ਕੇ ਸਮਾਨਤਾ ਵਲ ਸਰਬਵਿਆਪਕਤਾ ਵਲ ਗਏ ਹਨ। ਅਸੀਂ ਚੇਤਨਾ ਦਾ ਇਹ ਵਿਸਤਾਰ ਦੋ ਤਰ੍ਹਾਂ ਨਾਲ ਦੇਖਦੇ ਹਾਂ। ਸੰਤ, ਸਾਧੂ, ਅਧਿਆਤਮਕ ਆਗੂ ਚੇਤਨਾ ਦਾ ਵਿਸਤਾਰ ਆਪਣੇ ਅੰਦਰ ਦੀਆਂ ਡੂੰਘਾਈਆਂ ਹਰ ਪੱਧਰ ਤੇ ਪੂਰੀ ਤਰ੍ਹਾਂ ਨਾਲ ਸੰਪੂਰਨਤਾ ਨਾਲ ਦੇਖ ਕੇ, ਨਾਪ ਕੇ, ਆਪਣੇ ਸੂਖਮ ਪੱਧਰ ਤੇ ਲੈ ਜਾਂਦੇ ਹਨ ਅੰਤ ਵਿਚ ਅਤਿ ਸੂਖਮਤਾ ਦੇ ਬਿੰਦੂ ਤੇ ਪਹੁੰਚ ਜਾਂਦੇ ਹਨ, ਜੋ ਕਿ ਆਪਣੇ ਆਪ ਵਿਚ ਪਰਮ-ਸ਼ੁਭ ਹੈ, ਜੀਵਨ ਸ਼ਕਤੀ ਹੈ। ਇਸ ਤਰ੍ਹਾਂ ਦਾ ਵਿਸਤਾਰ ਕੇਵਲ ਅਧਿਆਤਮਕ ਹੀ ਹੈ ਇਹ ਅਧਿਆਤਮਕ ਮਹਾਂਪੁਰਖ ਵਿਚ ਹੀ ਹੁੰਦਾ ਹੈ ਜਿਵੇਂ ਈਸਾ ਜੀ, ਬੁੱਧ, ਕ੍ਰਿਸ਼ਨ ਜੀ। ਚੇਤਨਾ ਵਿਸਤਾਰ ਦਾ ਦੂਸਰਾ ਤਰੀਕਾ ਵਿਗਿਆਨੀਆਂ, ਕਲਾਕਾਰਾਂ, ਬੁੱਧੀਜੀਵੀਆਂ ਵਿਚ ਦੇਖਿਆ ਜਾਂਦਾ ਹੈ ਜਿਵੇਂ ਕਿ Newton, Einstein, Picasso, Keats ਤੇ Wordsworth ਇਨ੍ਹਾਂ ਸਭ ਦੀ ਚੇਤਨਾ ਦਾ ਵਿਸਤਾਰ ਬਾਹਰੀ ਹੈ। ਅਸੀਂ ਮਹਾਨ ਹਸਤੀਅੰ ਦੀਆਂ ਦੋ ਵੰਨਗੀਆਂ ਦੇਖਦੇ ਹਾਂ, ਇਕ ਪੂਰੇ ਸੰਸਾਰ ਨੂੰ ਵਿਆਪਕ ਸੰਸਾਰ ਵਿਚ, ਖੋਜਣਾ, ਪ੍ਰਯੋਗ ਕਰਨਾ ਫੇਰ ਕੁਝ ਨਿਰਣੇ ਲੈਣੇ। ਦੂਸਰਾ ਹੈ ਵੱਧ ਤੋਂ ਵੱਧ ਸੂਖਮ ਪੱਧਰ ਤੇ ਜਾ ਕੇ ਸੁਚੇਤ ਹੋਣਾ। ਉਨ੍ਹਾਂ ਦੀ ਖੋਜ ਦਾ ਉਦੇਸ਼ ਅਨੇਕਤਾ ਵਿਚ ਏਕਤਾ ਨੂੰ ਦੇਖਣਾ ਹੈ।

******

# ਸਮੁੱਚੀ ਅਰੋਗਤਾ ਲਈ ਪਥ-ਪਰਦਰਸ਼ਕ
## (Practical Guide to Holistic Health)

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

### ਅਧਿਆਇ ਦੂਜਾ

### ਅੰਤਰ ਨਿਰਮਲ ਕਰਨਾ

ਯੋਗ ਦੇ ਪੁਰਾਤਨ ਖਰੜਿਆਂ ਵਿਚ ਸਰੀਰ ਦੇ ਅੰਦਰ ਦੋ ਤਰ੍ਹਾਂ ਦੀ ਕ੍ਰਿਆਵਿਧੀ ਦੱਸੀ ਗਈ ਹੈ, ਇਕ ਸਰੀਰ ਨੂੰ ਸਾਫ ਕਰਨ ਦੀ ਦੂਸਰੀ ਸਰੀਰ ਨੂੰ ਬਲਵਰਧਕ ਬਣਾਉਣ ਲਈ। ਇਹ ਦੋਨੋਂ ਹੀ ਇਕ ਸਾਰ ਹੋ ਕੇ ਕੰਮ ਕਰਦੇ ਹਨ ਤੇ ਇਕ ਦੂਸਰੇ ਵਿਚ ਸੰਤੁਲਨ ਰਖਦੇ ਹਨ। ਸਰੀਰ ਨੂੰ ਸੁਅਸਥ ਬਨਾਉਣ ਲਈ ਯੋਗ ਦੀਆਂ ਹੱਥ ਲਿਖਤ ਪੁਸਤਕਾਂ ਪਹਿਲਾਂ ਸਰੀਰ ਦੀ ਸਫਾਈ ਬਾਰੇ ਦੱਸਦੀਆਂ ਹਨ ਭਾਵ ਫੇਫੜਿਆਂ, ਗੁਰਦੇ ਤੇ ਮਲ ਮੂਤਰ ਬਾਰੇ। ਤੁਹਾਨੂੰ ਦੇਖਣਾ ਚਾਹੀਦਾ ਹੈ ਕਿ ਫੇਫੜੇ ਪੂਰੀ ਤਰ੍ਹਾਂ ਨਾਲ ਇਕ ਸਾਰ ਹੋ ਕੇ ਫੈਲਣ, ਗੁਰਦੇ ਠੀਕ ਕੰਮ ਕਰਨ, ਰੋਮ ਠੀਕ ਤਰ੍ਹਾਂ ਨਾਲ ਕੰਮ ਕਰਨ, ਤੁਹਾਡੇ ਅੰਤਰ ਦੀਆਂ ਨਾੜਾਂ ਠੀਕ ਕੰਮ ਕਰਨ ਤੁਹਾਡਾ ਮਲਮੂਤਰ ਬਿਲਕੁਲ ਠੀਕ ਤਰ੍ਹਾਂ ਨਾਲ ਸਮੇਂ ਸਿਰ ਕੰਮ ਕਰਦਾ ਹੈ। ਤੁਹਾਨੂੰ ਆਪਣਾ ਸਾਰਾ ਅੰਦਰ ਦਾ ਸਫਾਈ ਦਾ ਸਿਧਾਂਤ ਸਮਝ ਲੈਣਾ ਚਾਹੀਦਾ ਹੈ, ਕਿਉਂਕਿ ਜੇਕਰ ਸਰੀਰ ਦੇ ਅੰਦਰ ਦੀ ਸਫਾਈ ਠੀਕ ਤਰ੍ਹਾਂ ਨਾਲ ਨਹੀਂ ਹੋਵੇਗੀ, ਉਸ ਦਾ ਕੰਟਰੋਲ ਠੀਕ ਨਹੀਂ ਹੋਵੇਗਾ ਤਾਂ ਬਲਵਰਧਕ ਵਿਭਾਗ ਆਪਣਾ ਕੰਮ ਠੀਕ ਤਰ੍ਹਾਂ ਨਾਲ ਨਹੀਂ ਕਰ ਸਕੇਗਾ, ਜਿਸ ਨਾਲ ਸਰੀਰ ਚਲ ਹੀ ਨਹੀਂ ਸਕੇਗਾ, ਸਰੀਰ ਖੇਰੂੰ-ਖੇਰੂੰ ਹੋ ਜਾਏਗਾ, ਮਿਸਾਲ ਵਜੋਂ ਤੁਸੀਂ ਸ੍ਵਾਸ ਅੰਦਰ ਲੈ ਹੀ ਨਹੀਂ ਸਕਦੇ ਜੇ ਤੁਸੀਂ ਸ੍ਵਾਸ ਬਾਹਰ ਨਹੀਂ ਕੱਢੋਗੇ। ਜੇ ਤੁਸੀਂ ਪਹਿਲਾਂ ਦਾ ਖਾਧਾ ਪੀਤਾ ਚੰਗੀ ਤਰ੍ਹਾਂ ਨਾਲ ਨਹੀਂ ਕੱਢੋਗੇ ਤੁਸੀਂ ਆਪਣਾ ਖਾਣ ਪੀਣਾ ਠੀਕ ਤਰ੍ਹਾਂ ਖਾ ਹੀ ਨਹੀਂ ਸਕੋਗੇ। ਸਰੀਰ ਦੀਆਂ ਇਨ੍ਹਾਂ ਕ੍ਰਿਆਵਿਧੀਆਂ ਨੂੰ ਰੋਕਣਾ ਕਿਸੇ ਕਿਸਮ ਦੀ ਰੁਕਾਵਟ ਪੈਦਾ ਕਰਨੀ ਜਾਂ ਇਨ੍ਹਾਂ ਕ੍ਰਿਆਵਿਧੀਆਂ ਵਿਚ ਆਸਾਧਾਰਨ ਹੋਣ ਨਾਲ ਕਈ ਬਿਮਾਰੀਆਂ ਲਗ ਜਾਂਦੀਆਂ ਹਨ ਕਈ ਕਿਸਮ ਦੀ ਗੜਬੜ ਹੋ ਜਾਂਦੀ ਹੈ, ਸਰੀਰ ਬੇਅਰਾਮ ਹੋ ਜਾਂਦਾ ਹੈ, ਬੀਮਾਰ ਹੋ ਜਾਂਦਾ ਹੈ, ਜਿਸ ਕਾਰਣ ਫੇਰ ਮਨ ਵੀ ਤਨਾਓ ਵਿਚ ਆ ਜਾਂਦਾ ਹੈ, ਪੂਰਾ ਨਾੜੀ ਤੰਤਰ ਖਿਚਾਉ ਵਿਚ ਆ ਜਾਂਦਾ ਹੈ।

ਸਰੀਰ ਦੇ ਸਿਧਾਂਤ ਨੂੰ ਸਮਝ ਲਈ ਤੁਹਾਨੂੰ ਕੋਈ ਬਹੁਤ ਪੜ੍ਹੇ ਲਿਖੇ ਹੋਣ ਦੀ ਲੋੜ ਨਹੀਂ। ਜੇ ਤੁਸੀਂ ਆਪਣਾ ਅੰਦਰ ਸਾਫ ਕਰਨਾ ਹੈ ਗੁਸਲਖਾਨੇ ਜਾਣਾ ਹੈ ਤਾਂ ਜਾਣਾ ਹੀ ਹੈ ਉਸ ਵਿਚ ਦੇਰ ਨਹੀਂ ਕਰਨੀ ਚਾਹੀਦੀ, ਇਹ ਠੀਕ ਨਹੀਂ ਪਰ ਇਹ ਦੇਖਣ ਵਿਚ ਆਇਆ ਹੈ ਕਿ ਲੋਕੀ ਇਸਨੂੰ ਕਰਨ ਲਈ ਦੇਰ ਕਰਦੇ ਹਨ ਸਮੇਂ ਸਿਰ ਨਹੀਂ ਜਾਂਦੇ, ਕਈ ਡਾਕਟਰ ਵੀ ਦੇਖੇ ਗਏ ਹਨ ਜਿਹੜੇ ਇਸ ਪ੍ਰਤੀ ਕ੍ਰਿਆ ਨੂੰ ਕਰਨ ਵਿਚ ਦੇਰ ਕਰਦੇ ਹਨ। ਇਸ ਤਰ੍ਹਾਂ ਕਰਨਾ ਸਿਹਤ ਲਈ ਠੀਕ ਨਹੀਂ। ਸਰੀਰ ਨੂੰ ਰਿਸ਼ਟ ਪੁਸ਼ਟ ਅਰੋਗ ਬਨਾਉਣ ਲਈ ਤੁਹਾਨੂੰ ਕੁਝ ਆਦਤਾਂ ਤਾਂ ਬਨਾਉਣੀਆਂ ਹੀ ਪੈਣਗੀਆਂ, ਇਹ ਆਦਤਾਂ ਸਰੀਰ ਦੀਆਂ ਕ੍ਰਿਆਵਿਧੀਆਂ ਨੂੰ ਸਹਾਇਕ ਹੋਣਗੀਆਂ, ਤੁਹਾਨੂੰ ਆਲਸੀ ਨਹੀਂ ਹੋਣਾ ਚਾਹੀਦਾ। ਤੁਹਾਨੂੰ ਆਪਣੀਆਂ ਆਦਤਾਂ ਨੂੰ ਨਿਯਮਬੱਧ ਕਰਨਾ ਚਾਹੀਦਾ ਹੈ, ਦ੍ਰਿੜ੍ਹ ਹੋਣਾ ਚਾਹੀਦਾ ਹੈ, ਸੁਚੇਤ ਹੋਣਾ ਚਾਹੀਦਾ ਹੈ, ਨਿਯਮਤ ਰਹਿਣਾ ਚਾਹੀਦਾ ਹੈ।

ਕੁਛ ਇਕ ਸਾਧਨਾ ਜਿਹੜੀਆਂ ਸਰੀਰ ਦਾ ਮਲ ਤਿਆਗਣ ਲਈ ਹਨ, ਉਹ ਬਹੁਤ ਹੀ ਸਾਦੀਆਂ ਤੇ ਸੌਖੀਆਂ ਸਰੀਰ ਦਾ ਗੰਦ ਚਾਰ ਤਰ੍ਹਾਂ ਨਾਲ ਬਾਹਰ ਕੱਢਿਆ ਜਾਂਦਾ ਹੈ। ਭਾਵੇਂ ਯੋਗ ਦੀਆਂ ਪੁਸਤਕਾਂ ਵਿਚ ਦਿਤੀਆਂ ਸਾਰੀਆਂ ਸਾਧਨਾ ਮਹੱਤਵਪੂਰਣ ਹਨ, ਪਰ ਸਭ ਤੋਂ ਵੱਧ ਮਹੱਤਵਪੂਰਣ ਹਨ ਉਹ ਅਭਿਆਸ ਜਿਹੜੇ ਫੇਫੜਿਆਂ ਦੀ ਗਤੀ ਨੂੰ ਠੀਕ ਰੱਖਣ, ਨਿਅੰਤਰਣ ਵਿਚ ਰੱਖਣ। ਤੁਹਾਡੇ ਲਈ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਤੁਹਾਨੂੰ ਸ੍ਵਾਸਾਂ ਦਾ ਅਭਿਆਸ ਕਰਨਾ ਕਿਉਂ ਜ਼ਰੂਰੀ ਹੈ, ਸ੍ਵਾਸ ਖੁਰਾਕ ਨਾਲੋਂ ਵੀ ਖਾਣ ਨਾਲੋਂ ਵੀ ਵਧੇਰੇ ਜ਼ਰੂਰੀ ਹਨ। ਯੋਗ ਦੀਆਂ ਬਹੁਤ ਸਾਰੀਆਂ ਹੱਥ ਲਿਖਤ ਪੁਸਤਕਾਂ ਹਨ ਜਿਨ੍ਹਾਂ ਵਿਚ ਕੇਵਲ ਸ੍ਵਾਸ ਵਿਗਿਆਨ ਬਾਰੇ ਹੀ ਦੱਸਿਆ ਗਿਆ ਹੈ ਕਿਉਂਕਿ ਸ੍ਵਾਸਾਂ ਨੂੰ ਨਿਅੰਤਰਣ ਵਿਚ ਰਖਣਾ ਹੀ ਚੰਗੀ ਸਿਹਤ ਦਾ ਆਧਾਰ ਹੈ। ਸ੍ਵਾਸ ਸਾਡੇ ਸਰੀਰ ਤੇ ਮਨ ਦੇ ਸੇਤੂ ਹਨ। ਸ੍ਵਾਸ ਇਕ ਸੂਖਮ ਥਰਮਾਮੀਟਰ ਹਨ ਜਿਹੜੇ ਸਰੀਰ ਤੇ ਮਨ ਦੀ ਸਥਿਤੀ ਨੂੰ ਨੋਟ ਕਰਦੇ ਹਨ। ਸ੍ਵਾਸ ਜੀਵਨ ਦਾ ਸਰੋਤ ਹਨ, ਤੁਸੀਂ ਹਫਤਿਆਂ ਬੱਧੀ ਬਿਨਾਂ ਖਾਧੇ ਪੀਤੇ ਰਹਿ ਸਕਦੇ ਹੋ, ਬਿਨਾਂ ਪਾਣੀ ਦੇ ਰਹਿ ਸਕਦੇ ਹੋ, ਪਰ ਸ੍ਵਾਸਾਂ ਤੋਂ ਬਿਨਾਂ ਤਾਂ ਕੁਝ ਮਿੰਟ ਹੀ ਜੀਵਤ ਨਹੀਂ ਰਹਿ ਸਕਦੇ ਹੋ। ਠੀਕ ਤਰ੍ਹਾਂ ਨਾਲ ਸ੍ਵਾਸ ਲੈਣੇ ਹੀ ਚੰਗੀ ਸਿਹਤ ਦੀ ਕੁੰਜੀ ਹਨ।

ਅੱਜ ਦੇ ਵਿਗਿਆਨਕਾਂ ਨੇ ਹੁਣ ਇਹ ਸਮਝਿਆ ਹੈ ਕਿ ਸ੍ਵਾਸਾਂ ਤੇ ਨਿਅੰਤਰਣ ਰੱਖਣ ਦਾ ਸਰੀਰ ਦੀ ਕ੍ਰਿਆ ਨਾਲ ਕੀ ਸਬੰਧ ਹੈ। ਇਹ ਸਿੱਧ ਕੀਤਾ ਜਾ ਚੁੱਕਾ ਹੈ ਕਿ ਸਿੱਧੇ ਸਾਦੇ ਸ੍ਵਾਸ ਵਿਆਮ ਕਰਕੇ ਤੁਸੀਂ ਹਿਰਦੇ ਗਤੀ ਤੇ ਕਾਬੂ ਪਾ ਸਕਦੇ ਹੋ। ਸਰੀਰ ਦੇ ਤਾਪਮਾਨ ਨੂੰ ਕੰਟਰੋਲ ਕਰ ਸਕਦੇ ਹੋ। ਪਾਚਨ ਸ਼ਕਤੀ ਨੂੰ ਠੀਕ ਕਰ ਸਕਦੇ ਹੋ ਹੋਰ ਵੀ ਸਰੀਰ ਦੀਆਂ ਕਈ ਗਤੀਵਿਧੀਆਂ ਤੇ ਕਾਬੂ ਪਾ ਸਕਦੇ ਹੋ ਜਿਹੜੀਆਂ ਕਿ ਅੱਜ ਤੱਕ ਚੇਤਨ ਮਨ ਦੇ ਕਾਬੂ ਤੋਂ ਬਾਹਰ ਸੀ। ਯੋਗੀਆਂ ਨੇ ਇਹ ਸਾਰੀਆਂ ਕ੍ਰਿਆਵਾਂ ਦਾ ਅਭਿਆਸ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਤੋਂ ਕੀਤਾ ਹੋਇਆ ਹੈ ਤੇ ਕਰਦੇ ਆ ਰਹੇ ਹਨ।

ਸ੍ਵਾਸ ਸ਼ਕਤੀ ਵਾਹਨ ਹਨ, ਜਿਸ ਸ਼ਕਤੀ ਨੂੰ ਪ੍ਰਾਣ

ਕਹਿੰਦੇ ਹਨ, ਸੁਆਸਾਂ ਦਾ ਬਾਹਰ ਜਾਣਾ, ਅੰਦਰ ਆਉਣਾ ਇਕ ਚੌਕੀਦਾਰ ਦੀ ਤਰ੍ਹਾਂ ਹੈ ਜਿਹੜਾ ਜੀਵਨ ਦਾ ਰਖਿਅਕ ਹੈ। ਸੁਆਸਾਂ ਦਾ ਬਾਹਰ ਕੱਢਣਾ ਵਰਤੀ ਹੋਈ ਗੈਸ ਨੂੰ ਬਾਹਰ ਕੱਢਣਾ ਹੈ, ਸੁਆਸਾਂ ਦਾ ਅੰਦਰ ਜਾਣਾ ਪ੍ਰਾਣ ਸ਼ਕਤੀ ਨੂੰ ਵਾਤਾਵਰਣ ਤੋਂ ਅੰਦਰ ਲੈ ਜਣਾ ਹੈ। ਜੇ ਤੁਸੀਂ ਫੇਫੜਿਆਂ ਦੀ ਗਤੀ ਨੂੰ ਨਿਯਮਬੱਧ ਕਰ ਸਕਦੇ ਹੋ ਤੁਸੀਂ ਆਪਣੇ ਆਪ ਨੂੰ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾ ਸਕਦੇ ਹੋ, ਨਾਲ ਹੀ ਸੰਵੇਗਾਂ ਨੂੰ ਵੀ ਸਥਿਰ ਤੇ ਸਾਵਾਂ ਰੱਖ ਸਕਦੇ ਹੋ। ਬਾਰੀ-ਬਾਰੀ ਨਾਸਿਕਾਂ ਤੋਂ ਸੁਆਸ ਲੈਣੇ ਨਾੜੀ ਤੰਤਰ ਲਈ ਬਹੁਤ ਉਪਯੋਗੀ ਸਮਝੇ ਗਏ ਹਨ, ਲੰਮੇ ਤੇ ਡੂੰਘੇ ਸੁਆਸ ਲੈਣਾ ਮਾਨਸਿਕ ਤਣਾਓ ਲਈ ਲਾਭਕਾਰੀ ਹਨ। ਅੱਜ ਦੀ ਖੋਜ ਨੇ ਇਹ ਪ੍ਰਮਾਣਿਤ ਕਰ ਦਿਤਾ ਹੈ ਕਿ ਬਲੱਡ ਪਰੈਸ਼ਰ, ਤਨਾਓ ਕਾਰਣ ਸਿਰ ਦਰਦ, ਤਾਂਘ ਪਰੇਸ਼ਾਨੀ ਇਹ ਸਭ ਪੇਟ ਤੋਂ ਸੁਆਸ ਲੈਣ ਨਾਲ ਠੀਕ ਕੀਤੇ ਗਏ ਹਨ ਜਿਸ (diaphragmatic breathing) ਕਹਿੰਦੇ ਹਨ, ਨਿਸਲ ਹੋਣਾ ਕਹਿੰਦੇ ਹਨ ਜਿਵੇਂ ਕਿ ਤੁਸੀਂ ਆਪਣੀ ਖੁਰਾਕ ਦਾ ਧਿਆਨ ਰਖਦੇ ਹੋ, ਬਿਲਕੁਲ ਇਸ ਤਰ੍ਹਾਂ ਹੀ ਤੁਹਾਨੂੰ ਆਪਣੇ ਸੁਆਸ ਲੈਣ ਦੀ ਆਤਮ ਦਾ ਧਿਆਨ ਰੱਖਣਾ ਚਾਹੀਦਾ ਹੈ।

ਤੁਹਾਨੂੰ ਸੁਆਸ ਅੰਦਰ ਲੈਣ ਦਾ, ਬਾਹਰ ਕੱਢਣ ਦਾ ਧਿਆਨ ਰੱਖਣਾ ਚਾਹੀਦਾ ਹੈ, ਇਹ ਦੇਖੋ ਕਿ ਸੁਆਸਾਂ ਦੀ ਗਤੀ ਠੀਕ ਤਰ੍ਹਾਂ ਨਾਲ ਨਿਯਮਬੱਧ ਰਹੇ, ਜੇ ਸੁਆਸਾਂ ਦੀ ਗਤੀ ਇਕ ਸਾਰ ਹੋਵੇਗੀ ਤਾਂ ਹੀ ਤੁਹਾਡੇ ਫੇਫੜੇ ਸਾਫ ਰਹਿਣਗੇ। ਪੁਰਾਤਨ ਲੋਕਾਂ ਨੇ ਬਹੁਤ ਸਾਰੇ ਤਰੀਕੇ ਦੱਸੇ ਜਿਨ੍ਹਾਂ ਨਾਲ ਫੇਫੜਿਆਂ ਦੀ ਸਫਾਈ ਕੀਤੀ ਜਾ ਸਕਦੀ ਹੈ ਜਿਵੇਂ ਕਿ 'ਨਾੜੀ ਸ਼ੋਧਣ, ਕਪਾਲਭਾਤੀ, ਭਾਸਤਰਿਕਾ (ਇਹ ਸਾਰੀਆਂ ਵਿਧੀਆਂ ਰਾਜ ਯੋਗ ਪੁਸਤਕ ਵਿਚ ਦੱਸੀਆਂ ਜਾ ਚੁੱਕੀਆਂ ਹਨ) ਤੇ ਕਈ ਹੋਰ ਵੀ, ਕੋਈ ਵੀ ਸਿੱਧੀਆਂ ਸਾਧੀਆਂ ਸੁਆਸਾਂ ਪ੍ਰਤੀ ਚੇਤਨ ਹੋਣ ਦੇ ਅਭਿਆਸ ਕਰ ਸਕਦਾ ਹੈ, ਪਰ ਜਿਹੜੀਆਂ ਵਿਧੀਆਂ ਵਧੇਰੇ ਜਟਿਲ ਤੇ ਔਖੀਆਂ ਹਨ ਜਿਨ੍ਹਾਂ ਵਿਚ ਸੁਆਸਾਂ ਨੂੰ ਰੋਕਣ ਦੀ ਲੋੜ ਪੈਂਦੀ ਹੈ, ਉਹ ਵਿਧੀਆਂ ਕਿਸੇ ਚੰਗੇ ਗੁਰੂ ਦੀ ਦੇਖ ਰੇਖ ਹੇਠਾਂ ਹੀ ਕਰਨੀਆਂ ਚਾਹੀਦੀਆਂ ਹਨ।

ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਪਣੇ ਸੁਆਸ ਨੂੰ ਨਿਯਮਬੱਧ ਕਰਨ ਦਾ ਅਭਿਆਸ ਕਰੋ, ਇਸ ਤਰ੍ਹਾਂ ਕਰਨ ਲਈ ਤੁਹਾਨੂੰ ਪੇਟ ਤੋਂ ਸੁਆਸ ਲੈਣੇ ਚਾਹੀਦੇ ਹਨ diaphragmatic breathing ਕਰਨੀ ਚਾਹੀਦੀ ਹੈ ਜੇ ਤੁਸੀਂ ਇਹ ਸਿੱਖ ਜਾਓ ਤੁਸੀਂ ਆਪਣੇ ਫੇਫੜਿਆਂ ਦੀ ਗਤੀ ਕਾਬੂ ਕਰਨੀ ਸਿੱਖ ਜਾਓਗੇ ਜਿਹੜੇ ਕੀ ਸਰੀਰ ਵਿਚ ਇਕ ਉੜਨ ਪਹੀਏ ਦੀ ਤਰ੍ਹਾਂ ਕੰਮ ਕਰਦੇ ਹਨ। Diaphragm ਇਕ ਗੁੰਬਦ ਦੀ ਤਰ੍ਹਾਂ ਹੈ ਇਹ ਫੇਫੜਿਆਂ ਦੇ ਤੇ ਪੇਟ ਦੇ ਵਿਚਕਾਰ ਹੈ। ਜਦੋਂ ਤੁਸੀਂ ਸੁਆਸ ਅੰਦਰ ਲੈਂਦੇ ਹੋ ਤਾਂ diaphragm ਇਕੱਠਾ ਹੁੰਦਾ ਹੈ, ਹੇਠਾਂ ਨੂੰ ਜਾਂਦਾ ਹੈ, ਇਸ ਤਰ੍ਹਾਂ ਨਾਲ ਇਸ ਦੇ ਹੇਠਾਂ ਜਾਣ ਨਾਲ ਪੇਟ ਬਾਹਰ ਵਲ ਨਿਕਲਦਾ ਹੈ, ਹਵਾ ਅੰਦਰ ਜਾਂਦੀ ਹੈ, ਫੇਫੜਿਆਂ ਵਿਚ ਹਵਾ ਭਰਦੀ ਹੈ। diaphragm ਨੂੰ ਨਿਸਲ ਕਰਨ ਨਾਲ ਉਹ ਆਪਣੀ ਜਗ੍ਹਾਂ ਤੇ ਆ ਜਾਂਦਾ ਹੈ ਜਦੋਂ ਇਸ ਤਰ੍ਹਾਂ ਹੁੰਦਾ ਹੈ ਤਾਂ ਹਵਾ ਬਾਹਰ ਨਿਕਲਦੀ ਹੈ। diaphragm ਦੀ ਗਤੀ ਨੂੰ ਨਿਯਮਬੱਧ ਕਰਕੇ ਤੁਸੀਂ ਪੂਰੀ ਤਰ੍ਹਾਂ ਨਾਲ ਨਿਸਲ ਹੋ ਸਕਦੇ ਹੋ, ਪੂਰੀ ਤਰ੍ਹਾਂ ਨਾਲ ਸ਼ਾਂਤੀ ਮਹਿਸੂਸ ਕਰ ਸਕਦੇ ਹੋ, ਤੁਸੀਂ ਸਰੀਰ ਨੂੰ ਪੂਰੀ ਤਰ੍ਹਾਂ ਆਰਾਮ ਦੇ ਸਕਦੇ ਹੋ, ਅੰਦਰ ਦੇ ਤਨਾਓ ਨੂੰ ਅੰਦਰ ਦੀ ਤਾਂਘ ਨੂੰ ਪੂਰੀ ਤਰ੍ਹਾਂ ਨਾਲ ਸ਼ਾਂਤ ਕਰ ਸਕਦੇ ਹੋ।

Diaphragmatic ਤਰੀਕੇ ਨਾਲ ਸੁਆਸ ਲੈਣ ਦੀ ਆਦਤ ਪਾਉਣ ਲਈ ਤੁਹਾਨੂੰ ਥੋੜ੍ਹੇ ਦਿਨ ਸੁਚੇਤ ਹੋ ਕੇ ਸੁਆਸ ਲੈਣ ਦੀ ਲੋੜ ਹੈ ਫੇਰ ਤੁਹਾਡਾ ਸੁਭਾਅ ਬਣ ਜਾਏਗਾ। ਤੁਸੀਂ ਆਪਣੇ ਸੁਆਸਾਂ ਨੂੰ ਬੜੀ ਸੌਖੀ ਤਰ੍ਹਾਂ ਦੇਖ ਸਕਦੇ ਹੋ। ਤੁਸੀਂ ਬਿਸਤਰੇ ਤੇ ਲੇਟ ਇਕ ਹੱਥ ਪੇਟ ਤੇ ਰੱਖੋ ਇਕ ਛਾਤੀ ਤੇ ਜਦੋਂ ਤੁਸੀਂ ਸੁਆਸ ਲਵੋ ਇਸ ਤਰ੍ਹਾਂ ਸੋਚੋ ਕਿ ਸੁਆਸ ਤੁਹਾਡੇ ਪੇਟ ਵਿਚ ਜਾ ਰਹੇ ਹਨ, ਜੇ ਇਸ ਨੂੰ ਚੰਗੀ ਤਰ੍ਹਾਂ ਕੀਤਾ ਜਾਵੇ ਤਾਂ ਜਿਹੜਾ ਹੱਥ ਛਾਤੀ ਤੇ ਰੱਖਿਆ ਹੋਇਆ ਹੈ ਉਹ ਬਿਲਕੁਲ ਨਹੀਂ ਹਿਲਣਾ ਚਾਹੀਦਾ, ਪਰ ਜਿਹੜਾ ਹੱਥ ਪੇਟ ਉਤੇ ਰੱਖਿਆ ਹੋਇਆ ਹੈ ਉਹ ਉਪਰ ਥੱਲੇ ਹੋਣਾ ਚਾਹੀਦਾ ਹੈ, ਜਦੋਂ ਸੁਆਸ ਅੰਦਰ ਜਾਣ ਤਾਂ ਹੱਥ ਉਪਰ ਉਠਣਾ ਚਾਹੀਦਾ ਹੈ ਜਦੋਂ ਸੁਆਸ ਬਾਹਰ ਕੱਢਣ ਤਾਂ ਹੱਥ ਥੱਲੇ ਜਾਣਾ ਚਾਹੀਦਾ ਹੈ। ਇਸ ਦਾ ਅਭਿਆਸ ਖੜ੍ਹੇ ਹੋ ਕੇ ਵੀ ਕੀਤਾ ਜਾ ਸਕਦਾ ਹੈ, ਸਿਰ ਗਰਦਨ ਤੇ ਪਿੱਠ ਬਿਲਕੁਲ ਸਿੱਧੀ ਰੱਖ ਕੇ ਹੱਥ ਆਪਣੇ ਪੇਟ ਤੇ ਰੱਖੋ ਤੇ diaphragm ਦੀ ਗਤੀ ਨੂੰ ਦੇਖੋ। ਹੌਲੀ ਜਿਹੀ ਦਬਾ ਕੇ ਫੇਰ ਸੁਆਸ ਬਾਹਰ ਕੱਢੋ, ਪੇਟ ਨੂੰ ਬਾਹਰ ਨਿਕਲਣ ਦਿਓ ਫੇਰ ਸੁਆਸ ਅੰਦਰ ਕਰੋ। ਫੇਫੜਿਆਂ ਨੂੰ ਭਰੋ ਪਰ ਬਹੁਤ ਜ਼ਿਆਦਾ ਨਹੀਂ।

ਜੇ ਤੁਸੀਂ diaphragm ਨਾਲ ਸੁਆਸ ਲੈਂਦੇ ਰਹੋਗੇ ਇਹ ਤੁਹਾਡੀ ਆਦਤ ਬਣ ਜਾਏਗੀ ਤੁਹਾਡਾ ਸੁਭਾਅ ਬਣ ਜਾਏਗਾ, ਦੱਸ ਦਿਨਾਂ ਵਿਚ ਤੁਸੀਂ ਚੰਗੀ ਤਰ੍ਹਾਂ ਨਾਲ diaphragm ਰਾਹੀਂ ਸੁਆਸ ਲੈਣ ਲਗ ਪਵੋਗੇ। ਸਵੇਰੇ ਸ਼ਾਮ ਤੁਸੀਂ diaphragm ਵਿਧੀ ਦਾ ਅਭਿਆਸ ਕਰੋ ਭਾਵੇਂ ਦਸ ਮਿੰਟ ਹੀ ਕਰੋ ਪਰ ਨਿਯਮਬੱਧ ਹੋ ਕੇ ਕਰੋ ਇਸ ਤਰ੍ਹਾਂ ਕਰਨ ਇਹ ਤੁਹਾਡੀ ਆਦਤ ਬਣ ਜਾਏਗੀ, ਇਹ ਤੁਹਾਡੇ ਜੀਵਨ ਲਈ ਬਹੁਤ ਹੀ ਲਾਭਕਾਰੀ ਸਿੱਧ ਹੋਵੇਗੀ। Diaphragmatic ਵਿਧੀ ਨਾਲ ਸੁਆਸ ਲੈਣੇ ਤੁਹਾਡੀ ਸਭ ਤੋਂ ਉਤਮ ਚੇਤਨ ਕ੍ਰਿਆ ਬਣ ਜਾਏਗੀ। ਇਸ ਨਾਲ ਤੁਹਾਨੂੰ ਸ਼ਾਂਤੀ ਮਿਲੇਗੀ, ਤੁਹਾਡੀ ਤਾਂਘ ਤੁਹਾਡਾ ਤਨਾਓ ਖਤਮ ਹੋ ਜਾਵੇਗਾ, ਇਸ ਨਾਲ ਤੁਹਾਡੀ ਆਯੂ ਵਿਚ ਵਾਧਾ ਹੋਵੇਗਾ।

ਚੰਗੀ ਤਰ੍ਹਾਂ ਸੁਆਸ ਲੈਣ ਲਈ ਚਾਰ ਮਹੱਤਵਪੂਰਣ ਗੱਲਾਂ ਹਨ ਜਿਨ੍ਹਾਂ ਦਾ ਧਿਆਨ ਰੱਖਣ ਦੀ ਲੋੜ ਹੈ ਪਹਿਲੀ ਤੁਹਾਨੂੰ ਆਪਣੇ ਫੇਫੜਿਆਂ ਨੂੰ ਪੂਰੀ ਤਰ੍ਹਾਂ ਨਾਲ ਹਰ ਸੁਆਸ ਨਾਲ ਭਰ ਲੈਣਾ ਚਾਹੀਦਾ ਹੈ। ਲੰਮਾ ਸੁਆਸ ਲੈਣ ਦਾ ਅਭਿਆਸ ਕਰੋ, ਇਹ ਕੋਈ ਔਖਾ ਨਹੀਂ ਜੇ ਤੁਸੀਂ ਸੁਚੇਤ ਹੋਵੋ ਤੁਸੀਂ ਕੀ ਕਰ ਰਹੇ ਹੋ ਇਹ ਬਹੁਤ ਸੌਖਾ ਹੈ। ਲੰਮਾ ਸੁਆਸ ਲੈਣ ਲਈ ਤੁਸੀਂ ਆਪਣੇ ਫੇਫੜਿਆਂ ਨੂੰ ਪੂਰੀ ਤਰ੍ਹਾਂ ਭਰ ਲਵੋ, ਛੇਤੀ ਹੀ ਤੁਸੀਂ ਮਹਿਸੂਸ ਕਰੋਗੇ ਕਿ ਇਹ ਤੁਹਾਡੀ ਸਮਰਥਾ ਵਧਦੀ ਜਾ ਰਹੀ ਹੈ।

ਦੂਸਰਾ ਜਦੋਂ ਤੁਸੀਂ ਸ੍ਵਾਸ ਲੈਣ ਦਾ ਅਭਿਆਸ ਕਰਦੇ ਹੋ ਤੁਹਾਨੂੰ ਇਸ ਗੱਲ ਦਾ ਧਿਆਨ ਰੱਖਣਾ ਚੀਹਾਦਾ ਹੈ ਕਿ ਸ੍ਵਾਸ ਅੰਦਰ ਜਾਣ ਤੇ ਬਾਹਰ ਆਉਣ ਵਿਚ ਲੰਮਾ ਸਮਾਂ ਨਹੀਂ ਪੈਣਾ ਚਾਹੀਦਾ, ਇਹ ਬਹੁਤ ਹੀ ਅਵਸ਼ਕ ਹੈ, ਜੇ ਤੁਸੀਂ ਧਿਆਨ ਨਹੀਂ ਕਰੋਗੇ ਤੁਹਾਨੂੰ ਬੁਰੀ ਆਦਤ ਪੈ ਸਕਦੀ ਹੈ। ਮਿਸਾਲ ਵਜੋਂ ਜੇ ਸ੍ਵਾਸ ਅੰਦਰ ਲੈਣ ਤੇ ਬਾਹਰ ਕੱਢਣ ਵਿਚ ਅੱਖ ਝਪਕਣ ਤੋਂ ਵੱਧ ਸਮਾਂ ਲਗਦਾ ਹੈ ਤਾਂ ਇਸ ਤੋਂ ਭਾਵ ਹੈ ਕਿ ਤੁਸੀਂ ਸ੍ਵਾਸ ਠੀਕ ਤਰ੍ਹਾਂ ਨਹੀਂ ਲੈ ਰਹੇ। Himalayan Institute ਨੇ ਇਹ ਖੋਜ ਕੀਤੀ ਹੈ ਤੇ ਸ੍ਵਾਸਾਂ ਦੀ ਕ੍ਰਿਆ ਦਾ ਇਕ ਚਾਰਟ ਬਣਾਇਆ ਹੈ। ਉਨ੍ਹਾਂ ਨੇ ਦਿਖਾਇਆ ਹੈ ਕਿ ਜਿਹੜਾ ਵੀ ਸ੍ਵਾਸ ਅੰਦਰ ਲੈਣ ਤੇ ਬਾਹਰ ਕੱਢਣ ਵਿਚ ਵਧੇਰੇ ਸਮਾਂ ਪਾਉਂਦਾ ਹੈ ਉਹ ਹਿਰਦੇ ਰੋਗ ਲਈ ਵਧੇਰੇ ਗ੍ਰਹਿਣਸ਼ੀਲ ਹੁੰਦੇ ਹਨ ਜਿਨ੍ਹਾਂ ਦੀ ਸ੍ਵਾਸ ਗਤੀ ਸਾਧਾਰਣ ਹੁੰਦੀ ਹੈ ਜਿਹੜੇ ਠੀਕ ਤਰ੍ਹਾਂ ਨਾਲ ਸ੍ਵਾਸ ਲੈਂਦੇ ਹਨ ਭਾਵ diaphragmatic breathing ਕਰਦੇ ਹਨ ਉਹ ਹਿਰਦੇ ਰੋਗ ਗ੍ਰਹਿਣਸ਼ੀਲ ਨਹੀਂ ਹੁੰਦੇ।

ਤੀਸਰੀ ਗੱਲ ਜਿਹੜੀ ਸ੍ਵਾਸਾਂ ਦੀ ਗਤੀ ਵਿਚ ਦੇਖਣ ਯੋਗ ਹੈ ਉਹ ਹੈ ਸ੍ਵਾਸਾਂ ਦੇ ਅੰਦਰ ਜਾਣ ਤੇ ਬਾਹਰ ਆਉਣ ਦਾ ਨਿਰੰਤਾਰ ਪਰਵਾਹ। ਸ੍ਵਾਸ ਸਾਂਵਾਂ ਹੋਣਾ ਚਾਹੀਦਾ ਹੈ, ਸ੍ਵਾਸ ਲੈਣ ਸਮੇਂ ਕੋਈ ਝਟਕਾ ਨਹੀਂ ਲਗਣਾ ਚਾਹੀਦਾ। ਸੰਵੇਗਕ ਪ੍ਰਤੀਕ੍ਰਿਆ ਨਾਲ ਫੇਫੜਿਆਂ ਦੀ ਗਤੀ ਵਿਚ ਵਿਘਨ ਪੈ ਸਕਦਾ ਹੈ। ਇਸ ਤਰ੍ਹਾਂ ਕਰਨ ਨਾਲ ਨਾੜੀਆਂ ਵਿਚ ਵੀ ਵਿਘਨ ਪੈ ਸਕਦਾ ਹੈ, ਦੂਸਰਾ ਸਵੈ ਇਛਕ ਨਾੜੀ ਤੰਤੂ ਤੇ ਵੀ ਪ੍ਰਭਾਵ ਪੈ ਸਕਦਾ ਹੈ। ਜਦੋਂ ਸ੍ਵਾਸ ਇਕ ਸਾਰ ਚਲਦੇ ਹਨ, ਨਿਸਲਤਾ ਆਉਂਦੀ ਹੈ ਜਦੋਂ ਬੇਤਰਤੀਬ ਚਲਦੇ ਹਨ, ਉਸ ਸਮੇਂ ਸਰੀਰ ਸ਼ਾਂਤ ਨਹੀਂ ਹੋ ਸਕਦਾ, ਨਿਸਲ ਨਹੀਂ ਹੋ ਸਕਦਾ। ਜੇ ਤੁਸੀਂ ਸੁੱਤੇ ਪਏ ਬੱਚੇ ਨੂੰ ਦੇਖੋ ਉਸ ਦੇ ਸ੍ਵਾਸ ਲੈਣ ਦੀ ਗਤੀ ਨੂੰ ਦੇਖੋ, ਉਸਦਾ ਪੇਟ ਕਿਵੇਂ ਉਪਰ ਥੱਲੇ ਹੁੰਦਾ ਹੈ, ਇਸ ਤੋਂ ਤੁਸੀਂ ਠੀਕ ਸ੍ਵਾਸ ਲੈਣਾ ਸਿੱਖ ਸਕਦੇ ਹੋ।

ਅੰਤ ਵਿਚ ਤੁਹਾਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਸ੍ਵਾਸ ਲੈਂਦੇ ਸਮੇਂ ਆਵਾਜ਼ ਨਾ ਆਵੇ, ਜੇਕਰ ਆਵਾਜ਼ ਆ ਰਹੀ ਹੈ, ਉਸ ਤੋਂ ਭਾਵ ਹੈ ਕਿ ਕਿਤੇ ਕੋਈ ਰੁਕਾਵਟ ਹੈ ਜਾਂ ਨਾਸਿਕਾ ਦੇ ਅੰਦਰ ਰੁਕਾਵਟ ਹੈ। ਸ੍ਵਾਸ ਸ਼ਾਂਤ ਹੋਣੇ ਚਾਹੀਦੇ ਹਨ ਆਵਾਜ਼ ਰਹਿਤ ਹੋਣੇ ਚਾਹੀਦੇ ਹਨ ਕਿਸੇ ਵੀ ਵਿਘਨ ਤੋਂ ਬਗੈਰ ਹੋਣੇ ਚਾਹੀਦੇ ਹਨ। ਜੇਕਰ ਠੀਕ ਤਰ੍ਹਾਂ ਨਾਲ ਸ੍ਵਾਸ ਲਏ ਜਾਣ ਤੁਸੀਂ ਦੇਖੋਗੇ ਜਦੋਂ ਤੁਸੀਂ ਸ੍ਵਾਸ ਅੰਦਰ ਲੈਂਦੇ ਹੋ ਤੁਹਾਡੇ ਨਾਸਿਕਾ ਦੇ ਸ਼ੁਰੂ ਤੇ ਇਕ ਠੰਡੇਪਨ ਦਾ ਅਹਿਸਾਸ ਹੁੰਦਾ ਹੈ ਉਥੇ ਠੰਢਕ ਮਹਿਸੂਸ ਹੁੰਦੀ ਹੈ ਜਦੋਂ ਸ੍ਵਾਸ ਬਾਹਰ ਕੱਢਦੇ ਹੋ ਤਾਂ ਇਕ ਗਰਮਾਈ ਦਾ ਅਹਿਸਾਸ ਹੁੰਦਾ ਹੈ। ਜੇ ਕਿਸੇ ਕਾਰਣ ਕਰਕੇ ਨਾਸਿਕਾ ਵਿਚ ਰੁਕਾਵਟ ਹੋਵੇ, ਉਸ ਰੁਕਾਵਟ ਵਲ ਧਿਆਨ ਨਾ ਦਿਤਾ ਜਾਏ ਤਾਂ ਹੌਲੀ-ਹੌਲੀ ਤੁਸੀਂ ਮੂੰਹ ਖੋਲ੍ਹ ਕੇ ਸ੍ਵਾਸ ਲੈਣ ਲਗ ਪੈਂਦੇ ਹੋ, ਇਸ ਤਰ੍ਹਾਂ ਸ੍ਵਾਸ ਲੈਣੇ ਸਿਹਤ ਲਈ ਠੀਕ ਨਹੀਂ, ਨਾ ਹੀ ਇਹ ਸਾਧਾਰਣ ਤਰੀਕਾ ਹੈ।

ਕੁਝ ਇਕ ਗੱਲਾਂ ਇਸ ਤਰ੍ਹਾਂ ਹਨ ਜਿਹੜੀਆਂ ਸਰੀਰ ਰਚਨਾ-ਵਿਗਿਆਨ ਸਾਨੂੰ ਨਹੀਂ ਸਿਖਾਉਂਦਾ, ਉਨ੍ਹਾਂ ਵਿਚੋਂ ਇਕ ਗੱਲ ਤਾਂ ਇਹ ਹੈ ਕਿ ਸੱਜੀ ਨਾਸਿਕਾ ਤੋਂ ਸ੍ਵਾਸ ਲੈਣਾ ਵੱਖ ਹੈ, ਖੱਬੀ ਨਾਸਿਕਾ ਤੋਂ ਸ੍ਵਾਸ ਲੈਣਾ ਵੱਖ ਹੈ। ਇਹ ਇਸ ਕਰਕੇ ਹੈ ਕਿਉਂਕਿ ਇਕ ਛੋਟੀ ਜਿਹੀ ਨਾੜੀ ਨਾਸਿਕਾ ਦੇ ਅੰਤ ਤੇ ਹੈ ਉਹ ਇਸ ਦੀ ਗਤੀ ਦੇਖਦੀ ਹੈ। ਇਨ੍ਹਾਂ ਨਾੜੀਆਂ ਦਾ ਸਬੰਧ ਸਿੱਧਾ ਦਿਮਾਗ ਨਾਲ ਹੈ, ਇਹ ਕਿਸੇ ਤਰ੍ਹਾਂ ਦੀ ਵੀ ਖੁਸ਼ਬੂ ਨਾਲ ਉਤੇਜਿਤ ਹੁੰਦੀਆਂ ਹਨ ਜਾਂ ਹਵਾ ਦੇ ਬਹਾਅ ਨਾਲ ਉਤੇਜਿਤ ਹੁੰਦੀਆਂ ਹਨ। ਇਸ ਤਰ੍ਹਾਂ ਜਦੋਂ ਹਵਾ ਖੱਬੀ ਨਾਸਿਕਾ ਤੋਂ ਜਾਂਦੀ ਹੈ ਤਾਂ ਦਿਮਾਗ ਦੇ ਇਕ ਪਾਸੇ ਵਲ ਜਾਂਦੀਆਂ ਹਨ ਜਿਸ ਨਾਲ ਆਰਾਮ ਤੇ ਸ਼ਾਂਤੀ ਮਿਲਦੀ ਹੈ। ਇਸੇ ਤਰ੍ਹਾਂ ਜਦੋਂ ਸੱਜੀ ਨਾਸਿਕਾ ਤੋਂ ਸ੍ਵਾਸ ਲੈਂਦੇ ਹਾਂ, ਸਰੀਰ ਵਧੇਰੇ ਗਤੀਸ਼ੀਲ ਹੁੰਦਾ ਹੈ, ਪਾਚਨ ਸ਼ਕਤੀ ਵਧੇਰੇ ਕੰਮ ਕਰਦੀ ਹੈ ਇਹ ਦੇਖਣ ਵਿਚ ਆਇਆ ਹੈ ਜੇ ਇਕ ਨਾਸਿਕਾ ਲਗਾਤਾਰ ਬੰਦ ਰਹੇ ਤਾਂ ਸਿਰ ਦੁਖਣ ਲਗ ਪੈਂਦਾ ਹੈ ਹੋਰ ਜਗ੍ਹਾ ਦਰਦ ਰਹਿਣ ਲਗ ਪੈਂਦਾ ਹੈ। ਇਥੋਂ ਤਕ ਕਿ ਜਦੋਂ ਦੋਨੋਂ ਨਾਸਿਕਾ ਦਾ ਵੱਖ-ਵੱਖ ਮੁਆਦ ਲੈ ਕੇ ਦੇਖਿਆ ਤਾਂ ਪਤਾ ਲੱਗਾ ਕਿ ਦੋਨੋਂ ਵੱਖ-ਵੱਖ ਗੁਣ ਹਨ ਇਕ ਦੇ ਸਕਾਰਆਤਮਕ ਦੂਸਰੀ ਦੇ ਨਕਾਰਆਤਮਕ।

ਸਾਡੀਆਂ ਨਾਸਿਕਾ ਬਹੁਤ ਹੀ ਕੋਮਲ ਤੇ ਮਹੱਤਵਪੂਰਣ ਅੰਗ ਹਨ ਇਨ੍ਹਾਂ ਦੀ ਪੂਰੀ ਪੂਰੀ ਦੇਖਭਾਲ ਕਰਨੀ ਚਾਹੀਦੀ ਹੈ। ਇਨ੍ਹਾਂ ਦੀ ਰੋਜ਼ ਸਫਾਈ ਕਰਨੀ ਚਾਹੀਦੀ ਹੈ। ਸਫਾਈ ਕਰਨ ਦੇ ਬਹੁਤ ਸਾਰੇ ਤਰੀਕੇ ਹਨ। ਇਨ੍ਹਾਂ ਵਿਚੋਂ ਇਕ ਤਰੀਕਾ ਹੈ ਨੇਤੀ ਕ੍ਰਿਆ, ਇਸ ਲਈ ਕੋਸਾ ਪਾਣੀ ਲੈ ਕੇ ਇਕ ਚੁਟਕੀ ਲੂਣ ਪਾ ਕੇ ਇਕ ਨਾਸਿਕਾ ਤੋਂ ਅੰਦਰ ਕਰਕੇ ਦੂਸਰੀ ਨਾਸਿਕਾ ਤੋਂ ਕੱਢੋ, ਪਹਿਲਾਂ ਇਕ ਪਾਸੇ ਕਰੋ, ਫੇਰ ਦੂਸਰੇ ਪਾਸੇ ਇਸ ਤਰ੍ਹਾਂ ਕਰਨ ਨਾਲ ਨਾਸਿਕਾ ਦੀ ਸਫਾਈ ਹੋ ਜਾਂਦੀ ਹੈ ਇਸ ਤਰ੍ਹਾਂ ਕਰਨ ਨਾਲ ਜ਼ੁਕਾਮ ਨਹੀਂ ਹੁੰਦਾ, ਕਿਸੇ ਕਿਸਮ ਦੀ ਕੋਈ ਅਲਰਜੀ ਨਹੀਂ ਹੁੰਦੀ। ਕੋਈ ਦਮੇ ਦੀ ਸ਼ਿਕਾਇਕ ਨਹੀਂ ਹੁੰਦੀ। ਦੂਸਰਾ ਤਰੀਕਾ ਹੈ ਸੂਤਰ ਨੇਤੀ ਇਸ ਲਈ ਇਕ ਸੂਤੀ ਪਤਲੀ ਰੱਸੀ ਲਈ ਜਾਂਦੀ ਹੈ ਜਿਸ ਦੇ ਇਕ ਸਿਰੇ ਤੇ ਮੋਮ ਲਗਾਇਆ ਜਾਂਦਾ ਹੈ ਇਸ ਨੂੰ ਬੜੇ ਆਰਾਮ ਨਾਲ ਹੌਲੀ-ਹੌਲੀ ਨੱਕ ਵਿਚੋਂ ਪਾ ਕੇ ਗਲੇ ਵਿਚੋਂ ਕੱਢਿਆ ਜਾਂਦਾ ਹੈ, ਫੇਰ ਹੱਥ ਨਾਲ ਪਕੜ ਕੇ ਮੂੰਹ ਵਿਚ ਲਿਆਦਾਂ ਜਾਂਦਾ ਹੈ ਫੇਰ ਹੌਲੀ-ਹੌਲੀ ਇਸ ਨੂੰ ਅੱਗੇ ਪਿੱਛੇ ਕੀਤਾ ਜਾਂਦਾ ਹੈ, ਥੋੜ੍ਹੀ ਦੇਰ ਇਸ ਤਰ੍ਹਾਂ ਕਰਕੇ ਫੇਰ ਕੱਢ ਦਿਤਾ ਜਾਂਦਾ ਹੈ, ਇਸ ਤਰ੍ਹਾਂ ਕਰਨ ਨਾਲ ਨਾਸਿਕਾ ਬਿਲਕੁਲ ਸਾਫ ਹੋ ਜਾਂਦੀਆਂ ਹਨ। ਇਨ੍ਹਾਂ ਕ੍ਰਿਆ ਨੂੰ ਕਰਨ ਨਾਲ ਨਜ਼ਲਾ ਠੀਕ ਹੋ ਜਾਂਦਾ ਹੈ, ਬੰਦ ਨੱਕ ਖੁਲ੍ਹ ਜਾਂਦਾ ਹੈ, ਸ੍ਵਾਸ ਲੈਣੇ ਵਧੇਰੇ ਸੌਖੇ ਹੋ ਜਾਂਦੇ ਹਨ।

ਜਦੋਂ ਤੁਸੀਂ ਠੀਕ ਤਰ੍ਹਾਂ ਨਾਲ ਸ੍ਵਾਸ ਲੈਣ ਲਗ ਪੈਂਦੇ ਹੋ, ਤੁਸੀਂ ਦੇਖੋਗੇ ਤੁਹਾਡਾ ਸੋਚਣਾ ਵੀ ਸਾਫ ਹੋ ਜਾਂਦਾ ਹੈ, ਜਦੋਂ ਤੁਸੀਂ ਠੀਕ ਸ੍ਵਾਸ ਲੈਂਦੇ ਹੋ ਪੇਟ ਤੋਂ ਲੈਂਦੇ ਹੋ ਉਪਰੋਂ-ਉਪਰੋਂ ਨਹੀਂ ਲੈਂਦੇ ਝਟਕੇ ਨਹੀਂ ਲਗਦੇ, ਆਵਾਜ਼ ਨਹੀਂ ਆਉਂਦੀ ਤਾਂ ਤੁਹਾਡੇ ਫੇਫੜੇ ਸਾਫ ਹੋ ਗਏ ਹਨ।

ਸ੍ਵਾਸਾਂ ਨੂੰ ਇਕ ਸਾਰ ਕਰਨਾ ਉਨ੍ਹਾਂ ਨੂੰ ਰਵਾਂ ਕਰਨਾ ਫੇਫੜਿਆਂ ਦੀ ਸਫਾਈ ਲਈ ਜ਼ਰੂਰੀ ਹੈ ਪਰ ਸ੍ਵਾਸਾਂ ਤੇ ਕਾਬੂ ਪਾ ਕੇ ਉਨ੍ਹਾਂ ਨੂੰ ਕੰਟਰੋਲ ਕਰਕੇ ਰੋਮਾਂ ਦੀ ਸਫਾਈ ਕੀਤੀ ਜਾ ਸਕਦੀ ਹੈ। ਯੋਗ ਦੇ ਹੱਥ ਲਿਖੇ ਖਰੜਿਆਂ ਵਿਚ ਲਾਭਕਾਰੀ ਸਫਾਈ ਦੇ ਤਰੀਕੇ ਦੱਸੇ ਗਏ ਹਨ ਉਨ੍ਹਾਂ ਵਿਚ 108 ਕਿਸਮ ਦਾ ਇਸ਼ਨਾਨ ਦੱਸਿਆ ਗਿਆ ਹੈ, ਟੱਬ ਵਿਚ ਬੈਠ ਕੇ ਨਾਹੁੰਣਾ, ਜੜੀਆਂ ਬੂਟੀਆਂ ਪਾ ਕੇ ਨਾਹੁੰਣਾ, ਧੁੱਪੇ ਬੈਠ ਕੇ ਧੁੱਪੇ ਸਰੀਰ ਨੂੰ ਸਾਫ ਕਰਨਾ ਹੋਰ ਬਹੁਤ ਕੁਝ ਦਸਿਆ ਗਿਆ ਹੈ। ਇਹ ਸਾਰੇ ਤਾਂ ਬਾਹਰ ਦੇ ਇਸ਼ਨਾਨ ਹਨ, ਉਨ੍ਹਾਂ ਵਿਚ ਇਕ ਇਸ਼ਨਾਨ ਅੰਦਰ ਦਾ ਵੀ ਦਸਿਆ ਗਿਆ ਹੈ ਇਸ ਸਭ ਤੋਂ ਸੂਖਮ ਹੈ ਇਸ ਨੂੰ ਪ੍ਰਾਣ ਇਸ਼ਨਾਨ ਕਹਿੰਦੇ ਹਨ। ਇਸ ਲਈ ਤੁਸੀਂ ਪਾਣੀ ਦੀ ਵਰਤੋਂ ਨਹੀਂ ਕਰਦੇ, ਨਾ ਹੀ ਸੂਰਜ ਦੀ ਧੁੱਪ ਵਿਚ ਬੈਠਦੇ ਹੋ, ਤੁਸੀਂ ਬੱਸ ਚੁੱਪ ਚਾਪ ਬੈਠਦੇ ਹੋ। ਜਦੋਂ ਤੁਸੀਂ ਪਾਣੀ ਨਾਲ ਇਸ਼ਨਾਨ ਕਰਦੇ ਹੋ ਤੁਸੀਂ ਰੋਮ ਨਹੀਂ ਸਾਫ ਕਰਦੇ, ਬਾਹਰੀ ਇਸ਼ਨਾਨ ਨਾਲ ਤਾਂ ਕੇਵਲ ਉਪਰ ਦੀ ਚਮੜੀ ਦੀ ਹੀ ਸਫਾਈ ਹੁੰਦੀ ਹੈ। ਜਦੋਂ ਤੁਸੀਂ steam bath ਲੈਂਦੇ ਹੋ, Sauna bath ਲੈਂਦੇ ਹੋ ਉਸ ਨਾਲ ਤੁਹਾਡੇ ਰੋਮ ਖੁਲ੍ਹਦੇ ਹਨ, ਗਰਮਾਈ ਨਾਲ ਰੋਮ ਖੁਲ੍ਹਦੇ ਹਨ। ਪ੍ਰਾਣ ਇਸ਼ਨਾਨ ਵੀ ਕੁਝ ਇਸ ਤਰ੍ਹਾਂ ਹੀ ਹੈ, ਇਸ ਵਿਚ ਗਰਮੀ ਅੰਦਰੋਂ ਹੀ ਪੈਦਾ ਕੀਤੀ ਜਾਂਦੀ ਹੈ ਇਹ ਇੱਛਾ ਅਨੁਸਾਰ ਸ੍ਵਾਸ ਲੈ ਕੇ ਪੈਦਾ ਕੀਤੀ ਜਾਂਦੀ ਹੈ।

ਸ੍ਵਾਸਾਂ ਨਾਲ ਰੋਮਾਂ ਦੀ ਸਫਾਈ ਕੇਵਲ ਉਨ੍ਹਾਂ ਨੂੰ ਹੀ ਕਰਨੀ ਚਾਹੀਦੀ ਹੈ ਜਿਹੜੇ ਜਗਿਆਸੂ ਬਹੁਤ ਅੱਗੇ ਪਹੁੰਚ ਚੁੱਕੇ ਹੋਣ ਜਿਨ੍ਹਾਂ ਨੇ ਸ੍ਵਾਸ ਰੋਕਣੇ ਸਿੱਖ ਲਏ ਹੋਣ ਇਹ ਅਭਿਆਸ ਉਨ੍ਹਾਂ ਲਈ ਸੀ ਜਿਹੜੇ ਗੁਫਾਵਾਂ ਵਿਚ ਰਹਿੰਦੇ ਹਨ, ਕੰਦਰਾਂ ਵਿਚ ਰਹਿੰਦੇ ਹਨ ਜਿਹੜੇ ਸਮਾਧੀ ਪ੍ਰਾਪਤ ਕਰਨ ਦੀ ਇੱਛਾ ਰਖਦੇ ਹਨ। ਉਨ੍ਹਾਂ ਦਾ ਸੂਰਜ ਦੀ ਰੋਸ਼ਨੀ ਵਿਚ ਆਉਣਾ ਨਾ ਆਉਣਾ ਇਕੋ ਹੀ ਗੱਲ ਹੈ। ਪ੍ਰਾਣ ਇਸ਼ਨਾਨ ਧੁੱਪ ਦੇ ਇਸ਼ਨਾਨ ਨਾਲੋਂ ਵੀ ਚੰਗਾ ਹੈ। ਇਹ ਸਿੱਧ ਆਸਨ ਵਿਚ ਬੈਠ ਕੇ ਕੀਤਾ ਜਾਂਦਾ ਹੈ, ਇਸ ਵਿਚ ਪੇਟ ਨੂੰ ਉਪਰ ਚੁੱਕਿਆ ਜਾਂਦਾ ਹੈ ਗਲੇ ਤੇ ਬੰਦ ਲਗਾਇਆ ਜਾਂਦਾ ਹੈ। ਅੰਦਰ ਸ੍ਵਾਸ ਰੋਕੇ ਜਾਂਦੇ ਹਨ। ਇਸ ਨੂੰ ਬਹੁਤ ਹੀ ਧਿਆਨ ਨਾਲ ਕਰਨਾ ਚਾਹੀਦਾ ਹੈ ਠੀਕ ਤਰ੍ਹਾਂ ਨਾਲ ਕਰਨਾ ਚਾਹੀਦਾ ਹੈ, ਜੇ ਠੀਕ ਤਰ੍ਹਾਂ ਨਾਲ ਨਾ ਕੀਤਾ ਜਾਵੇ ਤਾਂ ਫੇਫੜਿਆਂ ਦੇ ਸੂਖਮ ਟੀਸ਼ੂ ਜ਼ਖਮੀ ਹੋ ਸਕਦੇ ਹਨ ਆਮ ਤੌਰ ਤੇ ਜਿਹੜੇ ਅਭਿਆਸ ਪਹਿਲਾਂ ਦੱਸੇ ਹਨ ਉਹ ਹੀ ਰੋਮਾਂ ਦੀ ਸਫਾਈ ਲਈ ਵੀ ਠੀਕ ਹਨ, ਕਾਫੀ ਹਨ।

ਸਰੀਰ ਤੋਂ, ਪਸੀਨੇ ਨਾਲ ਮੁਸ਼ਕ ਆਉਣੀ, ਚਮੜੀ ਤੇ ਕਿਸੇ ਕਿਸਮ ਦੇ ਦਾਗ ਪੈਣੇ ਇਹ ਮਾੜੀ ਸਿਹਤ ਦੀਆਂ ਹੀ ਨਿਸ਼ਾਨੀਆਂ ਹਨ, ਇਸ ਲਈ ਕਿਸੇ ਕਿਸਮ ਦੀ ਕੋਈ ਖੁਸ਼ਬੂ ਵਰਤਣੀ ਜਾਂ ਕੋਈ ਸਾਬਣ ਵਰਤਣੇ ਜਿਸ ਨਾਲ ਇਹ ਗੰਦੀ ਹਵਾੜ ਰੁਕ ਜਾਏ, ਚਮੜੀ ਤੇ ਲੋਸ਼ਨ ਲਾਉਣੇ ਇਸ ਤਰ੍ਹਾਂ ਕਰਨ ਨਾਲ ਤਾਂ ਕੇਵਲ ਇਨ੍ਹਾਂ ਨੂੰ ਲੁਕਾਇਆ ਹੀ ਜਾਂਦਾ ਹੈ ਜਿਸ ਨਾਲ ਤੁਸੀਂ ਗੰਦ ਨੂੰ ਲੁਕਾ ਲੈਂਦੇ ਹੋ ਤੇ ਇਨ੍ਹਾਂ ਰਸਾਇਣਾਂ ਨਾਲ ਵਧੇਰੇ ਸਮੱਸਿਆ ਖੜੀ ਹੋ ਜਾਂਦੀ ਹੈ। ਇਨ੍ਹਾਂ ਦਾ ਜ਼ਹਿਰ ਇਨ੍ਹਾਂ ਦੇ ਗੰਦ ਦਾ ਵਧੇਰਾ ਭਾਰ ਫੇਰ ਗੁਰਦਿਆਂ ਨੂੰ ਚੁਕਣਾ ਪੈਂਦਾ ਹੈ ਜਿਸ ਨਾਲ ਗੁਰਦਿਆਂ ਤੇ ਵਧੇਰੇ ਭਾਰ ਪੈਂਦਾ ਹੈ ਉਨ੍ਹਾਂ ਨੂੰ ਵਧੇਰੇ ਕੰਮ ਕਰਨਾ ਪੈਂਦਾ ਹੈ। ਮਨੁੱਖੀ ਸਰੀਰ ਦੀ ਬਣਤਰ ਹੀ ਪਸੀਨਾ ਆਉਣ ਲਈ ਹੈ। ਪਸੀਨਾ ਆਉਣ ਦਾ ਕਾਰਣ ਵੀ ਹੈ ਉਸ ਦਾ ਮੰਤਵ ਵੀ ਹੈ, ਸਫਾਈ ਦੇ ਇਸ ਨਿਯਮ ਨੂੰ ਭੰਗ ਕਰਨ ਤੋਂ ਭਾਵ ਹੈ ਤੁਸੀਂ ਆਪਣੀ ਸਿਹਤ ਨਾਲ ਖਿਲਵਾੜ ਕਰ ਰਹੇ ਹੋ ਤੁਸੀਂ ਬਿਮਾਰੀ ਨੂੰ ਸੱਦਾ ਦੇ ਰਹੇ ਹੋ। ਪ੍ਰਾਣ ਇਸ਼ਨਾਨ ਤੋਂ ਇਲਾਵਾ ਰੋਮਾਂ ਨੂੰ ਹੋਰ ਕਈ ਯੋਗ ਦੇ ਅਭਿਆਸਾਂ ਨਾਲ ਸਾਫ ਕੀਤਾ ਜਾ ਸਕਦਾ ਹੈ ਜਿਵੇਂ ਕਿ ਮੋਰ ਆਸਨ, ਸੀਸ ਆਸਨ, ਵਾਸਤਵ ਵਿਚ ਇਨ੍ਹਾਂ ਨਾਲ ਵਧੇਰੇ ਚੰਗੀ ਸਫਾਈ ਹੁੰਦੀ ਹੈ, ਕਿਤੇ ਵਧੇਰੇ ਚੰਗੀ ਦੌੜਨ ਨਾਲੋਂ ਵਧ ਚੰਗੀ ਜਾਂ ਹੋਰ ਕਈ ਹੋਰ ਜ਼ੋਰਦਾਰ ਵਿਆਮ ਨਾਲੋਂ।

ਸਫਾਈ ਕਰਨ ਦੀਆਂ ਕਈ ਹੋਰ ਚੰਗੀਆਂ ਕਸਰਤਾਂ ਹਨ ਜਿਨ੍ਹਾਂ ਨੂੰ ਕਿਰਿਆ ਕਹਿੰਦੇ ਹਨ, ਇਨ੍ਹਾਂ ਦਾ ਵਰਨਣ ਪੁਰਾਤਨ ਖਰੜਿਆਂ ਵਿਚ ਕੀਤਾ ਗਿਆ ਹੈ ਇਸ ਨਾਲ ਅੰਦਰ ਦੀ ਸਫਾਈ ਕੀਤੀ ਜਾਂਦੀ ਹੈ ਇਨ੍ਹਾਂ ਨੂੰ ਕਰਕੇ ਤੁਸੀਂ ਆਪਣੇ ਆਪ ਨੂੰ ਨਰੋਏ ਮਹਿਸੂਸ ਕਰਦੇ ਹੋ, ਸਾਫ ਸੁਥਰੇ ਮਹਿਸੂਸ ਕਰਦੇ ਹੋ, ਤੁਹਾਡੇ ਅੰਦਰੋਂ ਵਾਧੂ ਬਲਗਮ ਤੇ ਹੋਰ ਕਾਫੀ ਗੰਦ ਨਿਕਲ ਜੰਦਾ ਹੈ ਜਦੋਂ ਇਹ ਕਰਨ ਲਗ ਜਾਓ ਤਾਂ ਇਹ ਓਨੇ ਹੀ ਆਵਸ਼ਕ ਬਣ ਜਾਂਦੇ ਹਨ ਜਿੰਨਾਂ ਤੁਹਾਡਾ ਰੋਜ਼ ਦਾ ਨਾਹੁੰਣਾ ਧੋਣਾ। ਸਭ ਤੋਂ ਪਹਿਲਾਂ ਹੈ ਉਪਰ ਵਾਲੇ ਹਿੱਸੇ ਦੀ ਸਫਾਈ ਜਿਸ ਵਿਚ ਫੇਫੜੇ ਤੇ ਪੇਟ ਦੀ ਸਫਾਈ ਕੀਤੀ ਜਾਂਦੀ ਹੈ, ਬੈਠ ਕੇ ਤੁਸੀਂ ਤਕਰੀਬਨ ਡੇਢ ਗੈਲਨ ਪਾਣੀ ਪੀਂਦੇ ਹੋ, ਕੋਸਾ ਪਾਣੀ ਵਿਚ ਥੋੜ੍ਹਾ ਜਿਹਾ ਲੂਣ ਪਾ ਕੇ ਜਿੰਨੀ ਛੇਤੀ ਹੋ ਸਕੇ ਓਨੀ ਛੇਤੀ-ਛੇਤੀ ਪੀਂਦੇ ਹੋ ਫੇਰ ਤੁਸੀਂ ਉਸਨੂੰ ਕੱਢਦੇ ਹੋ ਇਹ ਕਿਰਿਆ ਖਾਲੀ ਪੇਟ ਕੀਤੀ ਜਾਂਦੀ ਹੈ, ਇਸਨੂੰ ਕਰਨ ਤੋਂ ਬਾਅਦ ਕੇਵਲ ਜੂਸ ਹੀ ਪੀਤਾ ਜਾਂਦਾ ਹੈ। ਦੂਸਰੀ ਕਿਰਿਆ ਹੈ ਜਿਸਨੂੰ 'ਧੋਤੀ' ਕਿਹਾ ਜਾਂਦਾ ਹੈ ਇਹ ਵਿਸ਼ੇਸ਼ ਤੌਰ ਤੇ ਖਾਣ ਦੀ ਨਾਲੀ ਵਿਚੋਂ ਬਲਗਮ ਕੱਢਣ ਲਈ ਤੇ ਪੇਟ ਵਿਚੋਂ ਬਲਗਮ ਕੱਢਣ ਲਈ ਕੀਤੀ ਜਾਂਦੀ ਹੈ। ਇਸ ਵਿਚ ਤੁਸੀਂ ਤਿੰਨ ਇੰਚ ਸੂਤੀ ਸਾਫ ਕਪੜੇ ਦੀ ਚੌੜੀ ਟਾਕੀ ਜੋ ਕਿ ਕੋਈ ਵੀਹ ਫੁੱਟ ਲੰਮੀ ਹੁੰਦੀ ਹੈ ਉਹ ਅੰਦਰ ਕਰਦੇ ਹੋ ਭਾਵ ਖਾਂਦੇ ਹੋ। ਸੋ ਅੰਦਰੋਂ ਉਸ ਕਪੜੇ ਨੂੰ ਕੱਢਣ ਦੀ ਕਾਹਲ ਉਠਦੀ ਹੈ ਉਸ ਦੇ ਨਾਲ ਬਲਗਮ ਵੀ ਨਿਕਲਦੀ ਹੈ। ਇਹ ਸਾਰੇ ਤਰੀਕੇ ਦੇਖਣ ਵਿਚ ਭਾਵੇਂ ਔਖੇ ਲਗਦੇ ਹੋਣ ਪਰ ਜਦੋਂ ਇਨ੍ਹਾਂ ਨੂੰ ਸਿਖ ਲਿਆ ਜਾਵੇ ਇਹ ਸੌਖੇ ਲਗਣ ਲਗ ਪੈਂਦੇ ਹਨ।

ਸਿਹਤ ਵਿਗਿਆਨ ਵਿਚ ਬਲਗਮ ਕੇਵਲ ਅੰਦਰ ਦੇ ਅੰਗਾਂ ਦਾ ਇਕ ਗੰਦ ਹੈ। ਯੋਗੀ ਲਈ ਬਲਗਮ ਕੇਵਲ ਇਕ ਮੁਆਦ ਨਹੀਂ ਇਹ ਤਾਂ ਸਰੀਰ ਦੀ ਇਕ ਉਹ ਕਿਰਿਆ ਹੈ ਜਿਸ ਰਾਹੀਂ ਤੁਸੀਂ ਅੰਦਰ ਦੇ ਗੰਦ ਤੋਂ ਛੁਟਕਾਰਾ ਪਾਉਂਦੇ ਹੋ। ਇਸੇ ਕਰਕੇ ਵਧੇਰੇ ਬਲਗਮ ਨਜ਼ਲਾ ਸਦਾ ਤੋਂ ਹੀ ਇਕ ਮਾੜੀ ਸਿਹਤ ਦੀ ਨਿਸ਼ਾਨੀ ਦੇਖਿਆ ਜਾਂਦਾ ਰਿਹਾ ਹੈ। ਬਹੁਤ ਸਾਰੀਆਂ ਬਿਮਾਰੀਆਂ ਫੇਫੜਿਆਂ ਦਾ ਰੋਗ, ਪੇਟ ਦੀਆਂ

ਬਿਮਾਰੀਆਂ ਦਮਾ, ਬਦਹਜ਼ਮੀ ਬਹੁਤ ਸਾਰੀਆਂ ਇਹੋ ਜਿਹੀਆਂ ਬਿਮਾਰੀਆਂ ਉਪਰ ਦਿਤੀਆਂ ਕਿਰਿਆ ਕਰਨ ਨਾਲ ਠੀਕ ਹੋਈਆਂ ਹਨ।

ਜਿਵੇਂ ਕਿ ਫੇਫੜਿਆਂ ਦਾ, ਰੋਮਾਂ ਦਾ ਨਿਯਮਣ ਹੋਣਾ ਜ਼ਰੂਰੀ ਹੈ, ਇਸ ਤਰ੍ਹਾਂ ਹੀ ਗੁਰਦੇ ਤੇ ਅੰਦਰ ਦੀਆਂ ਆਂਤੜੀਆਂ ਦਾ ਨਿਯਮਤ ਹੋਣਾ ਵੀ ਓਨਾਂ ਹੀ ਅਵਸ਼ਕ ਹੈ, ਗੁਰਦੇ ਸਾਡੇ ਸਰੀਰ ਦਾ ਫਿਲਟਰ ਹਨ, ਇਨ੍ਹਾਂ ਦੀ ਨਿਤ ਦੀ ਆਪਣੀ ਸਫਾਈ ਬਹੁਤ ਹੀ ਜ਼ਰੂਰੀ ਹੈ। ਗੁਰਦੇ ਦੀ ਸਫਾਈ ਕਿਵੇਂ ਹੁੰਦੀ ਹੈ? ਪੁਰਾਤਨ ਸਮੇਂ ਵਿਚ ਬਜ਼ੁਰਗਾਂ ਨੇ ਦੇਖਿਆ ਸੀ ਸਭ ਤੋਂ ਚੰਗਾ ਤਰੀਕਾ ਹੈ, ਪਨੀਰ ਦਾ ਪਾਣੀ ਪੀਣਾ। ਮੈਂ ਕਰਕੇ ਦੇਖਿਆ ਹੈ ਇਹ ਸੱਚਮੁਚ ਹੀ ਸਭ ਤੋਂ ਉਤਮ ਤਰੀਕਾ ਹੈ। ਇਹ ਪੀਣ ਵਿਚ ਕੋਈ ਸੁਆਦ ਨਹੀਂ ਹੁੰਦਾ। ਤੁਸੀਂ ਇਸ ਵਿਚ ਸ਼ਹਿਦ ਪਾ ਸਕਦੇ ਹੋ, ਇਹ ਪਾਣੀ ਗਰਮ ਨਹੀਂ ਪੀਣਾ ਚਾਹੀਦਾ ਇਸ ਦੀ ਵਰਤੋਂ ਨਾਲ ਵਧੇਰੇ ਪਿਸ਼ਾਬ ਆ ਕੇ ਗੁਰਦਿਆਂ ਦੀ ਸਫਾਈ ਹੁੰਦੀ ਹੈ।

ਗੁਰਦਿਆਂ ਦੀ ਸਫਾਈ ਦਾ ਦੂਸਰਾ ਤਰੀਕਾ ਹੈ ਕਿ ਤੁਸੀਂ ਬਹੁਤ ਸਾਰਾ ਪਾਣੀ ਪੀਓ, ਕੇਵਲ ਪਾਣੀ ਕੋਈ ਵੀ ਗੈਸ ਵਾਲੀ ਚੀਜ਼ ਨਹੀਂ, ਸੋਡਾ ਕੋਈ ਵੀ ਬੋਤਲ ਵਾਲਾ ਠੰਢਾ ਨਹੀਂ, ਬੋਤਲਾਂ ਦਾ ਸਾਰਾ ਠੰਢਾ (ਸੋਢਾ, ਕੋਕ. ਲੈਮਨ ਆਦਿ) ਸਭ ਬਹੁਤ ਹਾਨੀਕਾਰਕ ਹਨ ਇਹ ਆਂਤੜੀਆਂ ਵਿਚ ਜਲਨ ਪੈਦਾ ਕਰਦੇ ਹਨ ਤੇ ਗੁਰਦਿਆਂ ਵਿਚ ਇਨ੍ਹਾਂ ਦੀ ਪਰਤ ਜਮ੍ਹਾਂ ਹੋ ਜਾਂਦੀ ਹੈ। ਮੈਂ ਬਹੁਤ ਵਾਰੀ ਨਲਕੇ ਦਾ ਪਾਣੀ ਵੀ ਨਹੀਂ ਪੀਂਦਾ ਕਿਉਂਕਿ ਇਸ ਵਿਚ ਵੀ ਬਹੁਤ ਸਾਰੇ ਰਸਾਇਣ ਹੁੰਦੇ ਹਨ ਉਹ ਵੀ ਆਂਤੜੀਆਂ ਵਿਚ ਜਲਨ ਪੈਦਾ ਕਰਦਾ ਹੈ ਤੇ ਗੁਰਦੇ ਵਿਚ ਵੀ ਇਨ੍ਹਾਂ ਦੀ ਪਰਤ ਜਮ ਜਾਂਦੀ ਹੈ। ਮੈਂ ਹੋ ਸਕੇ ਤਾਂ ਖੂਹ ਦਾ ਪਾਣੀ ਪੀਂਦਾ ਹਾਂ, ਖੂਹ ਹਰ ਸਾਲ ਸਾਫ ਕੀਤਾ ਜਾਣਾ ਚਾਹੀਦਾ ਹੈ, ਚਸ਼ਮੇ ਦਾ ਪਾਣੀ ਵੀ ਠੀਕ ਹੁੰਦਾ ਹੈ। ਇਕ ਵਾਰੀ ਮੈਂ ਨਦੀ ਕੋਲ ਰਹਿੰਦਾ ਸੀ। ਨਦੀ ਦਾ ਪਾਣੀ ਵੀ ਠੀਕ ਹੁੰਦਾ ਹੈ, ਜਦੋਂ ਸ਼ਹਿਰ ਆਇਆ ਮੈਂ ਦੇਖਿਆ ਪਾਣੀ ਬੋਤਲਾਂ ਵਿਚ ਮਿਲਦਾ ਹੈ। ਭਾਵੇਂ ਪਾਣੀ ਕਿੰਨਾ ਹੀ ਚੰਗਾ ਕਿਉਂ ਨਾ ਹੋਵੇ ਬੋਤਲ ਵਿਚ ਵਧੇਰੇ ਦੇਰ ਰੱਖ ਕੇ ਉਹ ਠੀਕ ਰਹਿ ਹੀ ਨਹੀਂ ਸਕਦਾ। ਮੈਂ ਬੋਤਲਾਂ ਦਾ ਪਾਣੀ ਪੀਣ ਦੇ ਹੱਕ ਵਿਚ ਨਹੀਂ।

ਸਭ ਤੋਂ ਵੱਧ ਚੰਗਾ ਤਰਲ ਪਦਾਰਥ ਫਲਾਂ ਵਿਚੋਂ ਮਿਲਦਾ ਹੈ, ਸਬਜ਼ੀਆਂ ਵਿਚੋਂ ਮਿਲਦਾ ਹੈ। ਸੰਤਰੇ ਦਾ ਜੂਸ, ਖੀਰੇ ਦਾ ਜੂਸ ਜਾਂ ਨਿੰਬੂ ਪਾਣੀ ਸਵੇਰੇ ਪੀਣ ਨਾਲ ਗੁਰਦੇ ਦੀ ਸਫਾਈ ਚੰਗੀ ਤਰ੍ਹਾਂ ਹੁੰਦੀ ਹੈ। ਇਕ ਗੱਲ ਯਾਦ ਰੱਖੋ ਜਦੋਂ ਤੁਸੀਂ ਪਿਆਸੇ ਹੋ ਤਾਂ ਕੇਵਲ ਪਾਣੀ ਹੀ ਪੀਵੋ ਫੇਰ ਕੋਈ ਜੂਸ ਜਾਂ ਬੋਤਲ ਵਾਲੀ ਕੋਈ ਚੀਜ਼ ਨਹੀਂ ਪੀਵੋ।

ਆਂਤੜੀਆਂ ਦੀ ਵੀ ਸਫਾਈ ਹੋਣੀ ਚਾਹੀਦੀ ਹੈ ਇਸ ਵਾਸਤੇ ਤੁਹਾਨੂੰ ਸਵੇਰੇ ਉਠਦਿਆਂ ਹੀ ਪੇਟ ਖਾਲੀ ਕਰਨ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਲਈ ਸਭ ਤੋਂ ਚੰਗਾ ਤਰੀਕਾ ਹੈ ਸਵੇਰੇ ਉਠ ਕੇ ਪਾਣੀ ਦੇ ਗਿਲਾਸ ਵਿਚ ਇਕ ਨਿੰਬੂ ਨਚੋੜੋ, ਚੁਟਕੀ ਲੂਣ ਪਾਓ, ਪਾਣੀ ਉਬਾਲ ਕੇ ਠੰਢਾ ਕੀਤਾ ਹੋਣਾ ਚਾਹੀਦਾ ਹੈ, ਲੂਣ ਪਾਕਿਸਤਾਨੀ ਹੋਣਾ ਚਾਹੀਦਾ ਹੈ, ਇਹ ਲੂਣ ਵਧੇਰੇ ਸ਼ੁੱਧ ਹੁੰਦਾ ਹੈ, ਇਸ ਨੂੰ ਪੀ ਕੇ ਸਾਰੀਆਂ ਨਾੜੀਆਂ ਸਾਫ ਹੋ ਜਾਂਦੀਆਂ ਹਨ। ਯਾਦ ਰਹੇ ਵਧੇਰੇ ਲੂਣ ਨਹੀਂ ਪਾਉਣਾ ਬੱਸ ਚੁਟਕੀ ਹੀ ਕਾਫੀ ਹੈ।

ਪਾਣੀ ਵਿਚ ਥੋੜ੍ਹਾ ਸ਼ਹਿਦ ਪਾਉਣ ਨਾਲ ਥੋੜ੍ਹਾ ਸੁਆਦ ਹੋ ਜਾਂਦਾ ਹੈ, ਪੀਣਾ ਸੌਖਾ ਹੋ ਜਾਂਦਾ ਹੈ। ਸ਼ਹਿਦ ਬਹੁਤ ਹੀ ਸ਼ਾਂਤ ਕਰਨ ਵਾਲਾ ਹੁੰਦਾ ਹੈ। ਸ਼ਹਿਦ ਆਂਤੜੀਆਂ ਨੂੰ ਸ਼ਾਂਤ ਕਰਦਾ ਹੈ, ਇਹ ਵੱਡੀ ਪੇਟ ਦੀ ਆਂਤੜੀ ਲਈ ਬਹੁਤ ਅੱਛਾ ਹੁੰਦਾ ਹੈ। ਸ਼ਹਿਦ ਦੀ ਮੱਖੀ ਹੀ ਕੇਵਲ ਜਾਣਦੀ ਹੈ ਕਿ ਸ਼ਹਿਦ ਕਿਵੇਂ ਬਣਾਉਣਾ ਹੈ। ਸ਼ਹਿਦ ਦੀ ਮੱਖੀ ਵੱਖ-ਵੱਖ ਫੁਲਾਂ ਤੋਂ ਰਸ ਚੂਸਦੀ ਹੈ ਫੇਰ ਉਸ ਦਾ ਸ਼ਹਿਦ ਬਣਾਉਂਦੀ ਹੈ। ਚੰਗੇ ਵਿਦਿਆਰਥੀਆਂ ਨੂੰ ਵੀ ਸ਼ਹਿਦ ਦੀ ਮੱਖੀ ਦੀ ਤਰ੍ਹਾਂ ਹੋਣਾ ਚਾਹੀਦਾ ਹੈ ਜਿਵੇਂ ਮੱਖੀ ਵੱਖ-ਵੱਖ ਫੁਲਾਂ ਦਾ ਰਸ ਚੂਸਦੀ ਹੈ ਫੇਰ ਉਸ ਦਾ ਸ਼ਹਿਦ ਬਣਾਉਂਦੀ ਹੈ, ਵਿਦਿਆਰਥੀ ਨੂੰ ਜਿਥੋਂ ਜੋ ਚੰਗਾ ਮਿਲੇ ਉਹ ਲੈ ਕੇ ਆਪਣੇ ਮਨ ਤੇ ਆਤਮਾ ਨੂੰ ਮਿੱਠਾ ਬਣਾਉਣਾ ਚਾਹੀਦਾ ਹੈ।

ਨਿੰਬੂ ਵਾਲਾ ਪਾਣੀ ਪੀ ਕੇ ਧਰਤੀ ਤੇ ਬੈਠੋ ਪੈਰ ਦੂਰ-ਦੂਰ ਕਰ ਲਵੋ, ਗੋਡਿਆਂ ਤੇ ਹੱਥ ਰੱਖੋ ਗੋਡੇ ਨੂੰ ਧਰਤੀ ਤੇ ਲਗਾਓ ਪਹਿਲਾਂ ਇਕ ਫੇਰ ਦੂਸਰਾ ਲੱਤ ਦੇ ਪੈਰ ਦੇ ਸਾਮ੍ਹਣੇ। ਇਕ ਲੱਤ ਨੂੰ ਥੱਲੇ ਫਰਸ਼ ਤੇ ਰੱਖੋ, ਦੂਸਰੀ ਲੱਤ ਨੂੰ ਪੇਟ ਤੇ ਦਬਾਓ ਚੁੱਕ ਕੇ ਉਸ ਨਾਲ ਆਂਤੜੀਆਂ ਤੇ ਦਬਾਅ ਪੈ ਜਾਵੇਗਾ। ਇਸ ਤਰ੍ਹਾਂ ਦੱਸ ਪੰਦਰਾਂ ਵਾਰੀ ਪਹਿਲਾਂ ਇਕ ਲੱਤ ਨਾਲ ਫੇਰ ਦੂਸਰੀ ਨਾਲ ਕਰੋ। ਦੁੱਧ ਪੀਣ ਨਾਲ ਵੀ ਆਂਤੜੀਆਂ ਚੰਗੀ ਤਰ੍ਹਾਂ ਸਾਫ ਹੋ ਜਾਂਦੀਆਂ ਹਨ। ਤੁਹਾਨੂੰ ਪੇਟ ਸਾਫ ਕਰਨ ਲਈ ਕੇਵਲ ਪੰਜ ਮਿੰਟ ਜਾਂ ਵੱਧ ਤੋਂ ਵੱਧ ਦਸ ਮਿੰਟ ਲਗਣੇ ਚਾਹੀਦੇ ਹਨ ਜੇ ਵੱਧ ਲਗਦੇ ਹਨ ਤਾਂ ਕੋਈ ਖਰਾਬੀ ਹੈ, ਉਥੇ ਬੈਠ ਕੇ ਸੋਚਣਾ ਪੜ੍ਹਨਾ ਗਲਤ ਹੈ ਉਸ ਨਾਲ ਬਵਾਸੀਰ ਹੋ ਸਕਦੀ ਹੈ।

ਭਾਵੇਂ ਕਬਜ਼ ਕੋਈ ਐਸੀ ਬਿਮਾਰੀ ਨਹੀਂ, ਕਬਜ਼ ਦਾ ਕਾਰਣ ਹੁੰਦਾ ਹੈ ਪੋਸ਼ਟਕ ਆਹਾਰ ਨਾ ਖਾਣਾ, ਸੋਚ ਮਾੜੀ ਹੋਣੀ, ਚਿੰਤਾ ਰੱਖਣੀ ਜੇ ਤੁਹਾਡੇ ਭੋਜਨ ਵਿਚ ਵਧੇਰੇ ਉਹ ਖਾਣ ਪੀਣ ਹੋਵੇਗਾ ਜਿਸ ਵਿਚ ਚੰਗੀ ਮਾਤਰਾ ਵਿਚ ਅਣਛਾਣਿਆ, ਮੋਟਾ ਸਾਦਾ ਪਨ ਹੋਵੇਗਾ ਤੁਹਾਨੂੰ ਕਦੀ ਕਬਜ਼ ਹੋ ਹੀ ਨਹੀਂ ਸਕਦੀ, ਤੁਹਾਡੀਆਂ ਆਂਤੜੀਆਂ ਸਦਾ ਹੀ ਠੀਕ ਰਹਿਣਗੀਆਂ। ਤੁਹਾਡਾ ਪੇਟ ਸਾਫ ਹੋਣ ਦਾ ਸਮਾਂ ਨਿਯਤ ਹੋ ਜਾਵੇਗਾ। ਇਕ ਵਾਰੀ ਜਦੋਂ ਪੇਟ ਸਾਫ ਹੋ ਜਾਵੇ ਉਸ ਤੋਂ ਬਾਅਦ ਇਕ ਦਮ ਕੁਛ ਖਾਣਾ ਨਹੀਂ ਚਾਹੀਦਾ।

ਸਭ ਤੋਂ ਚੰਗਾ ਸਾਦਾ ਮੋਟਾ ਖਾਣ ਪੀਣ ਹੈ ਫਲ, ਸਬਜ਼ੀਆਂ, ਕਣਕ ਦਾ ਆਟਾ, ਸਾਦਾ ਖਾਣਾ ਮੋਟਾ ਮੋਟਾ ਭੋਜਨ ਹੀ ਹੈ, ਮੈਦਾ ਨਹੀਂ ਮੋਟਾ ਆਟਾ। ਬਹੁਤ ਭੁੰਨੀਆਂ ਕੜ੍ਹੀਆਂ ਸਬਜ਼ੀਆਂ ਨਹੀਂ ਸਾਦੀ ਤਰ੍ਹਾਂ ਘੱਟ ਮਸਾਲੇ ਵਿਚ ਬਣੀਆਂ ਸਬਜ਼ੀਆਂ ਹੀ ਪੋਸ਼ਟਕ ਹਨ।

ਮਰੋੜੇ, ਕਬਜ਼, ਪੇਟ ਦੀ ਸਫਾਈ ਨਿਯਮਤ ਰੂਪ ਨਾਲ ਨਾ ਹੋਣੀ ਆਂਤੜੀਆਂ ਦਾ ਠੀਕ ਕੰਮ ਨਾ ਕਰਨਾ, ਇਹ ਸਭ

ਕੁਝ ਵਰਤ ਰੱਖ ਕੇ ਕੰਟਰੋਲ ਕੀਤਾ ਜਾ ਸਕਦਾ ਹੈ। ਆਯੁਰਵੇਦ ਦਾ ਤਰੀਕਾ ਦਸਦਾ ਹੈ ਕਿ ਵਰਤ ਰੱਖਣਾ ਬਹੁਤ ਜ਼ਰੂਰੀ ਹੈ, ਤੁਹਾਡੀ ਸਿਹਤ ਲਈ ਜ਼ਰੂਰੀ ਹੈ ਅੰਦਰ ਦੀ ਸਫਾਈ ਲਈ ਜ਼ਰੂਰੀ ਹੈ। ਪਰ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਕਿਉਂ ਵਰਤ ਰੱਖ ਰਹੇ ਹੋ ਤੁਹਾਡੇ ਵਰਤ ਰੱਖਣ ਦੀ ਕੋਈ ਖਾਸ ਵਜ੍ਹਾ ਹੋਣੀ ਚਾਹੀਦੀ ਹੈ। ਕਾਰਣ ਹੋਣਾ ਚਾਹੀਦਾ ਹੈ। ਕਈ ਲੋਕ ਤਾਂ ਬੜੇ ਗਲਤ ਕਾਰਨਾਂ ਕਰਕੇ ਵਰਤ ਰੱਖਦੇ ਹਨ ਜਿਵੇਂ ਕਿ ਜੇ ਤੂੰ ਮੇਰੀ ਗੱਲ ਨਾ ਮੰਨੀ ਤਾਂ ਮੈਂ ਕੁਛ ਨਹੀਂ ਖਾਣਾ ਜਾਂ ਫੇਰ ਮੈਂ ਦੱਸ ਕਿਲੋ ਵਜ਼ਨ ਘਟਾਉਣਾ ਹੈ ਮੈਂ ਕੁਛ ਨਹੀਂ ਖਾਣਾ। ਇਹ ਕੋਈ ਠੀਕ ਕਾਰਣ ਨਹੀਂ ਹਨ, ਬਹੁਤ ਸਾਰੇ ਲੋਕੀ ਇਸ ਤਰ੍ਹਾਂ ਕਰਦੇ ਹਨ ਕਿਉਂਕਿ ਉਹ ਆਪਣੇ ਆਪ ਨੂੰ ਕੋਂਹਦੇ ਹਨ, ਆਪਣੇ ਆਪ ਨੂੰ ਦੁਰਕਾਰਦੇ ਰਹਿੰਦੇ ਹਨ, ਉਹ ਸੋਚਦੇ ਹਨ ਉਹ ਮਲੀਨ ਹਨ ਉਨ੍ਹਾਂ ਨੇ ਕੁਝ ਗਲਤ ਕੰਮ ਕੀਤਾ ਹੈ ਉਹ ਆਪਣੇ ਮਨ ਵਿਚੋਂ ਇਹ ਗੱਲਾਂ ਕੱਢ ਨਹੀਂ ਸਕਦੇ ਉਹ ਸੋਚਦੇ ਹਨ ਵਰਤ ਰੱਖ ਕੇ ਉਹ ਇਨ੍ਹਾਂ ਗੱਲਾਂ ਤੋਂ ਛੁਟਕਾਰਾ ਪਾ ਲੈਣਗੇ।

ਇਕ ਬੀਬਾ ਨੇ ਮੈਨੂੰ ਦੱਸਿਆ ਉਹ ਤਿੰਨ ਮਹੀਨਿਆਂ ਤੋਂ ਵਰਤ ਰੱਖ ਰਹੀ ਹੈ ਉਹ ਕਹਿਣ ਲੱਗੀ ਮੈਂ ਇਕ ਵਕਤ ਹੀ ਭੋਜਨ ਕਰਦੀ ਹਾਂ, ਮੈਂ ਕਿਹਾ ਇਹ ਤਾਂ ਕੋਈ ਵਰਤ ਨਹੀਂ ਹੈ ਜੇ ਇਹ ਵਰਤ ਹੈ ਤਾਂ ਮੈਂ ਤਾਂ ਸਾਰਾ ਜੀਵਨ ਹੀ ਵਰਤ ਰੱਖਿਆ ਹੈ। ਬਹੁਤ ਸਾਰੇ ਲੋਕ ਪੂਰੇ ਵਰਤ ਦੀ ਗੱਲ ਕਰਦੇ ਹਨ, ਉਹ ਜਦੋਂ ਵਰਤ ਰੱਖਦੇ ਹਨ ਉਹ ਨਾ ਕੁਝ ਖਾਂਦੇ ਹਨ ਨਾ ਹੀ ਪਾਣੀ ਤੱਕ ਪੀਂਦੇ ਹਨ। ਵਰਤ ਰੱਖਣ ਦਾ ਇਹ ਠੀਕ ਤਰੀਕਾ ਨਹੀਂ ਹੈ। ਸੰਸਾਰ ਦਾ ਕੋਈ ਵੀ ਡਾਕਟਰੀ ਜਾਂ ਯੋਗਕ, ਪ੍ਰਮਾਣ ਪੁਰਖ, ਪ੍ਰਮਾਣ ਪੱਤਰ ਇਸ ਗੱਲ ਦੀ ਪੁਸ਼ਟੀ ਨਹੀਂ ਕਰਦੇ ਕਿ ਪੂਰੀ ਤਰ੍ਹਾਂ ਨਾਲ ਵਰਤ ਰੱਖਿਆ ਜਾਵੇ, ਸਿੱਖ ਪ੍ਰਨਾਲੀ ਵਿਚ ਤਾਂ ਵਰਤ ਰੱਖਣਾ ਨਖੇਦਿਆ ਗਿਆ ਹੈ।

***ਛੋਡਹਿ ਅੰਨੁ ਕਰਹਿ ਪਾਖੰਡ ॥***
***ਨਾ ਸੋਹਾਗਨਿ ਨਾ ਓਹਿ ਰੰਡ ॥***
***ਜਗ ਮਹਿ ਬਕਤੇ ਦੂਧਾਧਾਰੀ ॥***
***ਗੁਪਤੀ ਖਾਵਹਿ ਵਟਿਕਾ ਸਾਰੀ ॥ ੩ ॥***
***ਅੰਨੈ ਬਿਨਾ ਨ ਹੋਇ ਸੁਕਾਲੁ ॥***
***ਤਜਿਐ ਅੰਨਿ ਨ ਮਿਲੈ ਗੁਪਾਲੁ ॥***
***ਕਹੁ ਕਬੀਰ ਹਮ ਐਸੇ ਜਾਨਿਆ ॥***
***ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥***

***ਅੰਗ - ੮੭੩***

***ਅਲਪ ਆਹਾਰ ਸੁਲਪ ਸੀ ਨਿੰਦ੍ਰਾ***
***ਦਯਾ ਛਿਮਾ ਤਨ ਪ੍ਰੀਤਿ॥***

ਜਦੋਂ ਤੁਸੀਂ ਵਰਤ ਰਖਦੇ ਹੋ ਤੁਹਾਨੂੰ ਤਰਲ ਪਦਾਰਥ ਲੈਣੇ ਚਾਹੀਦੇ ਹਨ, ਖਾਣਾ ਕੁਝ ਨਹੀਂ ਚਾਹੀਦਾ, ਜੂਸ ਪੀਣਾ ਚਾਹੀਦਾ ਹੈ, ਸੰਤਰੇ ਦਾ ਜੂਸ ਕੱਢ ਕੇ ਪਾਣੀ ਜਿੰਨਾ ਹੋ ਸਕੇ ਪੀਣਾ ਚਾਹੀਦਾ ਹੈ ਸ਼ਹਿਦ ਇਕ ਦੋ ਵਾਰੀ ਲੈਣਾ ਚਾਹੀਦਾ ਹੈ ਸਭ ਤੋਂ ਉਤਮ ਹੈ ਨਿੰਬੂ ਪਾਣੀ ਵਿਚ ਸ਼ਹਿਦ ਪਾ ਕੇ ਪੀਣਾ।

ਮੈਂ ਬਹੁਤ ਵਾਰੀ ਵਰਤ ਰੱਖੇ ਹਨ, ਪਰ ਮੈਂ ਬਹੁਤ ਹੀ ਸੁਚੱਜੇ ਤਰੀਕੇ ਨਾਲ ਕਰਦਾ ਹਾਂ, ਹਰ ਸਪਤਾਹ ਵਰਤ ਰਖਣਾ ਹਾਨੀਕਾਰਕ ਹੋ ਸਕਦਾ ਹੈ ਇਸ ਨਾਲ ਤੁਹਾਡੀ ਸ਼ਕਤੀ ਘਟਦੀ ਹੈ, ਫੇਫੜਿਆਂ ਦੀ ਤੇ ਆਂਤੜੀਆਂ ਦੀ ਗਤੀ ਵਿਚ ਫਰਕ ਪੈਂਦਾ ਹੈ ਗਤੀ ਆਸਾਧਰਣ ਹੋ ਜਾਂਦੀ ਹੈ। ਆਪਣੀ ਖ਼ੁਰਾਕ ਨੂੰ ਸੋਚ ਸਮਝ ਕੇ ਨਿਯਮਤ ਕਰਨਾ, ਖਾਣੇ ਦੀ ਪੂਰੀ ਪੋਸ਼ਟਕਤਾ ਨੂੰ ਜਾਨਣਾ ਵਧੇਰੇ ਜ਼ਰੂਰੀ ਹੈ, ਵਰਤ ਰੱਖਣਾ ਐਨਾ ਜ਼ਰੂਰੀ ਨਹੀਂ। ਜੇ ਤੁਹਾਡਾ ਆਹਾਰ ਸ਼ੁੱਧ ਤੇ ਪੋਸ਼ਟਕ ਹੈ ਤੁਹਾਨੂੰ ਵਰਤ ਰੱਖਣ ਦੀ ਲੋੜ ਹੀ ਨਹੀਂ। ਹਾਂ ਕਦੀ ਕਦੀ ਕੁਛ ਖਾਸ ਸਮੇਂ ਕਿਸੇ ਖਾਸ ਕਾਰਣ ਕਰਕੇ ਵਰਤ ਰੱਖਣ ਠੀਕ ਹੈ ਪਰ ਕਿਸੇ ਖਾਸ ਰੇਖ ਦੇਖ ਹੇਠਾਂ ਹੀ ਇਹ ਕੀਤਾ ਜਾਵੇ ਤਾਂ ਠੀਕ ਹੈ, ਜਿਹੜਾ ਤੁਹਾਡੇ ਸਰੀਰ ਨੂੰ ਚੰਗੀ ਤਰ੍ਹਾਂ ਸਮਝਦਾ ਹੋਵੇ ਫੇਰ ਇਹ ਵੀ ਦੇਖੋ ਤੁਸੀਂ ਕਿਸ ਕਾਰਣ ਕਰਕੇ ਵਰਤ ਰੱਖਣਾ ਚਾਹ ਰਹੇ ਹੋ।

ਇਥੇ ਮੈਂ ਇਹ ਦੱਸ ਦੇਣਾ ਅਵੱਸ਼ਕ ਸਮਝਦਾ ਹਾਂ ਜਿਹੜੇ ਆਪਣਾ ਭਾਰ ਘੱਟ ਕਰਨ ਲਈ ਵਰਤ ਰੱਖਦੇ ਹਨ ਉਨ੍ਹਾਂ ਨੂੰ ਕੋਈ ਬਹੁਤਾ ਲਾਭ ਨਹੀਂ ਹੁੰਦਾ। ਬਹੁਤਾ ਖਾਣ ਤੋਂ ਆਪਣੇ ਆਪ ਨੂੰ ਰੋਕਣਾ ਕੰਟਰੋਲ ਕਰਨਾ ਜ਼ਰੂਰੀ ਹੈ ਇਹ ਉਦੋਂ ਹੋ ਸਕਦਾ ਹੈ ਜਦੋਂ ਤੁਸੀਂ ਕੇਵਲ ਉਹੋ ਕੁਛ ਹੀ ਖਾਓ ਜਿਹੜਾ ਤੁਹਾਡੇ ਸਰੀਰ ਲਈ ਠੀਕ ਹੈ, ਜ਼ਰੂਰੀ ਹੈ ਜਿਸ ਦੀ ਸਰੀਰ ਨੂੰ ਲੋੜ ਹੈ, ਜੋ ਖਾਓ ਉਸਨੂੰ ਚੰਗੀ ਤਰ੍ਹਾਂ ਚਬਾ ਕੇ ਖਾਓ, Dieting ਤੋਂ ਭਾਵੇ ਵਰਤ ਰੱਖਣ ਨਹੀਂ ਹੁੰਦਾ। ਵੱਧ ਤੋਂ ਵੱਧ ਤੁਸੀਂ ਮਹੀਨੇ ਵਿਚ ਇਕ ਵਾਰੀ ਵਰਤ ਰੱਖੋ। ਮਹੀਨੇ ਵਿਚ ਇਕ ਵਾਰੀ ਨਾ ਖਾਣ ਨਾਲ ਕੁਝ ਨਹੀਂ ਹੋਣ ਲੱਗਾ, ਕੋਈ ਫਰਕ ਨਹੀਂ ਪੈਣ ਲੱਗਾ। ਹਾਂ ਜਦੋਂ ਵੀ ਮੌਸਮ ਬਦਲੇ ਤਿੰਨ ਦਿਨ ਵਰਤ ਰੱਖਣਾ ਚੰਗਾ ਹੈ ਹਰ ਤਿੰਨ ਮਹੀਨੇ ਬਾਅਦ ਮੌਸਮ ਬਦਲਦਾ ਹੈ ਸੋ ਤਿੰਨ ਮਹੀਨੇ ਬਾਅਦ ਤਿੰਨ ਦਿਨ ਵਰਤ ਰੱਖਣਾ ਜ਼ਰੂਰੀ ਹੈ, ਜਦੋਂ ਮੌਸਮ ਬਦਲਦਾ ਹੈ ਬਹੁਤ ਸਾਰੀਆਂ ਬਿਮਾਰੀਆਂ ਲਗ ਸਕਦੀਆਂ ਹਨ। ਵਰਤ ਰੱਖਣ ਨਾਲ ਇਨ੍ਹਾਂ ਬਿਮਾਰੀਆਂ ਦੇ ਲਗਣ ਦੀ ਸੰਭਾਵਨਾ ਘਟ ਜਾਂਦੀ ਹੈ।

ਕਈ ਹੋਰ ਕਿਰਿਆਵਾਂ ਕਈ ਹੋਰ ਤਰੀਕੇ ਜਿਹੜੇ ਅੰਤਰ ਸਰੀਰ ਨੂੰ ਸਾਫ ਕਰ ਸਕਦੇ ਹਨ ਉਹ ਪੁਰਾਤਨ ਖਰੜਿਆਂ ਵਿਚ ਦਿਤੇ ਗਏ ਹਨ। ਬਹੁਤ ਸਾਰੇ ਜਿਵੇਂ ਕਿ 'ਧੋਤੀ' ਆਦਿ ਬਹੁਤ ਸਰਲ ਮਹਿਸੂਸ ਹੁੰਦੇ ਹਨ, ਪਰ ਜਿਹੜੇ ਇਨ੍ਹਾਂ ਦਾ ਅਭਿਆਸ ਕਰਦੇ ਹਨ, ਜਿਹੜੇ ਚੰਗਾ ਸੁਥਰਾ ਬੁਢਾਪਾ ਜੀਉਣਾ ਚਾਹੁੰਦੇ ਹਨ, ਉਹ ਮਹਿਸੂਸ ਕਰਦੇ ਹਨ ਕਿ ਇਹ ਅਭਿਆਸ ਅਤਿ ਲਾਭਦਾਇਕ ਹਨ। ਉਨ੍ਹਾਂ ਲਈ ਅਨੁਭਵੀ ਅਧਿਆਪਕ ਦਸਦੇ ਹਨ ਲਗਾਤਾਰ ਯੋਗ ਕਰਨਾ ਫੇਰ ਇਹ ਅੰਦਰ ਸਫਾਈ ਦੇ ਪ੍ਰਯੋਗ, ਹਰ ਤਿੰਨ ਮਹੀਨੇ ਤੋਂ ਬਾਅਦ ਪੂਰਾ ਵਰਤ ਰੱਖ ਕੇ ਕਰਨੇ ਕਿੰਨੇ ਲਾਭਕਾਰੀ ਹਨ।

**************

# 'ਆਤਮ ਮਾਰਗ'

***ਮੇਜਰ ਸੋਹਨ ਸਿੰਘ***
***ਧੁਲੀਆ (ਮਹਾਂਰਾਸ਼ਟਰ)***

ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਮਾਸਿਕ ਪੱਤਰ 'ਆਤਮ ਮਾਰਗ' ਖਾਲਸਾ ਜਨਮ ਦਿਵਸ ਦੇ ਦਿਹਾੜੇ ਤੇ ਵੈਸਾਖੀ 1995 ਨੂੰ ਆਰੰਭ ਕੀਤਾ। ਮੇਰੀ ਬਚਪਨ ਤੋਂ ਹੀ ਧਾਰਮਿਕ ਰੁਚੀ ਰਹੀ ਹੈ ਅਤੇ ਧਾਰਮਿਕ ਪੁਸਤਕਾਂ ਰਸਾਲੇ ਪੜ੍ਹਦਾ ਰਿਹਾ ਹਾਂ ਪਰ ਆਤਮ-ਮਾਰਗ ਪੜ੍ਹਦਿਆਂ ਹੀ ਦਿਲ ਵਿਚ ਇਕ ਅਜੀਬ ਜਿਹੀ ਭਾਵਨਾ ਹੋਈ ਕਿ ਇਸ ਮਹਾਂਪੁਰਖ ਦੇ ਦਰਸ਼ਨ ਕੀਤੇ ਜਾਣ। 24 ਅਕਤੂਬਰ 1998 ਵਾਲੇ ਅਮੋਲਕ ਦਿਨ ਤੇ ਬਾਬਾ ਜੀ ਅਤੇ ਬੀਜੀ ਦੇ ਦਰਸ਼ਨਾਂ ਦਾ ਮੈਨੂੰ ਅਤੇ ਮੇਰੀ ਸਪੁੱਤਰੀ ਨੂੰ ਸੁਭਾਗ ਪ੍ਰਾਪਤ ਹੋਇਆ। ਬਾਬਾ ਜੀ ਦੀ (ਮੋਹਾਲੀ) ਕੋਠੀ ਦੇ ਦਰਸ਼ਨ ਕਰਨ ਦੇ ਕਮਰੇ ਵਿਚ ਸਾਨੂੰ ਦੋਵਾਂ ਨੂੰ ਬੈਠਾ ਕੇ ਸ੍ਰੀ ਮਾਨ ਜੀ, ਬਾਬਾ ਜੀ ਨੂੰ ਬੇਨਤੀ ਕਰਨ ਲਈ ਅੰਦਰ ਚਲਾ ਗਿਆ। ਉਸ ਦਿਨ ਸਿਹਤ ਠੀਕ ਨਾ ਹੋਣ ਕਰਕੇ ਬਾਬਾ ਜੀ ਦੇ ਦਰਸ਼ਨਾਂ ਦੀ ਬਾਕੀ ਸੰਗਤ ਨੂੰ ਮਨਾਹੀ ਸੀ। ਪੰਜ ਮਿੰਟਾਂ ਵਿਚ ਬਾਬਾ ਜੀ ਆ ਗਏ ਅਤੇ ਪਿੱਛੇ ਬੀਜੀ ਵੀ ਆ ਗਏ। ਦੋਨੋਂ ਕੁਰਸੀਆਂ ਤੇ ਬਿਰਾਜਮਾਨ ਹੋ ਗਏ। ਬਾਬਾ ਜੀ ਨੂੰ ਦੇਖਦੇ ਹੀ ਅੰਦਰ ਪ੍ਰਕਾਸ਼ ਜਿਹਾ ਹੋਇਆ ਅਤੇ ਸੁਤੇ ਸਿੱਧ ਹੀ ਮੇਰੇ ਮੁਖ ਤੋਂ ਇਹ ਬੋਲ ਨਿਕਲੇ, "ਬਾਬਾ ਜੀ! ਸ੍ਰੀ ਮਾਨ ਜੀ ਦੀ ਬੜੀ ਕ੍ਰਿਪਾ ਹੋਈ ਹੈ ਕਿ ਸਾਨੂੰ ਰਤਵਾੜਾ ਸਾਹਿਬ ਡੇਰੇ ਤੋਂ ਆਪ ਜੀ ਦੇ ਦਰਸ਼ਨਾਂ ਵਾਸਤੇ ਲੈ ਕੇ ਆਇਆ ਹੈ। ਆਪ ਜੀ ਦੀ ਮਹਾਨ ਕ੍ਰਿਪਾ ਕਿ ਆਪ ਸਿਹਤ ਨਾ ਠੀਕ ਹੋਣ ਤੇ ਵੀ ਦਾਸਾਂ ਨੂੰ ਦਰਸ਼ਨ ਦੇ ਰਹੇ ਹੋ। ਅਸੀਂ ਧੁਲੀਆ (ਮਹਾਂਰਾਸ਼ਟਰਾ) ਤੋਂ ਆਏ ਹਾਂ।"

ਬਾਬਾ ਜੀ ਥੋੜ੍ਹੀ ਦੇਰ ਚੁੱਪ ਰਹਿ ਕੇ ਬੋਲੇ -

***ਜੈਸੀ ਮਤਿ ਦੇਇ ਤੈਸਾ ਪਰਗਾਸ ॥***
***ਪਾਰਬ੍ਰਹਮੁ ਕਰਤਾ ਅਬਿਨਾਸ ॥ ਅੰਗ - ੨੭੫***

ਨਾ ਤੁਸੀਂ ਆਪ ਆਏ ਹੋ, ਨਾ ਸ੍ਰੀ ਮਾਨ ਲਿਆਉਣ ਵਾਲਾ ਹੈ ਅਤੇ ਨਾ ਹੀ ਮੈਂ ਕੋਈ ਦਰਸ਼ਨ ਦੇਣ ਵਾਲਾ ਹਾਂ। ਜੇ ਸ੍ਰੀ ਮਾਨ ਨਾ ਆਉਂਦਾ ਜਾਂ ਮੈਂ ਹੀ ਇਥੇ ਨਾ ਹੁੰਦਾ ਜਾਂ ਤੁਹਾਡੇ ਮਨ ਵਿਚ ਸ਼ਰਧਾ ਹੀ ਨਾ ਉਠਦੀ ਤਾਂ ਕੀਹਨੇ ਦਰਸ਼ਨ ਕਰਨੇ ਸੀ ਤੇ ਕੀਹਨੇ ਦੇਣੇ ਸੀ। ਬੱਸ, ਬਾਬਾ ਜੀ ਨੇ ਅੱਗੇ ਪ੍ਰਵਚਨ ਸ਼ੁਰੂ ਕਰ ਦਿੱਤੇ ਅਤੇ ਮੇਰੀਆਂ ਅੱਖਾਂ ਵਿਚ ਵੇਖਦੇ ਹੀ ਮੈਂ ਅੰਤਰਮੁਖੀ ਹੋ ਗਿਆ। ਮੈਨੂੰ ਏਵੇਂ ਲੱਗਾ ਕਿ ਜਿਵੇਂ ਬਾਬਾ ਜੀ ਮੇਰੇ ਦਿਲ ਦੀਆਂ ਗੱਲਾਂ ਬੁੱਝ ਗਏ ਹਨ ਅਤੇ ਮੇਰੇ ਅੰਦਰ ਦੇ ਸੰਸਕਾਰ ਵੇਖ ਕੇ ਪ੍ਰਵਚਨ ਕਰੀ ਜਾ ਰਹੇ ਹਨ। ਮੇਰੀਆਂ ਅੱਖਾਂ ਵਿਚੋਂ ਖੁਸ਼ੀ ਅਤੇ ਵੈਰਾਗ ਦੇ ਅੱਥਰੂ ਆਉਣ ਲਗ ਗਏ। ਕੋਈ ਚਾਲੀਸ ਮਿੰਟ ਬਾਅਦ, ਬੀਜੀ ਨੇ ਬਾਬਾ ਜੀ ਨੂੰ ਕਿਹਾ, ਹੁਣ ਬੱਸ ਕਰੋ, ਰਾਤ ਸਾਰੀ ਦੰਦਾਂ ਦੀ ਪੀੜ ਨਾਲ ਤੜਫਦੇ ਰਹੇ ਹੋ।" ਬਾਬਾ ਜੀ ਨੇ ਉਤਰ ਦਿਤਾ, ਇਹ ਦੂਰ ਤੋਂ ਆਏ ਹਨ। 20 ਮਿੰਟ ਹੋਰ ਬਾਬਾ ਜੀ ਨੇ ਮਨੁੱਖ ਦੇ ਅੰਦਰ ਦੀਆਂ ਖੇਡਾਂ ਬਾਰੇ ਗੱਲਾਂ ਕੀਤੀਆਂ ਜੋ ਮੈਨੂੰ ਉਸ ਵੇਲੇ ਤਾਂ ਸਮਝ ਵਿਚ ਨਹੀਂ ਆਈਆਂ ਪਰ ਸਮਾਂ ਬੀਤਦੇ ਨਾਲ ਸਾਫ ਹੁੰਦੀਆਂ ਗਈਆਂ। ਬਾਬਾ ਜੀ ਨੇ ਉਠਣ ਲੱਗੇ ਸਾਨੂੰ ਕਿਹਾ ਕਿ ਉਹ ਚਾਹ ਤਿਆਰ ਹੈ, ਛੱਕ ਕੇ ਜਾਣਾ ਅਤੇ ਆਪ ਬੀਜੀ ਨਾਲ ਕੋਠੀ ਵਿਚ ਚਲੇ ਗਏ।

ਸ੍ਰੀ ਮਾਨ ਜੀ ਨਾਲ ਅਸੀਂ ਡੇਰੇ ਆਏ, ਬਾਬਾ ਜੀ ਦੀਆਂ ਸਾਰੀਆਂ ਲਿਖੀਆਂ ਹੋਈਆਂ ਪੁਸਤਕਾਂ ਦਾ ਬੰਡਲ ਅਤੇ ਇਕ ਸ਼ਹਿਦ ਦੀ ਬੋਤਲ ਸ੍ਰੀਮਾਨ ਜੀ ਨੇ ਸਾਨੂੰ ਦਿਤੀ। ਅਸੀਂ ਅੰਮ੍ਰਿਤਸਰ ਪਹੁੰਚ ਗਏ। ਅਕਾਲ ਤਖਤ ਸਾਹਿਬ ਤੋਂ ਅੰਮ੍ਰਿਤ ਪਾਨ ਕੀਤਾ ਅਤੇ ਆਪਣੇ ਜੱਦੀ ਪਿੰਡ ਨੂੰ ਚਲੇ ਗਏ। 20 ਦਿਨ ਬਾਅਦ, ਧੁਲੀਆ ਵਾਪਸ ਆਏ ਤਾਂ ਬਾਬਾ ਜੀ ਦੇ ਬੰਬਈ ਵਿਖੇ ਤਿੰਨ ਦਿਨ ਦੇ ਸਤਿਸੰਗ ਬਾਰੇ ਸੂਚਨਾ ਮਿਲੀ। 2-3 ਦਿਨ ਪਹਿਲਾਂ ਹੀ ਬੰਬੇ ਪਹੁੰਚ ਗਏ ਅਤੇ ਆਪਣੇ ਸਬੰਧੀਆਂ ਸਮੇਤ ਬਾਬਾ ਜੀ ਦੇ ਕੀਰਤਨ ਦਾ ਤਿੰਨ ਦਿਨ ਵਾਸਤੇ ਖੂਬ ਅਨੰਦ ਮਾਣਿਆ।

ਜੂਨ 1999 ਵਿਚ ਅਸੀਂ ਅਮਰੀਕਾ ਗਏ। ਆਤਮ-ਮਾਰਗ ਬਾਰੇ ਪੁਛਿਆ ਬਾਬਾ ਸਤਨਾਮ ਸਿੰਘ ਅਟਵਾਲ ਜੀ ਦਾ ਪਤਾ ਲੱਗਿਆ ਅਤੇ ਸਤੰਬਰ ਵਿਚ, ਉਸ ਦੇ ਘਰ ਗਏ। ਮਿਲ ਕੇ ਮਨ ਬਹੁਤ ਪ੍ਰਸੰਨ ਹੋਇਆ ਅਤੇ ਹਰ ਹਫਤੇ, ਬਾਬਾ ਸਤਨਾਮ ਸਿੰਘ ਅਟਵਾਲ ਦੇ ਗ੍ਰਹਿ ਵਿਖੇ ਸਤਿਸੰਗ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਬਾਬਾ ਜੀ ਦੀ ਅਮਰੀਕਾ ਫੇਰ ਨਵੰਬਰ ਮਹੀਨੇ ਵਿਚ, ਫਿਰ ਸਾਰੇ ਸਤਿਸੰਗਾਂ ਦਾ ਰਸ ਮਾਣਿਆ। ਸੰਤ ਬਾਬਾ ਸਤਨਾਮ ਸਿੰਘ ਅਟਵਾਲ ਜੀ ਦੇ ਰਾਹੀਂ ਸੰਤ ਬਾਬਾ ਹਰਪਾਲ ਸਿੰਘ ਜੀ ਨਾਲ ਨੇੜ ਹੋ ਗਿਆ। ਬਾਬਾ ਜੀ ਫਿਰ ਮਾਰਚ-ਅਪ੍ਰੈਲ 2000 ਵਿਚ ਅਮਰੀਕਾ ਗਏ ਤਾਂ 10-12 ਦਿਨ ਫਿਰ ਸਤਿਸੰਗ ਦਾ ਅਨੰਦ ਮਾਣਿਆ। ਅਮਰੀਕਾ ਵਿਚ ਗੁਰਦੁਆਰੇ ਸਾਹਿਬ ਹਰ ਸ਼ਨੀ-ਐਤਵਾਰ ਨੂੰ ਯੋਗਾ ਕਲਾਸਾਂ ਦੀ ਸੇਵਾ ਦਾ ਮੌਕਾ ਮਿਲਿਆ। ਯੋਗਾ ਦਾ ਅੰਤਰ-ਰਾਸ਼ਟਰੀ ਸ਼ਿਕਸ਼ਕ (ਹਿਰਦੇ ਰੋਗ) ਦਾ ਪ੍ਰਸ਼ਿਕਸ਼ਨ ਵੀ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਕੈਸਟਾਂ ਤਿਆਰ ਕੀਤੀਆਂ ਅਤੇ ਬਾਬਾ ਜੀ ਦੇ ਭਾਰਤ ਆਉਣ ਲੱਗਿਆਂ ਨੂੰ ਭੇਟਾ ਕੀਤੀਆਂ।

ਬਾਬਾ ਜੀ ਚਾਹੁੰਦੇ ਸਨ ਕਿ ਸਾਰੇ ਹੀ ਜੀਵ ਦੁਖੀ ਹਨ, ਰੋਗੀ ਹਨ ਅਤੇ ਉਨ੍ਹਾਂ ਦੇ ਮਨ ਵਿਚ ਅਤਿਅੰਤ ਦਇਆ ਸੀ

ਕਿ ਰੋਗੀ ਦੁਖੀ ਲੋਗ ਦੁੱਖਾਂ ਤੋਂ ਛੁਟਕਾਰਾ ਪਾਉਣ। ਦਾਸ ਨੂੰ ਉਨ੍ਹਾਂ ਦੀ ਬਖਸ਼ਿਸ਼ ਸੀ ਕਿ ਯੋਗਾ ਅਭਿਆਸ ਕਰਨ ਵਾਲੇ ਵੀਰਾਂ-ਭੈਣਾਂ ਦੇ ਕਈ ਪ੍ਰਕਾਲ ਦੇ ਪੁਰਾਣੇ ਰੋਗ ਦੂਰ ਹੋਏ। ਕੁਝ bio-chemic ਦਵਾਈਆਂ ਵੀ ਦਿੰਦਾ ਸਾਂ ਅਤੇ ਇਹ ਚਮਤਕਾਰ ਦੇਖ ਕੇ ਮੈਂ ਬੜਾ ਹੈਰਾਨ ਹੁੰਦਾ ਸਾਂ ਕਿ ਮੇਰੇ ਗਰੀਬ ਜਿਹੇ ਮਨੁੱਖ ਰਾਹੀਂ ਕਿਵੇਂ ਲੋਕਾਂ ਦਾ ਭਲਾ ਹੋ ਰਿਹਾ ਹੈ। ਮਨ ਬੜਾ ਖੁਸ਼ ਹੁੰਦਾ ਸੀ ਅਤੇ ਸ਼ੁਕਰ ਨਾਲ ਬਾਬਾ ਜੀ ਦੇ ਚਰਨਾਂ ਵਿਚ ਧਿਆਨ ਲਗਣ ਲਗ ਗਿਆ।

ਮੈਂ ਆਪ ਣੇ ਅਨੁਭਵ ਤੋਂ ਲਿਖ ਰਿਹਾ ਹਾਂ ਕਿ ਕੁਝ ਮੇਰੇ ਨਾਲ ਐਸੇ ਚਮਤਕਾਰ ਹੋਏ ਜੋ ਮੈਂ ਸ਼ਬਦਾਂ ਵਿਚ ਵਰਨਣ ਨਹੀਂ ਕਰ ਸਕਦਾ। ਪਰਿਵਾਰ ਦੇ ਲੱਗਭੱਗ ਸਾਰੇ ਜੀਵਾਂ ਨੇ ਬਾਬਾ ਜੀ ਦੀ ਸੰਗਤ ਦਾ ਰਸ ਮਾਣ ਕੇ ਰੋਜ਼ਾਨਾ ਜੀਵਨ ਵਿਚ ਮੋੜ ਲੈ ਆਂਦਾ ਹੈ। ਗੁਰਬਾਣੀ ਦੀ ਤੁਕ ਯਾਦਾ ਆਉਂਦੀ ਹੈ -

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥*

*ਅੰਗ - ੧੬੭*

ਅੱਜ ਲੱਗਭੱਗ ਚਾਰ ਸਾਲ ਹੋ ਗਏ ਹਨ। ਸਿਹਤ ਦੇ ਕਾਰਣ ਰਤਵਾੜਾ ਸਾਹਿਬ ਦੀ ਧਰਤੀ ਨੂੰ ਨਮਸਕਾਰ ਨਹੀਂ ਕਰ ਸਕਿਆ। ਸੰਤ ਬਾਬਾ ਹਰਪਾਲ ਸਿੰਘ ਜੀ ਜਥੇ ਸਮੇਤ ਦੋ ਵਾਰ ਦਾਸ ਨੂੰ ਆਪ ਆ ਕੇ ਦਰਸ਼ਨ ਦੇ ਕੇ ਨਿਹਾਲ ਕੀਤਾ ਹੈ। ਹੋਰ ਕੀ ਲਿਖਾਂ, ਇਹ ਤਾਂ ਕੋਈ ਚਮਤਕਾਰ ਹੀ ਹੈ ਜਿਹੜੇ ਬਾਬਾ ਜੀ ਦੇ ਸਾਰੇ ਹੀ ਪ੍ਰੇਮੀ ਅਨੁਭਵ ਕਰ ਰਹੇ ਹੋਣਗੇ।

ਸੰਤ ਬਾਬਾ ਨਿਰੰਜਨ ਸਿੰਘ ਜੀ ਉਚੀ ਮੰਗਲੀ (ਲੁਧਿਆਣਾ) ਵਾਲਿਆਂ ਨਾਲ ਬਾਬਾ ਜੀ ਦੇ ਸਚਖੰਡ ਵਾਸੀ ਹੋਣ ਤੋਂ ਬਾਅਦ ਮਿਲਾਪ ਹੋਇਆ। ਇਹ ਵੀ ਇਕ ਕੌਤਕ ਹੀ ਹੈ ਕਿ ਬਾਬਾ ਜੀ ਨੇ ਦਾਸ ਤੇ ਕ੍ਰਿਪਾ ਕਰਕੇ ਸਰਗੁਣ ਸਰੂਪ ਵਿਚ ਦਾਸ ਅਤੇ ਪਰਿਵਾਰ ਦੇ ਮਨ ਦੀ ਤਸੱਲੀ ਕਰਵਾਈ। ਹਰ ਛੇ ਮਹੀਨੇ ਬਾਅਦ ਬਿਨਾਂ ਦੱਸੇ ਦਾਸਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਸਾਡਾ ਜੀਵਨ ਸਫਲਾ ਕਰਦੇ ਹਨ। ਰਾਤ ਦਿਨ ਬਾਬਾ ਜੀ ਦੀ ਯਾਦ ਅਤੇ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਦੇ ਅਨੁਭਵੀ ਪ੍ਰਵਚਨਾਂ ਬਾਰੇ ਦਾਸਾਂ ਨੂੰ ਪਿਆਰ ਬਖਸ਼ਦੇ ਹਨ। ਹਰ ਵੇਲੇ ਏਕਾਂਤ ਚਾਹੁੰਦੇ ਹਨ ਅਤੇ ਸਮਾਧੀ ਸਥਿਤ ਰਹਿੰਦੇ ਹਨ। ਬਚਨ ਮੁੱਖ ਤੋਂ ਕੱਢਦੇ ਹਨ ਤਾਂ ਪੂਰੇ ਹੁੰਦੇ ਵੇਖ ਰਿਹਾ ਹਾਂ। ਅਲੋਪ ਹੀ ਰਹਿਣਾ ਚਾਹੁੰਦੇ ਹਨ। ਉਨ੍ਹਾਂ ਦੇ ਰਾਹੀਂ ਬਾਬਾ ਜੀ ਨੇ ਕਈ ਵੇਰ ਦਾਸ ਨੂੰ ਪ੍ਰਤੱਖ ਦਰਸ਼ਨ ਦਿਤੇ ਹਨ, ਗੱਲਾਂ ਵੀ ਕੀਤੀਆਂ ਹਨ।

ਸੱਚ ਹੀ ਮੇਰੀ ਪਹਿਲੀ ਭੇਟ ਸਮੇਂ ਜਦੋਂ ਰਤਵਾੜਾ ਸਾਹਿਬ ਦੇ ਦਰਸ਼ਨ ਕੀਤੇ ਸਾਧਨਾ, ਗਹਿਰੀ ਸਮਾਧੀ ਅਭਿਆਸ ਵਾਸਤੇ ਕੁਟੀਆ ਬਣੇ ਵੇਖੇ ਤਾਂ ਪਤਾ ਲੱਗਾ ਕਿ ਬਾਕੀ ਡੇਰਿਆਂ, ਗੁਰਦੁਆਰਿਆਂ ਵਿਚ ਤਾਂ ਕੇਵਲ ਕਥਾ, ਕੀਰਤਨ ਅਤੇ ਉਪਦੇਸ਼ ਹੀ ਮਿਲਦੇ ਹਨ। ਗੁਰਬਾਣੀ ਦੇ ਅਸਲੀ ਆਸ਼ੇ ਨੂੰ ਮੁੱਖ ਰੱਖ ਕੇ, ਇਸ ਡੇਰੇ ਵਿਚ ਤਾਂ ਸਿਮਰਨ ਦੁਆਰਾ ਸੁੰਨ ਸਮਾਧ ਦਾ ਵੀ ਅਭਿਆਸ ਹੁੰਦਾ ਹੈ। ਸਵੇਰੇ, ਅੰਮ੍ਰਿਤ ਵੇਲੇ ਮੈਂ ਦੱਬੀ-ਦਾਬੀ ਪੈਰੀਂ ਜਾ ਕੇ ਪ੍ਰੇਮੀਆਂ ਦੇ ਸੁੰਨ ਸਮਾਧ ਲੱਗੀ ਹੋਈ ਵਿਚ ਦਰਸ਼ਨ ਵੀ ਕੀਤੇ। ਬਸ, ਹੁਣ ਤਾਂ ਕੋਈ ਸ਼ੱਕ ਹੀ ਨਹੀਂ ਰਿਹਾ।

*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪*

ਇਹ ਸਭ ਕੁਝ ਆਤਮ-ਮਾਰਗ ਮਾਸਿਕ ਪੱਤਰ ਦੀ ਹੀ ਬਖਸ਼ਿਸ਼ ਹੋਈ ਹੈ। ਤਿੰਨ ਪ੍ਰਕਾਰ ਦੇ ਰੋਗੀ ਹੁੰਦੇ ਹਨ ਪਹਿਲੇ ਤਾਂ ਉਹ ਜਿਹੜੇ ਛੋਟੇ ਡਾਕਟਰ ਪਾਸ pain killer ਦੀ ਗੋਲੀ ਖਾ ਕੇ ਥੋੜ੍ਹੀ ਦੇਰ ਲਈ ਆਪਣਾ ਰੋਗ ਦੂਰ ਕਰ ਲੈਂਦੇ ਹਨ। ਦੂਸਰੇ, ਚੰਗੇ ਡਾਕਟਰ ਪਾਸੋਂ ਦਵਾਈ ਲੈਂਦੇ ਹਨ ਪਰ ਦੱਸੇ ਹੋਏ ਤਰੀਕੇ ਨਾਲ ਦਵਾਈ ਨੂੰ ਖਾਣ ਕਰਕੇ ਰੋਗ ਕੁਝ ਸਮਾਂ ਪਾ ਕੇ ਫਿਰ ਬਾਹਰ ਆ ਜਾਂਦਾ ਹੈ। ਤੀਸਰੀ ਪ੍ਰਕਾਰ ਦੇ ਰੋਗੀ ਚੰਗੇ ਡਾਕਟਰ ਜੋ ਰੋਗ ਨੂੰ ਜੜ੍ਹਾਂ ਤੋਂ ਕੱਢਣਾ ਜਾਣਦਾ ਹੋਵੇ, ਦਵਾਈ ਲੈਂਦੇ ਹਨ। ਪਰਹੇਜ਼ ਡਾਕਟਰ ਦੇ ਸਮਝਾਏ ਅਨੁਸਾਰ ਕਰਦੇ ਹਨ। ਪਹਿਲਾ ਰੋਗ ਤਾਂ ਦੂਰ ਹੁੰਦਾ ਹੀ ਹੈ, ਨਵੇਂ ਰੋਗ ਵੀ ਜਨਮ ਨਹੀਂ ਲੈਂਦੇ। ਇਸੇ ਤਰ੍ਹਾਂ ਤਿੰਨ ਪ੍ਰਕਾਰ ਦੇ ਪਿਆਸੇ ਲੋਗ ਹੁੰਦੇ ਹਨ। ਪਹਿਲੇ ਤਾਂ ਕਿਸੇ ਨਦੀ ਤੋਂ ਪਾਣੀ ਪੀ ਕੇ ਪਿਆਸ ਬੁਝਾ ਲੈਂਦੇ ਹਨ, ਆਪ ਕੋਈ ਉਪਰਾਲਾ ਨਹੀਂ ਕਰਦੇ। ਦੂਸਰੇ ਉਪਰਾਲਾ ਕਰਕੇ ਨਲਕਾ ਲਵਾ ਲੈਂਦੇ ਹਨ ਅਤੇ ਸ਼ੁੱਧ ਪਾਣੀ ਪੀਂਦੇ ਹਨ। ਤੀਸਰੇ ਪ੍ਰਕਾਰਦੇ ਲੋਕ ਮਿਹਨਤੀ, ਉਦਮਸ਼ੀਲ ਹੁੰਦੇ ਹਨ ਫਿਲਟਰ ਖਰੀਦ ਲੈਂਦੇ ਹਨ। ਆਪ ਸਾਰਾ ਪਰਿਵਾਰ ਅਤੇ ਹੋਰ ਘਰ ਆਉਣ ਜਾਣ ਵਾਲਿਆਂ ਨੂੰ ਵੀ ਸ਼ੁੱਧ ਸਾਫ ਜਲ ਮਿਲਦਾ ਹੈ।

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥ ਅੰਗ - ੧੨੪੫*

ਜੋ ਆਪ ਕੋਈ ਕਿਰਤ ਨਹੀਂ ਕਰਦਾ, ਉਸ ਨੇ ਲੋੜਵੰਦਾਂ ਲਈ ਪੁੰਨ ਦਾਨ ਕਿੱਥੋਂ ਕਰਨਾ ਹੈ। ਇੰਨਾਂ ਕਹਿਣਾ ਤਾਂ ਜਾਣਦਾ ਹੈ ਕਿ ਮੇਰੀ ਕਿਸਮਤ। ਇਸੇ ਤਰ੍ਹਾਂ ਹੀ ਆਤਮ ਮਾਰਗ ਮਾਸਿਕ ਪੱਤਰ ਮੰਗਣ ਵਾਲੇ ਹਨ। ਪਹਿਲੇ ਤਾਂ ਸਾਲ ਵਾਸਤੇ ਮੰਗਵਾ ਕੇ ਦੇਖਣਾ ਚਾਹੁੰਦੇ ਹਨ ਕਿ ਬਾਬਾ ਜੀ ਦੇ ਬਚਨ ਪੂਰੇ ਹੁੰਦੇ ਹਨ ਕਿ ਨਹੀਂ? ਘਰ ਵਿਚ ਸੁੱਖ-ਸ਼ਾਂਤੀ ਖੁਸ਼ਹਾਲੀ ਆਉਂਦੀ ਹੈ? ਕਲਾ-ਕਲੇਸ਼ਾਂ ਤੋਂ ਛੁਟਕਾਰਾ ਵੀ ਮਿਲਦਾ ਹੈ? ਪਰ 'ਆਤਮ ਮਾਰਗ' ਪੜ੍ਹਦੇ ਨਹੀਂ ਕੇਵਲ ਪਵਿੱਤਰ ਸਥਾਨ ਤੇ ਰੱਖ ਕੇ ਪੂਜਾ ਕਰ ਛੱਡਦੇ ਹਨ। ਇਹ ਸੋਚਕੇ ਅਗਲੇ ਸਾਲ ਬੰਦ ਕਰ ਦਿੰਦੇ ਹਨ ਕਿ ਸੁਖ-ਸ਼ਾਂਤੀ ਖੁਸ਼ਹਾਲੀ ਤਾਂ ਉਂਜ ਵੀ ਆਉਣੀ ਹੀ ਸੀ। ਫਿਰ 2-3 ਸਾਲ

ਬਾਅਦ ਜਦ ਦੁਖ ਕਲੇਸ਼ ਜਾਗ ਪੈਂਦੇ ਹਨ ਤਾਂ ਲਾਈਫ ਮੈਂਬਰ ਬਣ ਜਾਂਦੇ ਹਨ। ਬਾਬਾ ਜੀ ਦੇ ਬਚਨ ਫਿਰ ਵੀ ਪੂਰੇ ਹੁੰਦੇ ਹਨ ਭਾਵੇਂ ਉਹ ਅਜੇ ਵੀ ਆਤਮ ਮਾਰਗ ਨੂੰ ਪੜ੍ਹਦੇ ਨਹੀਂ ਹਨ। 'ਸਾਧ ਬਚਨ ਅਟਲਾਧਾ' ਦੂਜੀ ਪ੍ਰਕਾਰ ਦੇ ਲੋਕ ਮਹੀਨੇ ਵਿਚ ਸਾਰਾ ਰਸਾਲਾ ਪੜ੍ਹਦੇ ਹਨ। ਅਨੰਦ ਲੈਂਦੇ ਹਨ। ਤੀਜੀ ਪ੍ਰਕਾਰ ਵਾਲੇ ਤਾਂ ਮੁੜ-ਮੁੜ ਪੜ੍ਹਦੇ ਹਨ, ਜੀਵਨ ਵਿਚ ਨਵੀਆਂ ਜ਼ਰੂਰੀ ਗੱਲਾਂ ਧਾਰਨ ਕਰਦੇ ਹਨ। ਲਾਈਫ ਮੈਂਬਰ ਬਣ ਜਾਂਦੇ ਹਨ ਅਤੇ ਲੋੜਵੰਦਾਂ ਦੇ ਭਲੇ ਲਈ ਅੱਧਾ ਚੰਦਾ ਦਾਨ ਵਜੋਂ ਦੇ ਕੇ offer ਕਰ ਦਿੰਦੇ ਹਨ। ਕੁਝ ਵੀ ਹੈ, ਹੁਣ ਅਤੇ ਆਉਣ ਵਾਲੇ ਸਮੇਂ ਦੇ ਤਣਾਵਾਂ ਭਰੇ ਜੀਵਨ ਨੂੰ ਮੁੱਖ ਰੱਖ ਕੇ ਮੈਂਬਰ ਵਧਦੇ ਹੀ ਜਾਂਦੇ ਹਨ ਅਤੇ ਅੱਗੇ ਵੀ ਵਧਦੇ ਹੀ ਜਾਣਗੇ। ਇਹ ਕੋਈ ਬਾਬਾ ਜੀ ਦੀ ਪ੍ਰੇਮੀਆਂ ਨੂੰ ਦਇਆ ਮਿਹਰ ਹੈ। ਸਾਨੂੰ ਸਮੇਂ ਦਾ ਲਾਭ ਉਠਾਉਣਾ ਚਾਹੀਦਾ ਹੈ।

***'ਇਹ ਠਹਿਰਨ ਜਾਂਚ ਨਾ ਜਾਣਦਾ***
***ਲੰਘ ਗਿਆ ਨ ਮੁੜ ਕੇ ਆਂਵਦਾ।***
***ਹੋਂ ਅਜੇ ਸੰਭਾਲ ਸਿ ਸਮੇਂ ਨੂੰ,***
***ਕਰ ਸਫਲ ਉਡੰਦਾ ਜਾਂਵਦਾ।***
***(ਡਾ. ਭਾਈ ਵੀਰ ਸਿੰਘ ਜੀ)***

***ਜੋ ਕਿਛੁ ਕਰਹਿ ਸੋਈ ਅਬ ਸਾਰੁ ॥***
***ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ ਅੰਗ - ੧੧੫੯***

ਅਤੇ ਇਹ ਅਸੀਂ ਆਪ ਹੀ ਕਰਨਾ ਹੈ -

***ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥***
***ਅੰਗ - ੪੭੪***

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥ ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥***
***ਅੰਗ - ੧੪੨੮***

ਇਕ ਆਤਮ-ਮਾਰਗ ਹੀ ਐਸਾ ਰਸਾਲਾ ਹੈ ਇਜਸ ਵਿਚ 'ਨਿੰਦਾ ਭਲੀ ਕਿਸੇ ਕੀ ਨਾਹੀ'। ਜੀਵਨ ਮੁਕਤ ਮਹਾਂਪੁਰਸ਼ਾਂ ਦੇ ਅਨੁਭਵੀ ਲੇਖ ਮਿਲਦੇ ਹਨ ਅਤੇ ਗੁਰਬਾਣੀ ਦਾ ਫਲਸਫਾ ਪੂਰਾ ਹੁੰਦਾ ਜਾਪਦਾ ਹੈ। ਅਕਾਲ ਪੁਰਖ ਦੀ ਹਸਤੀ ਵਿਚ ਅਟੱਲ ਵਿਸ਼ਵਾਸ਼ ਜੀਵਨ ਪ੍ਰਤੀ ਆਸ਼ਾਵਾਂ ਦੀ ਨਜ਼ਰੀਆ, ਸਦਾਚਾਰਕ ਕੀਮਤਾਂ ਦੀ ਮਹੱਤਤਾ, ਸਮਾਜਿਕ ਤੇ ਧਾਰਮਿਕ ਪਖੰਡਾ ਦਾ ਬਹਿਸ਼ਕਾਰ, ਨਾਮ ਦੀ ਮਹੱਤਤਾ, ਮਾਇਆ ਦੇ ਪ੍ਰਬਲ ਪ੍ਰਭਾਵ ਤੋਂ ਮੁਕਤੀ ਅਤੇ ਈਸ਼ਵਰ ਦੀ ਸਰਬ-ਵਿਅਕਤਾ, ਦੀ ਸਿੱਖਿਆ ਮਿਲਦੀ ਹੈ।

ਬਾਬਾ ਜੀ ਨੇ ਵਿਦਿਆ ਨੂੰ ਵਿਚਾਰ ਕੇ, ਅਨੁਭਵ ਕਰਕੇ ਜੀਵਨ ਯਾਤਰਾ ਸਫਲ ਕਰਨ ਵਾਸਤੇ ਜ਼ੋਰ ਦਿਤਾ ਹੈ।

***ਵਿਦਿਆ ਵੀਚਾਰੀ ਤਾਂ ਪਰਉਪਕਾਰੀ॥***

ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਛਕਣਾ।

********


«««««««««««
(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
*Monthly Magazine* ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 $ | 300 $ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..............................................................................

ਪਤਾ/Address ..........................................................................

..............................................................................................

..............................................................................................

.................................Pin Code....................................

Phone........................ E-mail :....................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ.........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ...............................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India
Phone : 0160-2255002, 0160-2255009, Email : atammarg1@yahoo.co.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 05, 12, 19, 26 ਅਗਸਤ

**ਸੰਗਰਾਂਦ** – 17 ਅਗਸਤ, ਦਿਨ ਸ਼ੁਕਰਵਾਰ।

**ਪੂਰਨਮਾਸ਼ੀ** – 28 ਅਗਸਤ, ਦਿਨ ਮੰਗਲਵਾਰ।
(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 25 ਅਗਸਤ 2007, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib, P.O. Mullanpur Garibdass
Teh. Kharar, Via : Chandigarh.
Distt. S.A.S Nagar (Mohali) (Pb)-140901
(India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ – ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ – ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ – ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ – ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ – ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਬਿਨ ਗੁਰ ਮੁਕਤਿ ਨ ਹੋਵਈ | 10/- | |
| 34. | ਅਨੰਦਮਈ ਜੀਵਨ ਜਾਚ | 50/- | |
| 35. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 36. | ਅਨੁਭਵੀ ਪ੍ਰਵਚਨ | 50/- | |
| 37. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 38. | ਅੰਦਰਲੀ ਖੋਜ | 130/- | |
| 39. | ਸਿਮਰਤ ਕਹਾਂ ਨਹੀਂ | 135/- | |
| 40. | ਰੂਹਾਨੀ ਪ੍ਰਵਚਨ | 35/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |

ਮਹਾਂਪੁਰਖਾਂ ਦੇ ਬਰਸੀ ਸਮਾਗਮ ਤੱਕ ਰਤਵਾੜਾ ਸਾਹਿਬ ਵਿਖੇ ਸੰਪਨ ਹੋਣ ਜਾਂ ਰਹੀ ਪਵਿੱਤਰ ਸਰੋਵਰ ਕਾਰਸੇਵਾ ਦੇ ਵੱਖ ਵੱਖ ਦ੍ਰਿਸ਼।



Postal Regd. No. CHD/0081/2006
PP/CHD-3/0003
360/2006-08
RNI 61816/95